
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 50
March 25, 2020

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਕੈਲੀਫੋਰਨੀਆ ਦੇ ਗਵਰਨਰ ਵਲੋਂ ਲੋਕਾਂ ਨੂੰ ਘਰਾਂ 'ਚ ਰਹਿਣ ਦਾ ਹੁਕਮ

**ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)–** ਦੁਨੀਆ ਭਰ ਵਿਚ ਕਰੋਨਾ ਵਾਇਰਸ ਦੀਆਂ ਮੌਤਾਂ ਦੀ ਗਿਣਤੀ ਅੱਜ 10,000 ਨੂੰ ਪਾਰ ਕਰ ਗਈ ਹੈ, 240,000 ਤੋਂ ਵੱਧ ਲੋਕ ਇਸ ਬਿਮਾਰੀ ਨਾਲ ਪ੍ਰਭਾਵਿਤ ਹਨ ਅਮਰੀਕਾ ਵਿੱਚ 13,000 ਤੋਂ ਵੱਧ ਪੁਸ਼ਟੀ ਕੀਤੇ ਕੇਸ ਹਨ, ਜਿਨ੍ਹਾਂ ਵਿੱਚ 400 ਤੋਂ ਵੱਧ ਮੌਤਾਂ ਦੀ ਗਿਣਤੀ ਹੋ ਗਈ ਹੈ। ਦੋ ਲਾਸ ਏਂਜਲਸ ਲੇਕਰਸ ਅਤੇ ਤਿੰਨ ਫਿਲਾਡੇਲਫੀਆ ਦੇ ਖਿਡਾਰੀਆਂ ਨੂੰ ਕੋਰੋਨਾ ਵਾਇਰਸ ਦਾ ਟੈਸਟ ਪੋਜਟਿਵ ਪਾਇਆ ਗਿਆ ਹੈ, ਅਤੇ ਐਨਬੀਏ ਵਿਚ ਖਿਡਾਰੀਆਂ ਦੀ ਵੱਧ ਰਹੀ ਕਰੋਨਾਵਾਇਰਸ ਤੋਂ ਪ੍ਰਭ-'ਵਿਤ ਸੂਚੀ ਵਿਚ ਵਾਧਾ ਕੀਤਾ ਹੈ, ਦੂਸਰੇ ਪਾਸੇ ਇਟਲੀ ਵਿਚ ਮਰਨ ਵਾਲਿਆਂ ਦੀ ਗਿਣਤੀ ਚੀਨ ਦੇ ਅੰਕੜੇ ਨੂੰ ਪਾਰ ਕਰ ਗਈ ਹੈ। ਕੈਲੀਫੋਰਨੀਆ ਦੇ ਗਵਰਨਰ ਵਲੋਂ ਲੋਕਾਂ ਨੂੰ ਘਰਾਂ ਚ ਰਹਿਣ ਦਾ ਹੁਕਮ: ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਓਸਮ ਨੇ ਅੱਜ ਰਾਜ ਪੱਧਰੀ ਘੋਸ਼ਣਾ ਕੀਤੀ ਕਿ ਕੈਲੀਫੋਰਨੀਆ ਦੇ ਕਰੋ-ਨਾਵਾਇਰਸ ਮਹਾਂਮਾਰੀ ਦੇ ਕਾਰਨ ਲੋਕਾਂ ਨੂੰ ਘਰਾਂ ਚ ਰਹਿਣ ਦਾ ਹੁਕਮ ਦਿੱਤਾ ਹੈ। ਕੈਲੀਫੋਰਨੀਆ, ਜਿਸ ਅੰਦਰ ਲਗਭਗ 4 ਕਰੋੜ ਲੋਕਾਂ ਦੇ ਘਰ ਹਨ, ਅਜਿਹੇ ਆਦੇਸ਼ ਦੇ ਤਹਿਤ ਅਮਰੀਕਾ ਦਾ ਪਹਿਲਾ ਰਾਜ ਹੋਵੇਗਾ ਜਿਸ ਵਿੱਚ ਗਵਰਨਰ ਵਲੋਂ ਅਜਿਹੇ ਹੁਕਨ ਕੀਤੇ ਗਏ ਹਨ। ਇਹ ਅਦੇਸ਼, ਇੰਨਫੈਕਸ਼ਨ ਦੀ ਦਰ ਨੂੰ ਰੋਕਣ ਦੇ ਉਦੇਸ਼ ਨਾਲ ਅੱਜ ਵੀਰਵਾਰ ਸ਼ਾਮ ਲਾਗੂ ਕਰ ਦਿਤਾ ਗਿਆ। ਕੈਲੀਫੋਰਨੀਆ ਦੇ ਗੈਵਿਨ ਨਿਓਸਮ ਨੇ ਵੀਰਵਾਰ ਨੂੰ ਇਕ ਨਿਊਜ਼ ਕਾਨਫਰੰਸ ਵਿਚ ਕਿਹਾ, "ਸਾਨੂੰ ਪੂਰਾ ਭਰੋਸਾ ਹੈ ਕਿ ਕੈਲੀਫੋਰਨੀਆ ਰਾਜ ਵਿਚ ਲੋਕ ਇਸ ਦਾ ਪਾਲਣ ਕਰਨਗੇ। ਕੈਲੀਫੋਰਨੀਆ ਵਾਸੀਆਂ ਨੂੰ ਕਰਿਆਨੇ ਦੀ ਦੁਕਾਨ 'ਤੇ ਜਾਂ ਫਾਰਮੇਸੀ ਵਿਚ ਜਾਣ ਵਰਗੇ ਕੰਮਾਂ ਲਈ ਆਪਣਾ ਘਰ ਛੱਡਣ ਦੀ ਇਜਾਜ਼ਤ ਹੋਵੇਗੀ। ਜ਼ਰੂਰੀ ਸਮਝੇ ਜਾਂਦੇ ਕਾਰੋਬਾਰਾਂ ਦੇ ਕਰਮਚਾਰੀਆਂ ਨੂੰ ਵੀ ਘਰ ਤੋਂ ਬਾਹਰ ਕੰਮ ਕਰਨ ਦੀ



(ਬਾਕੀ ਸਫਾ 5 'ਤੇ)

## ਪੂਰੇ ਭਾਰਤ ਵਿਚ 21 ਦਿਨਾਂ ਲਈ ਲਾਕਡਾਊਨ- ਮੋਦੀ

**ਨਵੀਂ ਦਿੱਲੀ (ਬਿਊਰੋ)–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤ ਵਿਚ 21 ਦਿਨਾਂ ਦਾ ਲਾਕਡਾਊਨ ਕਰਨ ਦਾ ਐਲਾਨ ਕਰਦਿਆਂ ਕਿਹਾ ਕਿ ਭਾਰਤ ਹੀ ਇਕ ਅਜਿਹਾ ਦੇਸ਼ ਹੈ, ਜਿਸ ਵੱਲ ਸਾਰੀ ਦੁਨੀਆਂ ਆਸ ਭਰੀਆਂ ਨਜ਼ਰਾਂ ਨਾਲ ਦੇਖ ਰਹੀ ਹੈ। ਉਹਨਾਂ ਨੇ ਦੱਸਿਆ ਕਿ ਕੁਝ ਸੇਵਾਵਾਂ ਜਿਵੇਂ ਕਿ ਕੋਰੋਨਾ ਨਾਲ ਜੁੜੀ ਟੈਸਟਿੰਗ ਫੈਸਲਿਟੀਜ਼, ਪਰਸਨਲ ਪ੍ਰੋਟੇਕਟਿਵ ਇਕੂਵਮੈਂਟਜ਼, ਆਈਸੋਲੇਸ਼ਨ ਬੈਂਡ, ਆਈਸੀਯੂ ਬੈਂਡ, ਵੈਂਟੀਲੇਟਰ ਅਤੇ ਹੋਰ ਜ਼ਰੂਰੀ ਸਾਧਨਾਂ ਦੀ ਗਿਣਤੀ ਤੇਜ਼ੀ ਨਾਲ ਵਧਾਈ ਜਾਵੇਗੀ।

ਹੁਣ ਕੋਰੋਨਾ ਦੇ ਮਰੀਜ਼ਾਂ ਦੇ ਇਲਾਜ ਲਈ, ਦੇਸ਼ ਦੇ ਹੈਲਥ ਇੰਫ੍ਰਾਸਟ੍ਰਕਚਰ ਨੂੰ ਹੋਰ ਮਜ਼ਬੂਤ ਬਣਾਉਣ ਲਈ ਕੇਂਦਰ ਸਰਕਾਰ ਨੇ ਅੱਜ 15 ਹਜ਼ਾਰ ਕਰੋੜ ਰੁਪਏ ਦੀ ਤਜਵੀਜ਼ ਲਿਆਂਦੀ ਹੈ। ਤੁਸੀਂ ਉਨ੍ਹਾਂ ਲੋਕਾਂ ਲਈ ਪ੍ਰਾਰਥਨਾ ਕਰੋ ਕਿ ਜੋ ਤੁਹਾਡੀ ਸੁਸਾਇਟੀ, ਤੁਹਾਡੇ ਮੁਹੱਲਿਆਂ, ਤੁਹਾਡੀਆਂ ਸੜਕਾਂ, ਜਨਤਕ ਥਾਵਾਂ ਨੂੰ ਸੈਨੇਟਾਈਜ਼ ਕਰਨ ਦੇ ਕੰਮ 'ਚ ਜੁਟੇ ਹਨ, ਜਿਸ ਨਾਲ ਇਸ ਵਾਇਰਸ ਦਾ ਨਾਮੋ-ਨਿਸ਼ਾਨ ਨਾ ਰਹੇ। ਉਨ੍ਹਾਂ ਡਾਕਟਰਾਂ, ਉਨ੍ਹਾਂ ਨਰਸਾਂ, ਪੈਰਾ-ਮੈਡੀਕਲ ਸਟਾਫ਼, ਪੈਥੋਲਾਜਿਸਟ ਬਾਰੇ, ਸੋਚੋ, ਜੋ ਇਸ ਮਹਾਮਾਰੀ ਤੋਂ ਇਕ-ਇਕ ਜੀਵਨ ਨੂੰ ਬਚਾਉਣ ਲਈ, ਦਿਨ-ਰਾਤ ਹਸਪਤਾਲ 'ਚ ਕੰਮ ਕਰ ਰਹੇ ਹਨ।

ਭਾਰਤ ਅੱਜ ਉਸ ਸਟੇਜ 'ਤੇ ਹੈ ਜਿੱਥੇ ਸਾਡੇ ਅੱਜ ਦੇ ਐਕਸ਼ਨ ਤੈਅ ਕਰਨਗੇ ਕਿ ਇਸ ਵੱਡੀ ਆਫ਼ਤ ਦੇ ਪ੍ਰਭਾਵ ਨੂੰ ਅਸੀਂ ਕਿੰਨਾ ਘੱਟ ਕਰ ਸਕਦੇ ਹਾਂ। ਇਹ ਸਮਾਂ ਸਾਡੇ ਸੰਕਲਪ ਨੂੰ ਵਾਰ-ਵਾਰ ਮਜ਼ਬੂਤ ਕਰਨ ਦਾ ਹੈ। ਨਿਸ਼ਚਿਤ ਤੌਰ 'ਤੇ ਇਸ ਲਾਕਡਾਊਨ ਦੀ ਇਕ ਆਰਥਿਕ ਕੀਮਤ ਦੇਸ਼ ਨੂੰ ਉਠਾਉਣੀ ਪਵੇਗੀ। ਪਰ ਇਕ-ਇਕ ਭਾਰਤੀ ਦੇ ਜੀਵਨ ਨੂੰ ਬਚਾਉਣ ਇਸ ਸਮੇਂ ਮੇਰੀ, ਭਾਰਤ ਸਰਕਾਰ ਦੀ, ਦੇਸ਼ ਦੀ ਹਰ ਰਾਜ ਸਰਕਾਰ ਦੀ, ਹਰ ਸਥਾਨਕ ਸਰਕਾਰਾਂ, ਸਭ ਤੋਂ ਵੱਡੀ ਪਹਿਲ ਹੈ।

ਆਉਣ ਵਾਲੇ 21 ਦਿਨ ਸਾਡੇ ਲਈ ਬਹੁਤ ਮਹੱਤਵਪੂਰਨ ਹਨ। ਸਿਹਤ ਮਾਹਿਰ ਦੀ ਮੰਨੀਏ ਤਾਂ, ਕੋਰੋਨਾ ਵਾਇਰਸ ਦੀ ਇਨਫੈਕਸ਼ਨ ਦੀ ਸਾਇਕਲ ਨੂੰ ਤੋੜਨ ਲਈ ਘੱਟੋ-ਘੱਟ 21 ਦਿਨ ਦਾ ਸਮਾਂ ਬਹੁਤ ਅਹਿਮ ਹੈ। ਇਸ ਲਈ ਮੇਰੀ ਤੁਹਾਨੂੰ ਅਪੀਲ ਹੈ ਕਿ ਤੁਸੀਂ ਇਸ ਸਮੇਂ ਦੇਸ਼ 'ਚ ਜਿੱਥੇ ਵੀ ਹੋ, ਉੱਥੇ ਰਹੋ। ਹੁਣ ਦੇ ਹਾਲਾਤ ਨੂੰ ਦੇਖਦੇ ਹੋਏ, ਦੇਸ਼ 'ਚ ਇਹ



(ਬਾਕੀ ਸਫਾ 11 'ਤੇ)

## ਪੰਜਾਬ ਵਿਚ 94 ਹਜ਼ਾਰ ਤੋਂ ਵੱਧ ਪ੍ਰਵਾਸੀ ਪਹੁੰਚੇ, 30 ਹਜ਼ਾਰ ਇਕਾਂਤਵਾਸ ਵਿਚ ਰੱਖੇ

**ਜਲੰਧਰ (ਬਿਊਰੋ)–** ਕਰੋਨਾ ਵਾਇਰਸ ਦਾ ਪੱਛਮੀ ਮੁਲਕਾਂ ਵਿਚ ਬਹੁਤ ਤੇਜ਼ੀ ਨਾਲ ਵਧਣ ਦੇ ਨਾਲ ਹੀ ਪ੍ਰਵਾਸੀ ਭਾਰਤੀ ਭਾਰਤ ਵੱਲ ਆਉਣੇ ਆਰੰਭ ਹੋ ਗਏ ਹਨ। ਪ੍ਰਾਪਤ ਜਾਣਕਾਰੀ ਮੁਤਾਬਕ ਹੁਣ ਤੱਕ 94 ਹਜ਼ਾਰ ਦੇ ਕਰੀਬ ਪੰਜਾਬੀ ਵਿਦੇਸ਼ਾਂ ਤੋਂ ਪੰਜਾਬ ਆ ਚੁੱਕੇ ਹਨ, ਜਿਹਨਾਂ ਵਿਚੋਂ 30 ਹਜ਼ਾਰ ਤੋਂ ਵੱਧ ਨੂੰ ਇਕਾਂਤਵਾਸ ਵਿਚ ਰੱਖਿਆ ਗਿਆ ਹੈ। ਪੰਜਾਬ ਵਿਚ ਮੁਕੰਮਲ ਕਰਫਿਊ ਲਾਗੂ ਕਰ ਦਿੱਤਾ ਗਿਆ ਹੈ ਅਤੇ ਜਿਹੜੇ-ਜਿਹੜੇ ਪਿੰਡਾਂ ਵਿਚ ਪ੍ਰਵਾਸੀ ਭਾਰਤੀ ਆਏ ਹਨ, ਉਹਨਾਂ ਦੇ ਘਰਾਂ ਮੂਹਰੇ ਪੁਲਿਸ ਦਾ ਪਹਿਰਾ ਬਿਠਾ ਦਿੱਤਾ ਗਿਆ ਹੈ। ਪੰਜਾਬ ਸਰਕਾਰ ਇਸ ਬਿਮਾਰੀ ਨਾਲ ਨਿਪਟਣ ਲਈ ਪੂਰੀ ਤਰ੍ਹਾਂ ਮੁਸ਼ਤੈਦ ਹਨ। ਪੰਜਾਬ ਦੇ ਮੁੱਖ ਮੰਤਰੀ ਨੇ ਮੀਡੀਆ ਨੂੰ ਦੱਸਿਆ ਕਿ 94 ਹਜ਼ਾਰ ਪ੍ਰਵਾਸੀ ਭਾਰਤੀ ਵਿਦੇਸ਼ ਤੋਂ ਪਰਤੇ ਹਨ, ਜਿਹਨਾਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ 30 ਹਜ਼ਾਰ ਨੂੰ ਘਰਾਂ ਵਿਚ ਹੀ ਬੰਦ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਬਾਕੀਆਂ ਨੂੰ ਲੱਭਣ ਲਈ ਪੂਰਾ ਤਾਣ ਲਗਾ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕਰਫਿਊ ਦੀ ਕਿਸੇ ਵੀ ਸੂਰਤ ਵਿਚ ਉਲੰਘਣਾ ਨਹੀਂ ਹੋਣ ਦਿੱਤੀ ਜਾਵੇਗੀ ਅਤੇ ਜੇਕਰ ਕੋਈ ਕਰਦਾ ਪਾਇਆ ਗਿਆ ਤਾਂ ਉਸ ਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ 48 ਹਜ਼ਾਰ ਲੋਕਾਂ ਉਤੇ ਸਖਤ ਪਹਿਰਾ ਰੱਖਿਆ ਜਾ ਰਿਹਾ ਹੈ ਅਤੇ ਉਹ ਘਰਾਂ ਵਿਚ ਹੀ ਬੰਦ ਕੀਤੇ ਜਾ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਲੋੜੀਂਦਾ ਸਮਾਨ ਲੋਕਾਂ ਦੇ ਘਰੋ-ਘਰੀ ਪਹੁੰਚਾਉਣ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਲੜੀ ਤਹਿਤ ਐਸ. ਡੀ. ਐਮ. ਜਾਂ ਇਲਾਕਾ ਮੈਜਿਸਟ੍ਰੇਟ ਵੱਲੋਂ ਹਰ ਸਵੇਰ ਬਰੈਡ, ਦੁੱਧ, ਬਿਸਕੁਟ, ਆਂਡੇ ਅਤੇ ਹੋਰ ਖਾਣ-ਪੀਣ ਦਾ ਸਮਾਨ ਪਹੁੰਚਾਉਣ ਲਈ ਰੇਹੜੀ ਵਾਲੇ ਤਾਇਨਾਤ ਕੀਤੇ ਗਏ ਹਨ। ਕਰਫਿਊ ਵਿਚ ਜੇਕਰ ਕਿਸੇ ਨੇ ਐਮਰਜੈਂਸੀ ਘੁੰਮਣਾ ਹੈ ਤਾਂ ਉਸ ਲਈ ਪਾਸ ਜਾਰੀ ਕੀਤੇ ਜਾ ਰਹੇ ਹਨ। ਇਸ ਦੇ ਨਾਲ ਹੀ ਡਾਕਟਰਾਂ ਦੀਆਂ ਟੀਮਾਂ ਤਾਇਨਾਤ ਹਨ ਅਤੇ ਸਮਾਨ ਸਬੰਧੀ ਜੇਕਰ ਕਿਤੇ ਦਿੱਕਤ ਹੈ ਤਾਂ ਉਹ ਡਿਪਟੀ ਕਮਿਸ਼ਨਰ ਦਫਤਰ ਨਾਲ ਫੋਨ ਨੰਬਰਾਂ ਤੇ ਸੰਪਰਕ ਕਰ ਸਕਦੇ ਹਨ।



### ਆਪਣੇ ਘਰ ਅੰਦਰ ਕਰੋ ਅਰਦਾਸ

ਕਰੋਨਾਵਾਇਰਸ ਦੇ ਵਧ ਰਹੇ ਪ੍ਰਕੋਪ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਅੱਜ ਮੁੜ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰਦਿਆਂ ਆਖਿਆ ਕਿ ਹਰ ਸਿੱਖ ਆਪਣੇ ਘਰ ਵਿਚ ਸਵੇਰੇ ਤੇ ਸ਼ਾਮ ਰੋਜ਼ਾਨਾ ਅੱਧਾ-ਅੱਧਾ ਘੰਟਾ ਪਾਠ ਕਰੇ ਅਤੇ ਸਮੁੱਚੀ ਮਨੁੱਖਤਾ ਦੀ ਸਲਾਮਤੀ ਵਾਸਤੇ ਅਰਦਾਸ ਕਰੇ। ਇਸ ਦੌਰਾਨ ਅੱਜ ਤੀਜੇ ਦਿਨ ਵੀ ਇੱਥੇ ਸ੍ਰੀ ਹਰਿਮੰਦਰ ਸਾਹਿਬ ਅਤੇ ਇਸ ਦੇ ਕੰਪਲੈਕਸ ਵਿਚ ਸ਼ਰਧਾਲੂਆਂ ਦੀ ਆਮਦ ਨਾ ਹੋਣ ਕਾਰਨ ਸੁੰਨ ਪੱਸਰੀ ਰਹੀ, ਜਦੋਂਕਿ ਗੁਰੂ ਘਰ ਦੀ ਅੰਦਰੂਨੀ ਮਰਿਆਦਾ ਨੂੰ ਕਾਇਮ ਰੱਖਿਆ ਗਿਆ।


Indian Grill
Indiangrillsanleandro.com
Pal343@ yahoo.com
510-878-2704, 510-332-1074 Mobile
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM
We do Outdoor & Indoor Catering for all your Events
1600 Washington Ave. San Leandro.CA 94577


GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.
959 Corporate Way, Fremont, CA. 94539


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets


ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
Kash
FABRICS
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com

# ਰਾਸ਼ਟਰਪਤੀ ਟਰੰਪ ਵਲੋਂ ਨਿਉਯਾਰਕ, ਕੈਲੀਫੋਰਨੀਆ ਅਤੇ ਵਾਸ਼ਿੰਗਟਨ ਰਾਜ ਵਿੱਚ ਨੈਸ਼ਨਲ ਗਾਰਡ ਨੂੰ ਤਾਇਨਾਤ ਕਰਨ ਦਾ ਐਲਾਨ

## ਅਮਰੀਕਾ ਦੇ ਸੈਨੇਟਰ ਰੈਂਡ ਪੌਲ ਅਤੇ ਆਸਕਰ ਅਵਾਰਡ ਜੇਤੂ ਹਾਰਵੇ ਵੈਨਸਟੀਨ ਨੂੰ ਵੀ ਹੋਇਆ ਕਰੋਨਾ ਵਾਇਰਸ



**ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)–** ਅਮਰੀਕਾ ਵਿੱਚ ਜਿਥੇ ਨਵੇਂ ਮਰਨ ਵਾਲਿਆਂ ਦੀ ਗਿਣਤੀ ਬੜੀ ਤੇਜੀ ਨਾਲ ਵੱਧ ਕੇ 419 ਹੋ ਗਈ ਹੈ ਤੇ ਕੁਲ 33546 ਕੇਸ ਕੋਰੋਨਾਵਾਇਰਸ ਦੇ ਟੈਸਟ ਪੋਜੀਟਿਵ ਹੋ ਚੁਕੇ ਹਨ ਉਥੇ ਦੂਸਰੇ ਪਾਸੇ ਕੈਂਨਟੱਕੀ ਦੇ ਰਿਪਬਲੀਕਨ ਪਾਰਟੀ ਦੇ ਸੈਨੇਟਰ ਰੈਂਡ ਪੌਲ ਨੂੰ ਕੋਰੋਨਾਵਾਇਰਸ ਦਾ ਟੈਸਟ ਪੋਜੀਟਿਵ ਪਾਇਆ ਗਿਆ , ਉਨ੍ਹਾਂ ਦੇ ਦਫਤਰ ਨੇ ਅੱਜ ਇਕ ਬਿਆਨ ਵਿੱਚ ਇਸਦਾ ਖੁਲਾਸਾ ਕੀਤਾ। ਉਹ ਪੋਜੀਟਿਵ ਟੈਸਟ ਪਾਉਣ ਵਾਲੇ ਪਹਿਲੇ ਸੈਨੇਟਰ ਅਤੇ ਕਾਂਗਰਸ ਦੇ ਤੀਜੇ ਮੈਂਬਰ ਹਨ। ਉਸ ਦੇ ਦਫ਼ਤਰ ਨੇ ਟਵਿੱਟਰ 'ਤੇ ਕਿਹਾ, ਅਤੇ ਇਸ ਤੋਂ ਬਾਅਦ ਉਹ ਆਪਣੇ ਆਪ ਨੂੰ ਦਫਤਰ ਤੋਂ ਅਲੱਗ ਕਰ ਰਹੇ ਹਨ। ਬਿਆਨ ਵਿਚ ਕਿਹਾ ਗਿਆ ਹੈ ਕਿ ਉਨਾਂ ਨੇ ਵਾਸ਼ਿੰਗਟਨ ਦਫਤਰ ਤੋਂ 10 ਦਿਨ ਪਹਿਲਾਂ ਘਰ ਤੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ ਇਸ ਲਈ ਉਨਾਂ ਨਾਲ ਅਸਲ ਵਿਚ ਕੋਈ ਵੀ ਸਟਾਫ ਦਾ ਸੰਪਰਕ ਨਹੀਂ ਸੀ। ਇਸ ਤੋਂ ਪਹਿਲਾਂ ''ਕਾਂਗਰਸ ਦੇ ਦੋ ਹੋਰ ਮੈਂਬਰਾਂ ਮਾਰੀਓ ਡਿਆਜ਼- ਫਲੋਰੀਡਾ ਦੇ ਰਿਪਬਲਿਕਨ ਅਤੇ ਯੂਟਾ ਦੇ ਡੈਮੋਕਰੇਟਿਕ ਬੇਨ ਮੈਕਐਡਮਜ਼ ਵੀ ਇਸ ਵਾਇਰਸ ਤੋਂ ਪੀੜਤ ਹਨ। ਅੱਜ ਆਪਣੀ ਨਿਊਜ ਕਾਨਫਰੰਸ ਵਿਚ ਸ੍ਰੀ ਟਰੰਪ ਨੇ ਸ੍ਰੀ ਪੌਲ ਅਤੇ ਸ਼੍ਰੀ ਡਿਆਜ਼-ਬਲਾਰਟ ਲਈ ਚਿੰਤਾ ਜ਼ਾਹਰ ਕੀਤੀ। ਸ੍ਰੀ ਟਰੰਪ ਨੇ ਸ੍ਰੀ ਪੌਲ ਬਾਰੇ ਕਿਹਾ, "ਉਹ ਮੇਰਾ ਬਹੁਤ ਚੰਗਾ ਮਿੱਤਰ ਰਿਹਾ ਹੈ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅੱਜ ਐਲਾਨ ਕਰਦਿਆਂ ਕਿਹਾ ਕਿ ਨਿਉਯਾਰਕ, ਕੈਲੀਫੋਰਨੀਆ ਅਤੇ ਵਾਸ਼ਿੰਗਟਨ ਰਾਜ ਵਿੱਚ ਨੈਸ਼ਨਲ ਗਾਰਡ ਨੂੰ ਤਾਇਨਾਤ ਕੀਤਾ ਜਾ ਰਿਹਾ ਹੈ। ਤਿੰਨ ਰਾਜ ਸਭ ਤੋਂ ਵੱਧ ਕੋਰੋਨਾਵਾਇਰਸ



ਮਹਾਂਮਾਰੀ ਨਾਲ ਪ੍ਰਭਾਵਿਤ ਹੋਏ ਹਨ। ਉਨ੍ਹਾਂ ਤਿੰਨਾਂ ਰਾਜਾਂ ਨੂੰ ਐਤਵਾਰ ਵੱਡੀ ਤਬਾਹੀ ਵਾਲੇ ਰਾਜਾਂ ਦਾ ਐਲਾਨ ਕਰਨ ਦੀ ਵੀ ਪ੍ਰਵਾਨਗੀ ਦਿੱਤੀ ਗਈ ਹੈ। ਉਸਨੇ ਕਿਹਾ ਕਿ ਇਹ ਵੱਡੀ ਤਬਾਹੀ ਵਾਲੇ ਰਾਜਾਂ ਦਾ ਐਲਾਨ ਕਰਨ ਨਾਲ ਫੈਡਰਲ ਸਰਕਾਰ ਰਾਜ ਸਰਕਾਰਾਂ ਨੂੰ ਨਿਰਵਿਘਨ ਸਪਲਾਈ ਪਹਿਲ ਦੇ ਅਧਾਰ ਤੇ ਪ੍ਰਦਾਨ ਕਰੇਗਾ।ਟਰੰਪ ਨੇ ਕਿਹਾ ਕਿ ਵੱਡੀ ਮਾਤਰਾ ਵਿਚ ਮਾਸਕ, ਸਾਹ ਲੈਣ ਵਾਲੇ, ਗਾਊਨ, ਚਿਹਰੇ ਦੇ ਕਵਚ ਅਤੇ ਹੋਰ ਚੀਜ਼ਾਂ ਕੁਝ ਦਿਨਾਂ ਦੇ ਅੰਦਰ ਤਿੰਨ ਰਾਜਾਂ ਵਿਚ ਪਹੁੰਚਣ ਵਾਲੀਆਂ ਹਨ। ਉਸਨੇ ਅੱਗੇ ਕਿਹਾ ਕਿ ਉਸਨੇ ਸਰਕਾਰ ਨੂੰ ਹਰ ਰਾਜ ਵਿੱਚ ਵੱਡੇ ਮੈਡੀਕਲ ਸਟੇਸ਼ਨ ਸਥਾਪਤ ਕਰਨ ਦੇ ਆਦੇਸ਼ ਦਿੱਤੇ ਹਨ। ਟਰੰਪ ਨੇ ਕਿਹਾ ਕਿ ਕੋਰੋਨਾਵਾਇਰਸ ਉੱਤੇ ਜਿੱਤ ਪਹਿਲੀ ਉਮੀਦ ਨਾਲੋਂ "ਬਹੁਤ ਜਲਦੀ" ਹੋਵੇਗੀ। ਨਿਊਯਾਰਕ ਅਤੇ ਕੈਲੀਫੋਰਨੀਆ ਵਰਗੇ ਰਾਜਾਂ ਨੇ ਆਪਣੇ ਰਾਜਾਂ ਦੇ ਰਾਸ਼ਟਰੀ ਗਾਰਡਾਂ ਨੂੰ ਪਹਿਲਾਂ ਹੀ ਸਰਗਰਮ ਕਰ ਦਿੱਤਾ ਹੈ। ਰਾਸ਼ਟਰਪਤੀ ਨੇ ਕਿਹਾ ਕਿ ਉਨ੍ਹਾਂ ਦਾ ਪ੍ਰਸ਼ਾਸਨ ਕੇਂਦਰੀ ਜੇਲ੍ਹਾਂ ਵਿਚੋਂ ਬਜ਼ੁਰਗ ਅਪਰਾਧੀਆਂ ਨੂੰ ਰਿਹਾ ਕਰਨ 'ਤੇ ਵੀ ਸੋਚ ਰਿਹਾ ਹੈ। ਟਰੰਪ ਨੇ ਕਿਹਾ ਕਿ ਉਹ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ, ਜਾਰਜ ਡਬਲਯੂ ਬੁਸ਼ ਅਤੇ ਬਿਲ ਕਲਿੰਟਨ ਨੂੰ ਇਸ ਸਮੇਂ ਸਲਾਹ ਜਾਂ ਮੱਦਦ ਲਈ ਬੁਲਾਉਣ ਦੀ ਕੋਈ ਯੋਜਨਾ ਨਹੀਂ ਹੈ, ਕਿਉਂਕਿ ਉਸ ਨੂੰ ਆਪਣੀ ਟੀਮ ਵਿੱਚ ਵਿਸ਼ਵਾਸ ਹੈ। ਆਸਕਰ ਅਵਾਰਡ ਜੇਤੂ ਹਾਰਵੇ ਵੈਨਸਟੀਨ ਜੋ ਐਨਵਾਈਸੀ ਦੇ ਰਿਕਰਜ਼ ਆਈਲੈਂਡ ਤੋਂ ਵੈਂਡੇ ਸੁਧਾਰ ਸੁਵਿਧਾ ਵਿੱਚ ਤਬਦੀਲ ਕੀਤੇ ਜਾਣ ਤੋਂ ਕੁਝ ਦਿਨ ਬਾਅਦ,ਕੋਰੋਨਾਵਾਇਰਸ ਨੇ ਉਸਨੂੰ ਆਪਣੇ ਘੇਰੇ ਚ ਲੈ ਲਿਆ, ਟੈਸਟ ਪੋਜਿਟਿਵ ਪਾਇਆ ਗਿਆ। ਆਸਕਰ ਜੇਤੂ ਨਿਰਮਾਤਾ ਅਤੇ ਬਲਾਤਕਾਰ ਦੇ ਦੋਸ਼ੀ ਹਾਰਵੇ ਵੈਨਸਟੀਨ ਹੁਣ ਜੇਲ ਚ ਡਾਕਟਰੀ ਇਸੋਲੇਸ਼ਨ ਚ ਹੈ ।

# ਗੁਰਦੁਆਰਾ ਸੰਤ ਸਾਗਰ ਸੈਕਰਮੈਂਟੋ ਦੇ ਸਥਾਪਨਾ ਸਮਾਰੋਹ 'ਚ ਪੰਥ ਪ੍ਰਸਿੱਧ ਕੀਰਤਨੀ ਅਤੇ ਢਾਡੀ ਜਥਿਆਂ ਨੇ ਸੰਗਤਾਂ ਨੂੰ ਕੀਤਾ ਨਿਹਾਲ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) –** ਬੀਤੇ ਕੁਝ ਮਹੀਨਿਆਂ ਤੋਂ ਬਾਬਾ ਸੱਜਣ ਸਿੰਘ ਜੀ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਸੈਕਰਾਮੈਂਟੋ 'ਚ ਗੁਰਦੁਆਰਾ ਸਾਹਿਬ ਦੀ ਸਥਾਪਨਾ ਲਈ ਯਤਨ ਕੀਤੇ ਜਾ ਰਹੇ ਸਨ। ਸੈਕਰਾਮੈਂਟੋ ਦੇ ਨਟੋਮਸ ਏਰੀਆ 'ਚ ਚਰਚ ਬਿਲਡਿੰਗ ਖਰੀਦ ਕੇ ਉਸਨੂੰ ਗੁਰਦੁਆਰਾ ਸਾਹਿਬ ਦਾ ਰੂਪ ਦੇਣ ਦਾ ਸਾਰਾ ਕਾਰਜ ਸਫਲਤਾ-ਪੂਰਵਕ ਮੁਕੰਮਲ ਹੋਣ ਉਪਰੰਤ ਗੁਰਦੁਆਰਾ ਸੰਤ ਸਾਗਰ ਸਾਹਿਬ ਦੀ ਸਥਾਪਨਾ ਲਈ ਸਥਾਪਨਾ ਸਮਾਰੋਹ ਕਰਵਾਇਆ ਗਿਆ। ਇਸ ਸਮਾਰੋਹ ਵਿਚ ਪਹਿਲੇ ਦਿਨ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕਰਵਾਏ ਗਏ ਅਤੇ ਸ੍ਰੀ ਨਿਸ਼ਾਨ ਸਾਹਿਬ ਝਲਾਏ ਗਏ। ਆਖਰੀ ਦਿਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਸਾਰਾ ਦਿਨ ਗੁਰਬਾਣੀ ਕੀਰਤਨ ਪ੍ਰਵਾਹ ਚੱਲਿਆ। ਇਸ ਮੌਕੇ ਬਾਬਾ ਸੱਜਣ ਸਿੰਘ, ਭਾਈ ਨਿਰਮਲ ਸਿੰਘ ਨਾਗਪੁਰੀ, ਬਾਬਾ ਜੀਵਨ ਸਿੰਘ ਨਾਨਕਸਰ ਸੰਪ੍ਰਦਾ ਵਾਲੇ, ਭਾਈ ਅਮਰਜੀਤ ਸਿੰਘ ਚਾਕਰ, ਭਾਈ ਸੁਖਵਿੰਦਰ ਸਿੰਘ ਰਾਜੂ, ਭਾਈ



ਮਨਜੀਤ ਸਿੰਘ ਸਾਬਕਾ ਹਜ਼ੂਰੀ ਰਾਗੀ, ਭਾਈ ਸੁਖਜੀਵਨ ਸਿੰਘ, ਭਾਈ ਨਵਤੇਜ ਸਿੰਘ ਅਤੇ ਭਾਈ ਸਰਬਜੀਤ ਸਿੰਘ ਸਾਬੀ ਦੇ ਕੀਰਤਨੀ ਜਥਿਆਂ ਨੇ ਨਿਰੋਲ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਰਾਮਾ ਮੰਡੀ ਵਾਲੀਆਂ ਬੀਬੀਆਂ ਦੇ ਢਾਡੀ ਜਥੇ ਨੇ ਢਾਡੀ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਕਥਾਵਾਚਕ ਮੁਖਤਿਆਰ ਸਿੰਘ ਮੁਖੀ 'ਤੇ ਬਾਬਾ ਦਲਜੀਤ ਸਿੰਘ ਸ਼ਿਕਾਗੋ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ।

ਇੰਡੀਆ ਤੋਂ ਆਏ ਅਪਿੰਦਰ ਸਿੰਘ ਮਾਹਿਲਪੁਰੀ ਮੈਂਬਰ ਸੁਪਰੀਮ ਕੌਂਸਲ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਅਤੇ ਪਾਕਿ-ਸਤਾਨ ਤੋਂ ਪਹੁੰਚੇ ਰਮੇਸ਼ ਸਿੰਘ ਖਾਲਸਾ ਪੈਟਰਨ ਇਨ ਚੀਫ ਪਾਕਿਸਤਾਨ ਸਿੱਖ ਕੌਂਸਲ ਨੇ ਸੰਗਤਾਂ ਨੂੰ ਗੁਰਦੁਆਰਾ ਸਾਹਿਬ ਦੇ ਸਥਾਪਨਾ ਦਿਵਸ ਦੀਆਂ ਵਧਾਈਆਂ ਦਿੱਤੀਆਂ ਅਤੇ ਵਿਚਾਰਾਂ ਸਾਂਝੀਆਂ ਕੀਤੀਆਂ। ਸਟੇਜ ਸੰਚਾਲਨ ਦੀ ਭੂਮਿਕਾ ਸ. ਨਰਿੰਦਰਪਾਲ ਸਿੰਘ ਹੁੰਦਲ ਨੇ ਬਾਖੂਬੀ ਨਿਭਾਈ। ਉਨਾਂ ਦੱਸਿਆ ਇਸ ਗੁਰਦੁਆਰਾ ਸਾਹਿਬ ਵਿਚ ਪੰਜਾਬੀ ਸਕੂਲ ਵੀ ਚਲਾਇਆ ਜਾਵੇਗਾ ਸੋ ਬੱਚਿਆਂ ਦੇ ਮਾਪੇ ਅਤੇ ਬੱਚਿਆਂ ਨੂੰ ਪੜਾਉਣ ਦੇ ਚਾਹਵਾਨ ਸੱਜਣ ਵੀ ਗੁਰਦੁਆਰਾ ਸਾਹਿਬ ਸੰਪਰਕ ਕਰ ਸਕਦੇ ਹਨ। ਇਸ ਦੇ ਨਾਲ ਹੀ ਕੀਰਤਨ ਅਤੇ ਗੱਤਕਾ ਸਿਖਾਉਣ ਦੀਆਂ ਕਲਾਸਾਂ ਵੀ ਲੱਗਣਗੀਆਂ।

ਅੰਤ ਵਿਚ ਬਾਬਾ ਸੱਜਣ ਸਿੰਘ ਜੀ ਨੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਵਿਚ ਸਹਿਯੋਗ ਦੇਣ ਲਈ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਸੰਗਤਾਂ ਹੁਣ ਆਪਣੀ ਧਾਰਮਿਕ ਨਿਹਚਾ ਪੂਰੀ ਕਰ ਸਕਣਗੀਆਂ। ਉਨਾਂ ਸੰਗਤਾਂ ਨੂੰ ਬੇਨਤੀ ਕਰਦਿਆਂ ਕਿਹਾ ਕਿ ਸੰਗਤਾਂ ਆਪਣੇ ਬੱਚਿਆਂ ਨੂੰ ਗੁਰਦੁਆਰਾ ਸਾਹਿਬ ਨਾਲ ਜ਼ਰੂਰ ਜੋੜਨ ਕਿਉਂਕਿ ਜੇਕਰ ਸਾਡੀ ਅਗਲੀ ਪੀੜੀ ਧਰਮ ਨਾਲ ਜੁੜਦੀ ਹੈ ਤਾਂ ਉਹ ਵਿਰਸੇ ਅਤੇ ਵਿਰਾਸਤ ਨਾਲ ਵੀ ਜੁੜੇਗੀ। ਅੰਤ ਵਿਚ ਆਏ ਹੋਏ ਕੀਰਤਨੀਆਂ, ਰਾਗੀਆਂ, ਢਾਡੀਆਂ ਅਤੇ ਕਥਾਵਾਚਕਾਂ ਨੂੰ ਗੁਰੂ ਕੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

# ਸਿੱਖ ਰਿਸਰਚ ਇੰਸਟੀਚਿਊਟ ਦਾ ਗੁਰੂ ਗ੍ਰੰਥ ਸਾਹਿਬ ਪ੍ਰਾਜੈਕਟ ਲੋਕ-ਅਰਪਣ

**ਨਿਊਜਰਸੀ, (ਹੁਸਨ ਲੜੋਆ ਬੰਗਾ)–** ਨਾਨਕਸ਼ਾਹੀ ਨਵੇਂ-ਸਾਲ ਦੀ ਅਰੰਭਤਾ ਮੌਕੇ ਸਿਖਰੀ ਵਲੋਂ ਤਿੰਨ ਸਾਲ ਪਹਿਲਾਂ ਗੁਰੂ ਗ੍ਰੰਥ ਸਾਹਿਬ ਪ੍ਰਾਜੈਕਟ ਦੀ ਕਲਪਨਾ ਅਜੋਕੀ ਅੰਗਰੇਜ਼ੀ ਅਤੇ ਪੰਜਾਬੀ ਦੇ ਪਾਠਕਾਂ ਨੂੰ ਸ਼ਬਦ-ਗਿਆਨ ਨਾਲ ਜੋੜਨ ਦੇ ਇੱਕ ਸਾਧਨ ਵਜੋਂ ਕੀਤੀ ਗਈ ਸੀ। ਬੋਰਡ ਆਫ਼ ਡਾਇਰੈਕਟਰਜ਼ ਦੇ ਮੁੱਖੀ, ਜਸਵਿੰਦਰ ਸਿੰਘ ਨੇ ਟਿੱਪਣੀ ਕਰਦੇ ਹੋਏ ਕਿਹਾ, ਸਿੱਖ ਵਿੱਦਿਅਕ ਸਰੋਤ ਤਿਆਰ ਕਰਨ ਲਈ ਸਿਖਰੀ ਦੀ ਸਤਾਰਾਂ ਸਾਲ ਦੀ ਦ੍ਰਿੜ ਵਚਨਬੱਧਤਾ ਨੇ ਇਸ ਨੂੰ ਗੁਰੂ ਗ੍ਰੰਥ ਸਾਹਿਬ ਪ੍ਰਾਜੈਕਟ ਸ਼ੁਰੂ ਕਰਨ ਦੇ ਯੋਗ ਬਣਾਇਆ ਹੈ।

ਤੇਜ਼ੀ ਨਾਲ ਬਦਲ ਰਹੇ ਗਿਆਨ ਦੇ ਵਾਤਾਵਰਣ ਦੇ ਅਨੁਕੂਲ ਬਣਨ ਲਈ, ਸਿਖਰੀ ਵਰਗੀਆਂ ਪ੍ਰਮੁੱਖ ਖੋਜ ਸੰ-ਸਥਾਵਾਂ ਵਰਤਮਾਨ ਟੈਕਨੋਲੋਜੀ ਅਤੇ ਸੰਚਾਰ ਦੇ ਸਾਧਨਾਂ ਨੂੰ ਵਰਤੋਂ ਵਿੱਚ ਲਿਆ ਰਹੀਆਂ ਹਨ। ਸਾਨੂੰ ਉਮੀਦ ਹੈ ਕਿ ਇਹ ਵਿਰਾਸਤੀ ਪ੍ਰਾਜੈਕਟ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਵਿਸ਼ਵ ਵਿਆਪੀ ਪਾਠਕਾਂ ਤੱਕ ਪਹੁੰਚਾਏਗਾ।''

ਪ੍ਰਾਜੈਕਟ ਦੇ ਉਦੇਸ਼ ਨੂੰ ਦਰਸਾਉਂਦੇ ਹੋਏ ਸਿਖਰੀ ਦੇ ਸਹਿ-ਸੰਸਥਾਪਕ ਅਤੇ ਪ੍ਰਾਜੈਕਟ ਲੀਡਰ, ਹਰਿੰਦਰ ਸਿੰਘ ਨੇ ਕਿਹਾ ਕਿ, ਅਸੀਂ ਗੁਰੂ ਗ੍ਰੰਥ ਸਾਹਿਬ ਨਾਲ ਇਕ ਨਵੇਂ ਰਿਸ਼ਤੇ ਦੀ ਜੁਗਤ ਨੂੰ ਸੁਖਾਲਾ ਬਣਾ ਰਹੇ ਹਾਂ ਜੋ ਆਸਾਨੀ ਨਾਲ ਹਰ ਇਕ ਦੀ ਪਹੁੰਚ ਵਿੱਚ ਹੋਵੇ। ਇਸ ਦੇ ਮਾਧਿਅਮ ਰਾਹੀਂ, ਅਸੀਂ 7 ਅਰਬ ਲੋਕਾਂ ਤੱਕ ਪਹੁੰਚਣ ਦੀ ਸਮਰੱਥਾ ਰੱਖਦੇ ਹਾਂ। ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਵਿਸ਼ੇਸ਼ ਵਿਅਕਤੀਆਂ ਅਤੇ ਸੰਸਥਾਵਾਂ-ਦੇ ਅਧਿਕਾਰ-ਖੇਤਰ ਚੋਂ-ਬਾਹਰ ਨਿਕਲਕੇ, ਹਰ ਇਕ ਤੇ ਹਰ ਕਿਸੇ ਦੇ ਸਿੱਧੇ ਸੰਪਰਕ ਵਿੱਚ ਹੋਣੀ ਚਾਹੀਦੀ ਹੈ। ਸਿਖਰੀ ਨੇ ਇਸ ਪ੍ਰਾਜੈਕਟ ਦੀ ਸਿਰਜਣਾਤਮਿਕ-ਅਨੁਵਾਦ ਪ੍ਰਕਿਰਿਆ ਨੂੰ ਰਚਨਾਦਰ-ਰਚਨਾ 'ਆਸਾ ਕੀ ਵਾਰ' ਤੋਂ ਅਰੰਭ ਕਰਨ ਲਈ ਮਾਹਿਰਾਂ ਅਤੇ ਵਿਸ਼ਾ-ਵਸਤੂ ਮਾਹਿਰਾਂ ਦੀ ਇਕ ਅੰਤਰਰਾਸ਼ਟਰੀ ਟੀਮ ਨੂੰ ਤਿਆਰ ਕੀਤਾ।

ਸਿਰਜਣਾਤਮਿਕ-ਅਨੁਵਾਦ, ਅਜੋਕੀ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਸਮੱਗਰੀ ਤਿਆਰ ਕਰਦਿਆਂ ਇਕ ਅਰਥ-ਭਰਪੂਰ ਵਿਆਖਿਆ ਨੂੰ ਵਿਕਸਤ ਕਰਨ ਦੀ ਪ੍ਰਕਿਰਿਆ ਹੈ। ਸਿਖਰੀ ਦੀ ਸਿਰਜਣਾਤਮਿਕ ਅਨੁਵਾਦ ਪ੍ਰਕਿਰਿਆ ਦਾ ਉਦੇਸ਼ ਗੁਰੂ ਗ੍ਰੰਥ ਸਾਹਿਬ ਵਿਚਲੀ ਭਾਸ਼ਾ, ਸੁਹਜ, ਸੰਗੀਤ, ਇਤਿਹਾਸ, ਸਭਿਆਚਾਰ ਅਤੇ ਦਰਸ਼ਨ ਨੂੰ ਪ੍ਰਕਾਸ਼ਮਾਨ ਕਰਨ ਲਈ ਇਕ ਅਮੀਰ ਪ੍ਰਸੰਗ ਤਿਆਰ ਕਰਨਾ ਹੈ।

ਬਾਣੀ-ਦਰ-ਬਾਣੀ ਚੱਲਣ ਦੀ ਇਕ ਜੁਗਤ ਇਕ ਵਿਧੀਬੱਧ ਚੋਣ ਸੀ। ਸਿਖਰੀ ਦੇ ਪ੍ਰਾਜੈਕਟ ਸਲਾਹਕਾਰਾਂ ਦਾ ਅਨੁਮਾਨ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨ ਸਿਰਜਣਾਤਮਿਕ ਅਨੁਵਾਦ ਨੂੰ 20 ਸਾਲ ਦਾ ਲੰਬਾ ਸਮਾਂ ਲੱਗ ਸਕਦਾ ਹੈ।

# ਨਿਰਭਯਾ ਨੂੰ ਆਖਰ ਮਿਲਿਆ ਇਨਸਾਫ਼, ਚਾਰੋਂ ਦੋਸ਼ੀਆਂ ਨੂੰ ਫਾਂਸੀ

**ਨਵੀਂ ਦਿੱਲੀ–** ਨਿਰਭਯਾ ਸਮੂਹਿਕ ਜਬਰ-ਜਨਾਹ ਅਤੇ ਹੱਤਿਆ ਮਾਮਲੇ ਦੇ ਚਾਰ ਦੋਸ਼ੀਆਂ ਨੂੰ ਅੱਜ ਤੜਕੇ ਫਾਂਸੀ ਦੇ ਦਿੱਤੀ ਗਈ। ਦਿੱਲੀ ਦੀ 23 ਵਰ੍ਹਿਆਂ ਦੀ ਮੁਟਿਆਰ



ਨਾਲ 16 ਦਸੰਬਰ, 2012 ਦੀ ਰਾਤ ਚੱਲਦੀ ਖਾਲੀ ਬੱਸ ਵਿੱਚ ਸਮੂਹਿਕ ਜਬਰ-ਜਨਾਹ ਕਰਨ ਮਗਰੋਂ ਉਸ ਨੂੰ ਮਰਨ ਲਈ ਸੜਕ ਕਿਨਾਰੇ ਸੁੱਟਣ ਦੇ ਦੋਸ਼ੀਆਂ ਨੂੰ ਫਾਹੇ ਟੰਗੇ ਜਾਣ ਨਾਲ ਭਾਰਤ ਦੇ ਇਤਿਹਾਸ ਦੇ ਇਸ ਹੌਲਨਾਕ ਜਬਰ-ਜਨਾਹ ਕਾਂਡ ਦਾ ਅਧਿਆਏ ਮੁੱਕ ਗਿਆ ਹੈ। ਨਿਰਭਯਾ ਕੇਸ ਦੇ ਚਾਰ ਦੋਸ਼ੀਆਂ ਮੁਕੇਸ਼ ਕੁਮਾਰ (32), ਪਵਨ ਗੁਪਤਾ (25), ਵਿਨੈ ਸ਼ਰਮਾ (26) ਅਤੇ ਅਕਸ਼ੈ ਕੁਮਾਰ ਸਿੰਘ (31) ਨੂੰ ਅੱਜ ਸਵੇਰੇ 5:30 ਵਜੇ ਫਾਹੇ ਟੰਗਿਆ ਗਿਆ। ਤਿਹਾੜ ਜੇਲ੍ਹ ਦੇ ਡਾਇਰੈਕਟਰ ਜਨਰਲ ਸੰਦੀਪ ਗੋਇਲ ਨੇ ਦੱਸਿਆ, ''ਡਾਕਟਰਾਂ ਨੇ ਦੇਹਾਂ ਦੀ ਜਾਂਚ ਕੀਤੀ ਹੈ ਅਤੇ ਚਾਰਾਂ ਨੂੰ ਮ੍ਰਿਤ ਐਲਾਨ ਦਿੱਤਾ ਹੈ।'' ਜੇਲ੍ਹ ਅਧਿਕਾਰੀਆਂ ਨੇ ਦੱਸਿਆ ਕਿ ਜੇਲ੍ਹ ਨਿਯਮਾਂ ਅਨੁਸਾਰ ਫਾਹੇ ਟੰਗੇ ਜਾਣ ਮਗਰੋਂ ਚਾਰੇ ਦੋਸ਼ੀਆਂ ਦੀਆਂ ਦੇਹਾਂ ਅੱਧੇ ਘੰਟੇ ਲਈ ਲਟਕਦੀਆਂ ਰਹੀਆਂ। ਤਿਹਾੜ ਜੇਲ੍ਹ ਵਿੱਚ ਪਹਿਲੀ ਵਾਰ ਚਾਰ ਜਣਿਆਂ ਨੂੰ ਇਕੱਠਿਆਂ ਫਾਂਸੀ ਦਿੱਤੀ ਗਈ ਹੈ। ਅਦਾਲਤ ਨੇ ਦੋਸ਼ੀਆਂ ਗੁਪਤਾ ਅਤੇ ਅਕਸ਼ੈ ਸਿੰਘ ਨੂੰ ਫਾਂਸੀ ਦੇ ਤਖਤੇ 'ਤੇ ਭੇਜੇ ਜਾਣ ਤੋਂ ਪਹਿਲਾਂ ਆਪਣੇ ਪਰਿਵਾਰਕ ਜੀਆਂ ਨੂੰ ਮਿਲਣ ਸਬੰਧੀ ਕੋਈ ਆਦੇਸ਼ ਦੇਣ ਤੋਂ ਇਨਕਾਰ ਕਰ ਦਿੱਤਾ। ਫਾਂਸੀ ਲਾਏ ਜਾਣ ਤੋਂ ਪਹਿਲਾਂ ਦੋਸ਼ੀਆਂ ਨੇ ਕੋਈ ਵਿਰੋਧ ਨਹੀਂ ਕੀਤਾ ਜਦਕਿ ਦੋਸ਼ੀ ਵਿਨੈ ਸ਼ਰਮਾ ਨੇ ਰੋਣਾ ਸ਼ੁਰੂ ਕਰ ਦਿੱਤਾ।

**ਤਿਹਾੜ ਦੇ ਬਾਹਰ 'ਨਿਰਭਯਾ ਅਮਰ ਰਹੇ' ਦੇ ਨਾਅਰੇ ਲੱਗੇ**

ਦੋਸ਼ੀਆਂ ਨੂੰ ਫਾਂਸੀ ਦਿੱਤੇ ਜਾਣ ਮਗਰੋਂ ਸਵੇਰ ਵੇਲੇ ਤਿਹਾੜ ਜੇਲ੍ਹ ਦੇ ਬਾਹਰ ਸੈਂਕੜੇ ਲੋਕ ਇਕੱਠੇ ਹੋਏ। ਲੋਕਾਂ ਨੇ ਹੱਥਾਂ ਵਿੱਚ ਕੌਮੀ ਝੰਡੇ ਫੜੇ ਹੋਏ ਸਨ ਅਤੇ ਇਨ੍ਹਾਂ ਵਲੋਂ 'ਭਾਰਤ ਮਾਤਾ ਦੀ ਜੈ' ਅਤੇ 'ਨਿਰਭਯਾ ਅਮਰ ਰਹੇ' ਦੇ ਨਾਅਰੇ ਲਾਏ ਗਏ। ਕਈਆਂ ਵਲੋਂ ਮਠਿਆਈ ਵੀ ਵੰਡੀ ਗਈ

**ਭਾਰਤ ਦੀਆਂ ਧੀਆਂ ਲਈ ਲੜਦੇ ਰਹਾਂਗੇ: ਮਾਪੇ**

ਆਪਣੀ ਧੀ ਨੂੰ ਸੱਤ ਸਾਲਾਂ ਦੀ ਲੰਬੀ ਕਾਨੂੰਨੀ ਲੜਾਈ ਤੋਂ ਬਾਅਦ ਮਿਲੇ ਇਨਸਾਫ਼ ਕਾਰਨ ਰਾਹਤ ਮਹਿਸੂਸ ਕਰ ਰਹੇ ਨਿਰਭਯਾ ਦੇ ਮਾਪਿਆਂ ਨੇ ਕਿਹਾ ਕਿ ਉਹ ਭਾਰਤ ਦੀਆਂ ਧੀਆਂ ਲਈ ਲਗਾਤਾਰ ਲੜਦੇ ਰਹਿਣਗੇ। ਨਿਰਭਯਾ ਦੀ ਮਾਂ ਨੇ ਕਿਹਾ, ''ਅਖੀਰ ਸਾਨੂੰ ਇਨਸਾਫ਼ ਮਿਲ ਗਿਆ। ਅਸੀਂ ਆਪਣੀ ਲੜਾਈ ਦੇਸ਼ ਦੀਆਂ ਧੀਆਂ ਨੂੰ ਨਿਆਂ ਦਿਵਾਉਣ ਲਈ ਜਾਰੀ ਰੱਖਾਂਗੇ। ਇਨਸਾਫ਼ ਮਿਲਣ ਵਿੱਚ ਦੇਰੀ ਹੋਈ, ਪਰ ਮਿਲਿਆ ਜ਼ਰੂਰ।'' ਉਨ੍ਹਾਂ ਕਿਹਾ ਕਿ ਦੋਸ਼ੀਆਂ ਨੂੰ ਫਾਹੇ ਟੰਗੇ ਜਾਣ ਮਗਰੋਂ ਮਹਿਲਾਵਾਂ ਲਾਜ਼ਮੀ ਤੌਰ 'ਤੇ ਸੁਰੱਖਿਅਤ ਮਹਿਸੂਸ ਕਰਨਗੀਆਂ।









ਪਿਛਲੇ ਦਿਨੀਂ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦਾ 643ਵਾਂ ਪ੍ਰਕਾਸ਼ ਦਿਹਾੜਾ ਗੁਰਦੁਆਰਾ ਸਾਹਿਬ ਮਿਲਵਾਕੀ (ਵਿਸਕਾਂਸਿਨ) ਬਹੁਤ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਮੌਕੇ ਪ੍ਰਸਿੱਧ ਰਾਗੀ, ਢਾਡੀ ਜਥਿਆਂ ਨੇ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਮਨਾਏ ਗਏ ਗੁਰਪੁਰਬ ਦੀਆਂ ਕੁਝ ਤਸਵੀਰਾਂ।

# ਕੋਰੋਨਾ ਵਾਇਰਸ ਕਾਰਨ ਸਰਕਾਰੀ ਐਮਰਜੈਂਸੀ ਦੇ ਚੱਲਦਿਆਂ ਨਿਊਯਾਰਕ ਪ੍ਰਸ਼ਾਸਨ ਨੇ ਲੰਗਰ ਲਈ ਸਿੱਖਾਂ ਤੱਕ ਕੀਤੀ ਪਹੁੰਚ

## ਹਦਾਇਤਾਂ ਅਨੁਸਾਰ ਸੇਵਾਦਾਰ 30,000 ਲੋਕਾਂ ਲਈ ਲੰਗਰ ਦਾ ਪ੍ਰਬੰਧ ਕਰਨ ਵਿੱਚ ਜੁਟੇ

**ਨਿਊਯਾਰਕ (ਹੁਸਨ ਲੜੋਆ ਬੰਗਾ)–** ਜਦੋਂ ਅੱਜ ਸਮੁੱਚੀ ਦੁਨੀਆਂ ਕਰੋਨਾ ਵਾਇਰਸ ਜਿਹੀ ਮਾਹਾਮਾਰੀ ਦੇ ਕਾਰਨ ਘਰਾਂ ਵਿੱਚ ਬੰਦ ਹੋਣ ਲਈ ਮਜਬੂਰ ਹੋ ਗਈ ਹੈ, ਸਰਕਾਰਾਂ ਵੱਲੋਂ ਵਿਸ਼ੇਸ਼ ਤੌਰ ਤੇ ਲੋਕਾਂ ਨੂੰ ਆਪਣੇ ਘਰਾਂ ਵਿੱਚ ਰਹਿਣ ਲਈ ਹਦਾਇਤਾ ਜਾਰੀ ਹੋਈਆਂ ਹਨ। ਅਜਿਹੇ ਵਿੱਚ ਲੋਕਾਂ ਤੱਕ ਖਾਣਾ ਪਹੁੰਚਾਉਣਾ ਵੱਡਾ ਚੇਲੰਜ ਹੈ ਖ਼ਾਸ ਕਰਕੇ ਜੋ Old Care Center ਵਿੱਚ ਰਹਿ ਰਹੇ ਹਨ। ਇਸ ਵੱਡੀ ਮੁਸ਼ਕਿਲ ਸਮੇਂ ਨਿਊਯਾਰਕ ਦੇ ਪ੍ਰਸ਼ਾਸਨ ਨੇ ਸਿੱਖਾਂ ਤੱਕ ਪਹੂਚ ਕੀਤੀ ਹੈ ਅਤੇ 30,000 ਬੰਦਿਆਂ ਲਈ ਲੰਗਰ ਦਾ ਪ੍ਰਬੰਧ ਕਰਨ ਦੀ ਬੇਨਤੀ ਕੀਤੀ ਹੈ। ਸਿਟੀ ਦੇ ਐਮ-ਰਜੈਂਸੀ ਵਿਭਾਗ ਵੱਲੋਂ ਯੁਨਾਈਟਿਡ ਸਿੱਖਸ ਤੱਕ ਪਹੁੰਚ ਕੀਤੀ ਗਈ ਅਤੇ ਅਗਾਓਂ ਉਹਨਾਂ ਕਾਨ-ਫਰੰਸ ਕਾਲ ਕਰਕੇ ਵਰਲਡ ਸਿੱਖ ਪਾਰਲੀਮੈਂਟ ਦੀ ਵੈਲਫੇਅਰ ਕੌਂਸਲ, ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਈਸਟ ਕੋਸਟ ਸਿੱਖ ਕੋਆਰਡੀਨੇਸ਼ਨ ਕਮੇਟੀ ਨਾਲ ਤਾਲਮੇਲ ਕਰ ਗੁਰਦੁਆਰਾ ਸਿੱਖ ਸੈਂਟਰ ਕੁਈਨਜ਼ ਵਿਲੇਜ ਵਿਖੇ ਲੰਗਰ ਤਿਆਰ ਕਰਨ ਅਤੇ ਪੈਕ ਕਰਨ ਦੇ ਅਮਲ ਅਰੰਭ ਦਿੱਤੇ ਹਨ। ਵਰਲਡ ਸਿੱਖ ਪਾਰਲੀਮੈਂਟ ਦੀ ਵੈੱਲਫੇਅਰ ਕੌਂਸਿਲ ਅਤੇ ਯੁਨਾਈਟਿਡ ਸਿੱਖਸ ਦੇ ਨੁਮਾਇੰਦਿਆਂ ਨੇ ਦੱਸਿਆ ਕਿ 30 ਹਜ਼ਾਰ ਲੋਕਾਂ ਲਈ ਖਾਣਾ ਤਿਆਰ ਕੀਤਾ ਜਾਵੇਗਾ, ਇਸ ਵਿਸ਼ੇਸ਼ ਕਾਰਜ ਲਈ ਗੁਰਦੁਆਰਾ ਸਾਹਿਬ ਦੀ ਰਸੋਈ ਘਰ ਬਕਾਇਦਾ ਸੈਨੇਟਾਇਜ ਕੀਤਾ ਗਿਆ ਹੈ। ਸਾਰੀ ਰਸਦ ਸੇਵਾਦਾਰਾਂ ਵੱਲੋਂ ਗੁਰੂ-ਘਰ ਪਹੁੰਚਾਈ ਜਾ ਰਹੀ ਹੈ। ਖਾਣਾ ਬਣ-ਾਉਣ ਸਮੇਂ ਖ਼ਾਸ ਹਦਾਇਤਾਂ ਦਾ ਖਿਆਲ ਰੱਖਿਆ ਜਾ ਰਿਹਾ ਹੈ। ਇਸ ਖਾਣੇ ਨੂੰ ਡੱਬਿਆਂ ਵਿੱਚ ਬੰਦ ਕੀਤਾ ਜਾਵੇਗਾ ਜਿਸ ਨੂੰ ਸਰਕਾਰੀ ਨੁਮਾਇੰਦੇ ਲੋੜਵੰਦਾ ਤੱਕ ਪਹੁੰਚਦਾ ਕਰਨਗੇ। ਇਸ ਸਮੇਂ ਸਭ ਤੋਂ ਵੱਧ ਮੁਸ਼ਕਿਲ ਆ ਰਹੀ ਹੈ ਕਿ ਪੈਕਿੰਗ ਲਈ ਬਾਕਸ ਬਹੁਤ ਮੁਸ਼ਕਿਲ ਨਾਲ ਮਿਲ ਰਹੇ ਹਨ ਫਿਰ ਵੀ ਸੇਵਾਦਾਰ ਆਪਣੀ ਹਰ ਕੋਸ਼ਿਸ਼ ਕਰ ਕੇ ਦੂਰ ਦੂਰ ਤੋਂ ਖਾਣੇ ਦੀ ਪੈਕਿੰਗ ਲਈ ਬਕਸਿਆਂ ਦਾ ਪ੍ਰਬੰਧ ਕਰ ਰਹੇ ਹਨ।ਸਿੱਖ ਇਸ ਵਿੱਚ ਮਾਣ ਮਹਿਸੂਸ ਕਰ ਰਹੇ ਹਨ ਕਿ ਅਜਿਹੀ ਸਥਿੱਤੀ ਵਿੱਚ ਮੇਅਰ ਬਿਲ ਡੀ ਬਲਾਸੀਓ ਨੇ ਗੁਰੂ ਨਾਨਕ ਸੱਚੇ ਪਾਤਸ਼ਾਹ ਦੇ ਲੰਗਰ ਤੱਕ ਪਹੁੰਚ ਕੀਤੀ ਹੈ ਤਾਂ ਜੋ ਕੋਈ ਵੀ ਨਿਊਯਾਰਕ ਦਾ ਨਾਗਰਿਕ ਖਾਣੇ ਤੋਂ ਵਾਂਝਾ ਨਾਂ ਰਹੇ। ਸਿੱਖ ਨੁਮਾਇਦਿਆਂ ਨੇ ਇਹ ਵੀ ਕਿਹਾ ਕਿ ਲੋਕਲ ਸੰਗਤ ਇਸ ਵਿੱਚ ਸਹਿਯੋਗ ਦੇਣ ਲਈ 222 ਕੁਈਨਜ਼ ਵਿੱਲੇਜ ਗੁਰਦੁਆਰਾ ਸਾਹਿਬ ਤੱਕ ਪਹੁੰਚ ਕਰ ਸਕਦੀ ਹੈ।









# ਕੈਲੀਫੋਰਨੀਆ ਦੇ ਗਵਰਨਰ ਵਲੋਂ ਲੋਕਾਂ ਨੂੰ ਘਰਾਂ 'ਚ ਰਹਿਣ ਦਾ ਹੁਕਮ

## ਅਮਰੀਕਾ 'ਚ ਮਰਨ ਵਾਲਿਆਂ ਦੀ ਗਿਣਤੀ 419 ਹੋਈ, ਲਾਸ ਏਂਜਲਸ ਲੇਕਰਸ ਤੇ ਫਿਲਾਡੇਲਫੀਆ ਦੇ ਖਿਡਾਰੀਆਂ ਨੂੰ ਕਰੋਨਾਵਾਇਰਸ

**ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)–** ਦੁਨੀਆ ਭਰ ਵਿਚ ਕਰੋਨਾਵਾਇਰਸ ਦੀਆਂ ਮੌਤਾਂ ਦੀ ਗਿਣਤੀ ਅੱਜ 10,000 ਨੂੰ ਪਾਰ ਕਰ ਗਈ ਹੈ, 240,000 ਤੋਂ ਵੱਧ ਲੋਕ ਇਸ ਬਿਮਾਰੀ ਨਾਲ ਪ੍ਰਭਾਵਿਤ ਹਨ ਅਮਰੀਕਾ ਵਿੱਚ 13,000 ਤੋਂ ਵੱਧ ਪੁਸ਼ਟੀ ਕੀਤੇ ਕੇਸ ਹਨ, ਜਿਨ੍ਹਾਂ ਵਿੱਚ 400 ਤਂ ਵੱਧ ਮੌਤਾਂ ਦੀ ਗਿਣਤੀ ਹੋ ਗਈ ਹੈ। ਦੋ ਲਾਸ ਏਂਜਲਸ ਲੇਕਰਸ ਅਤੇ ਤਿੰਨ ਫਿਲਾਡੇਲਫੀਆ ਦੇ ਖਿਡਾਰੀਆਂ ਨੂੰ ਕੋਰੋਨਾਵਾਇਰਸ ਦਾ ਟੈਸਟ ਪੋਜਟਿਵ ਪਾਇਆ ਗਿਆ ਹੈ, ਅਤੇ ਐਨਬੀਏ ਵਿਚ ਖਿਡਾਰੀਆਂ ਦੀ ਵੱਧ ਰਹੀ ਕਰੋਨਾਵਾਇਰਸ ਤੋਂ ਪ੍ਰਭਾਵਿਤ ਸੂਚੀ ਵਿਚ ਵਾਧਾ ਕੀਤਾ ਹੈ, ਦੂਸਰੇ ਪਾਸੇ ਇਟਲੀ ਵਿਚ ਮਰਨ ਵਾਲਿਆਂ ਦੀ ਗਿਣਤੀ ਚੀਨ ਦੇ ਅੰਕੜੇ ਨੂੰ ਪਾਰ ਕਰ ਗਈ ਹੈ।

ਕੈਲੀਫੋਰਨੀਆ ਦੇ ਗਵਰਨਰ ਵਲੋਂ ਲੋਕਾਂ ਨੂੰ ਘਰਾਂ ਚ ਰਹਿਣ ਦਾ ਹੁਕਮ: ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਓਸਮ ਨੇ ਅੱਜ ਰਾਜ ਪੱਧਰੀ ਘੋਸ਼ਣਾ ਕੀਤੀ ਕਿ ਕੈਲੀਫੋਰਨੀਆ ਦੇ ਕਰੋਨਾਵਾਇਰਸ ਮਹਾਂਮਾਰੀ ਦੇ ਕਾਰਨ ਲੋਕਾਂ ਨੂੰ ਘਰਾਂ ਚ ਰਹਿਣ ਦਾ ਹੁਕਮ ਦਿੱਤਾ ਹੈ। ਕੈਲੀਫੋਰਨੀਆ, ਜਿਸ ਅੰਦਰ ਲਗਭਗ 4 ਕਰੋੜ ਲੋਕਾਂ ਦੇ ਘਰ ਹਨ, ਅਜਿਹੇ ਆਦੇਸ਼ ਦੇ ਤਹਿਤ ਅਮਰੀਕਾ ਦਾ ਪਹਿਲਾ ਰਾਜ ਹੋਵੇਗਾ ਜਿਸ ਵਿੱਚ ਗਵਰਨਰ ਵਲੋਂ ਅਜਿਹੇ ਹੁਕਨ ਕੀਤੇ ਗਏ ਹਨ। ਇਹ ਅਦੇਸ਼, ਇੰਨਫੈਕਸ਼ਨ ਦੀ ਦਰ ਨੂੰ ਰੋਕਣ ਦੇ ਉਦੇਸ਼ ਨਾਲ ਅੱਜ ਵੀਰਵਾਰ ਸ਼ਾਮ ਲਾਗੂ ਕਰ ਦਿਤਾ ਗਿਆ। ਕੈਲੀਫੋਰਨੀਆ ਦੇ ਗੈਵਿਨ ਨਿਓਸਮ ਨੇ ਵੀਰਵਾਰ ਨੂੰ ਇਕ ਨਿਊਜ਼ ਕਾਨਫਰੰਸ ਵਿਚ ਕਿਹਾ, "ਸਾਨੂੰ ਪੂਰਾ ਭਰੋਸਾ ਹੈ ਕਿ ਕੈਲੀਫੋਰਨੀਆ



ਰਾਜ ਵਿਚ ਲੋਕ ਇਸ ਦਾ ਪਾਲਣ ਕਰਨਗੇ। ਕੈਲੀਫੋਰਨੀਆ ਵਾਸੀਆਂ ਨੂੰ ਕਰਿਆਨੇ ਦੀ ਦੁਕਾਨ 'ਤੇ ਜਾਂ ਫਾਰਮੇਸੀ ਵਿਚ ਜਾਣ ਵਰਗੇ ਕੰਮਾਂ ਲਈ ਆਪਣਾ ਘਰ ਛੱਡਣ ਦੀ ਇਜਾਜ਼ਤ ਹੋਵੇਗੀ। ਜ਼ਰੂਰੀ ਸਮਝੇ ਜਾਂਦੇ ਕਾਰੋਬਾਰਾਂ ਦੇ ਕਰਮਚਾਰੀਆਂ ਨੂੰ ਵੀ ਘਰ ਤੋਂ ਬਾਹਰ ਕੰਮ ਕਰਨ ਦੀ ਆਗਿਆ ਹੋਵੇਗੀ, ਅਤੇ ਵਸਨੀਕਾਂ ਨੂੰ ਬਾਹਰ ਸੈਰ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ। ਗਵਰਨਰ ਗੈਵਿਨ ਨਿਓਸਮ ਨੇ ਕਿਹਾ ਕਿ ਉਹ ਇਸਨੂੰ ਨਿਯਮਤ ਕਰਨ ਦੀ ਯੋਜਨਾ ਨਹੀਂ ਹੈ ਪਰ ਕੈਲੀਫੋਰਨੀਆ ਦੇ ਲੋਕਾਂ ਨੂੰ ਆਪਣੀ "ਆਮ ਸੂਝ" ਅਤੇ ਇਸ ਨਿਯਮ ਦੀ ਵਰਤੋਂ ਕਰਨ ਦੀ ਅਪੀਲ ਕਰਦੇ ਹਾਂ। ਉਸਨੇ ਕਿਹਾ, ਕੈਲੀਫੋਰਨੀਆ ਵਿਚ ਕੋਰੋਨਾਵਾਇਰਸ ਦੇ 1,000 ਤੋਂ ਵੱਧ ਪੁਸ਼ਟੀ ਹੋਏ ਕੇਸ ਸਨ, ਅਤੇ ਘੱਟੋ-ਘੱਟ 19 ਲੋਕਾਂ ਦੀ ਮੌਤ ਹੋ ਚੁੱਕੀ ਹੈ । ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਓਸਮ ਨੇ ਕਿਹਾ ਕੈਲੀਫੋਰਨੀਆ ਦੀਆਂ ਕਈ ਕਾਊਂਟੀਆਂ, ਜਿਨ੍ਹਾਂ ਵਿਚ ਸੈਨ ਫ੍ਰਾਂਸਿਸਕੋ ਬੇ ਏਰੀਆ ਅਤੇ ਲਾਸ ਏਂਜਲਸ ਚ ਪਹਿਲਾਂ ਹੀ ਇਹ ਨਿਯਮ ਲਾਗੂ ਸਨ। ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਓਸਮ ਨੇ ਕਿਹਾ ਕਿ ਕੈਲੀਫੋਰਨੀਆ ਦੇ 56% ਲੋਕ (ਜਾਂ 25.5 ਮਿਲੀਅਨ ਲੋਕ) ਸਭ ਤੋਂ ਮਾੜੇ ਹਾਲਾਤਾਂ ਵਿੱਚ ਪ੍ਰਭਾਵਿਤ ਹੋ ਸਕਦੇ ਹਨ। ਗਵਰਨਰ ਗੈਵਿਨ ਨਿਓਸਮ ਨੇ ਰਾਜ ਭਰ ਵਿੱਚ ਹਸਪਤਾਲ ਦੀ ਸਮਰੱਥਾ ਵਧਾਉਣ, ਵਾਧੂ ਮੈਡੀਕਲ ਉਪਕਰਣ ਖਰੀਦਣ ਅਤੇ ਕਮਜ਼ੋਰ ਲੋਕਾਂ ਨੂੰ ਵਧੇਰੇ ਸਹਾਇਤਾ ਪ੍ਰਦਾਨ ਕਰਨ ਲਈ ਫੈਡਰਲ ਫੰਡਾਂ ਤੋਂ 1 ਬਿਲੀਅਨ ਦੇਣ ਦੀ ਅਪੀਲ ਕੀਤੀ ਹੈ।

# ਅਮਰੀਕਾ ਵਿੱਚ ਦੋ ਕਾਗਰਸਮੈਨਾਂ ਨੂੰ ਹੋਇਆ ਕੋਰੋਨਾਵਾਇਰਸ

## ਅਮੀਰੀਕਾ 'ਚ ਹੁਣ ਤੱਕ 7,769 ਕੋਰੋਨਾਵਾਇਰਸ ਕੇਸਾਂ ਦੀ ਪੁਸ਼ਟੀ, 140 ਲੋਕਾਂ ਦੀ ਹੋਈ ਮੌਤ

**ਕੈਲੀਫੋਰਨੀਆ, (ਹੁਸਨ ਲੜੋਆ ਬੰਗਾ)–** ਹੁਣ ਤੱਕ ਦੁਨੀਆਂ ਵਿੱਚ ਕੋਰੋਨਾਵਾਇਰਸ ਕੇਸਾਂ ਦੀ ਗਿਣਤੀ 210,000 ਤੋਂ ਵੱਧ ਹੈ, ਲਗਭਗ 8,800 ਮੌਤਾਂ ਹੋ ਚੁਕੀਆਂ ਹਨ ਅਤੇ 84,000 ਤੋਂ ਵੱਧ ਲੋਕ ਠੀਕ ਹੋ ਚੁਕੇ ਹਨ। ਬੁੱਧਵਾਰ ਸ਼ਾਮ ਤੱਕ ਜੋਨਜ਼ ਹੌਪਕਿਨਜ਼ ਯੂਨੀਵਰਸਿਟੀ ਦੇ ਅਨੁਸਾਰ, ਜੋ ਰਿਪੋਰਟਾਂ ਨੂੰ ਟਰੈਕ ਕਰ ਰਹੀ ਹੈ ਅਤੇ ਸਥਾਨਕ ਸਿਹਤ ਵਿਭਾਗਾਂ ਨਾਲ ਉਨ੍ਹਾਂ ਦੀ ਪੁਸ਼ਟੀ ਕਰ ਰਹੀ ਹੈ ਅਮਰੀਕਾ ਦੇ ਸਾਰੇ 50 ਰਾਜਾਂ ਵਿੱਚ ਜੋ ਕੋਲੰਬੀਆ ਦੇ ਜ਼ਿਲ੍ਹਿਆਂ ਅਤੇ ਪੋਰਟੋ ਰੀਕੋ ਸਮੇਤ ਘੱਟੋ ਘੱਟ 7,769 ਕੋਰੋਨਾਵਾਇਰਸ ਦੇ ਕੇਸ ਹੋ ਗਏ ਹਨ ਤੇ ਘੱਟੋ ਘੱਟ 140 ਲੋਕਾਂ ਦੀ ਮੌਤ ਹੋ ਗਈ ਹੈ।

ਅਮਰੀਕੀ ਕਾਂਗਰਸ ਦੇ ਦੋ ਮੈਂਬਰਾਂ ਮਾਰੀਓ ਡਿਆਜ਼-ਬਲਾਰਟ, ਰਿਪਬਲਕਨ ਫੈਲਾਡਾਲਫੀਆ ਅਤੇ ਬੇਨ ਮੈਕਡੈਮਜ਼, ਡੈਮੋਕਰੇਟਿਕ ਯੂਟਾ ਦੋਵਾਂ ਨੂੰ ਕੋਰੋਨਾਵਾਇਰਸ ਟੈਸਟ ਵਿੱਚ ਪੁਸ਼ਟੀ ਹੋਈ ਹੈ। ਇਕ ਬਿਆਨ ਵਿੱਚ, ਡਿਆਜ਼-ਬਲਾਰਟ ਨੇ ਕਿਹਾ ਕਿ ਉਸਨੂੰ ਸ਼ਨੀਵਾਰ ਨੂੰ ਲੱਛਣ, ਜਿਵੇਂ ਕਿ ਤੇਜ਼ ਬੁਖਾਰ ਅਤੇ ਸਿਰ ਦਰਦ ਹੋਣੇ ਸ਼ੁਰੂ ਹੋ ਗਏ ਸਨ। ਉਸਨੂੰ ਸੂਚਿਤ ਕੀਤਾ ਗਿਆ ਹੈ ਕਿ ਉਸਨੂੰ




ਕੋਰੋਨਾਵਾਇਰਸ ਟੈਸਟ ਪੋਜੀਟਿਵ ਹੈ ਇਸੇ ਤਰਾਂ ਬਾਅਦ ਵਿਚ ਉਸੇ ਦਿਨ, ਮੈਕਐਡਮਜ਼ ਨੇ ਪੁਸ਼ਟੀ ਕੀਤੀ ਕਿ ਉਸਨੇ ਵੀ ਕੋਰੋਨਾ ਵਾਇਰਸ ਟੈਸਟ ਕੀਤਾ ਸੀ ਜੋ ਪੋਜਟਿਵ ਹੈ।

ਅੱਜ ਟਰੰਪ ਨੇ ਨਵੇਂ ਕਾਨੂੰਨ ਕੋਰੋਨਾ ਵਾਇਰਸ ਰਿਸਪਾਂਸ ਐਕਟ 'ਤੇ ਦਸਤਖਤ ਕੀਤੇ ਜਿਸ ਰਾਹੀਂ ਪਰਿਵਾਰ ਦਾ ਕੋਈ ਮੈਂਬਰ ਤਨਖਾਹ ਨਾਲ ਪਰਿਵਾਰਕ ਛੁੱਟੀ ਤੇ ਬਿਮਾਰੀ ਲਈ ਛੁੱਟੀ ਲੈ ਸਕੇਗਾ। ਜਿਸ ਨਾਲ ਬਹੁਤ ਸਾਰੇ ਅਮਰੀਕੀਆਂ ਨੂੰ ਫਾਇਦਾ ਹੋਵੇਗਾ। ਕੋਰੋਨਾਵਾਇਰਸ ਦੇ ਫੈਲਣ ਨੂੰ ਰੋਕਣ ਦੇ ਉਪਾਵਾਂ ਦੇ ਮੱਦੇਨਜ਼ਰ, ਰਾਸ਼ਟਰਪਤੀ ਡੌਨਲਡ ਟਰੰਪ ਨੇ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਿਸ ਵਿੱਚ ਅਮਰੀਕੀਆਂ ਨੂੰ 10 ਤੋਂ ਵੱਧ ਲੋਕਾਂ ਦੇ ਸਮਾਜਿਕ ਇਕੱਠਾਂ ਤੋਂ ਬਚਣ ਅਤੇ ਬਿਨਾਂ ਵਜ੍ਹਾ ਯਾਤਰਾ ਨੂੰ ਸੀਮਤ ਕਰਨ ਲਈ ਕਿਹਾ ਗਿਆ।। ਉਹਨਾਂ ਸੁਝਾਅ ਦਿੱਤਾ ਕਿ ਵਿਦਿਆਰਥੀ ਸੰਭਵ ਹੋ ਸਕੇ ਘਰੋਂ ਕਲਾਸਾਂ ਲੈਣ, ਬਾਰਾਂ, ਰੈਸਟੋਰੈਂਟਾਂ, ਫੂਡ ਕੋਰਟਸ, ਜਿੰਮ ਅਤੇ ਹੋਰ ਥਾਵਾਂ ਜਿੱਥੇ ਲੋਕਾਂ ਦੇ ਸਮੂਹ ਇਕੱਠੇ ਹੁੰਦੇ ਹਨ ਨੂੰ ਬੰਦ ਕੀਤਾ ਜਾਣਾ ਚਾਹੀਦਾ ਹੈ।

ਅਮਰੀਕਾ ਦੀ ਯੂਨਾਈਟਡ ਏਅਰਲਾਈਨ ਨੇ 60 ਫੀਸਦੀ ਤੇ ਅਸਟ੍ਰੇਲੀਆ ਦੀ ਵਾਂਟਸ ਏਅਰਲਾਈਨ ਨੇ ਸਾਰੀਆਂ ਅੰਤਰਰਾਸ਼ਟਰੀ ਉਡਾਣਾਂ ਰੋਕ ਦਿੱਤੀਆਂ ਹਨ ਅਤੇ ਬਹੁਤੇ ਕਰਮਚਾਰੀਆਂ ਨੂੰ ਛੁੱਟੀ ਲੈਣ ਲਈ ਕਿਹਾ ਹੈ।

ਫੋਟੋ: ਟਰੰਪ ਨੇ ਫੈਮਿਲੀਜ਼ ਫਸਟ ਕੋਰੋਨਾਵਾਇਰਸ ਰਿਸਪਾਂਸ ਐਕਟ 'ਤੇ ਦਸਤਖਤ ਕੀਤੇ, ਜੋ ਕਿ ਬਹੁਤ ਸਾਰੇ ਅਮਰੀਕੀਆਂ ਲਈ ਅਦਾਇਗੀਸ਼ੁਦਾ ਅਤੇ ਪਰਿਵਾਰਕ ਛੁੱਟੀ ਦੇਵੇਗਾ।


AAA AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Transmission, Body and Paint Work We Sell Used Cars at a Good Price
Free Estimates
Free Towing
510- 733- 2222
1421 Industrial PKWY West#F Hayward, CA 94544
Prop: Jasbir Singh Takhar
510-755-2132
Harmandeep Singh



L.A. MERCHANDISE
Whole Sale +Retail
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
Loose Fabrics, Groceries, Blankets, Vegetables
ਕੈਰੀ ਬੈਗ ਵਧੀਆ ਤੇ ਸਸਤੇ ਰੇਟਾਂ 'ਤੇ ਉਪਲਬਧ ਹਨ
New folding bed verities
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ
ਇੱਥੇ ਤਾਜ਼ਾ ਸਬਜ਼ੀਆਂ ਅਤੇ ਆਰਗੈਨਿਕ ਦਾਲਾਂ ਵੀ ਮਿਲਦੀਆਂ ਹਨ।
ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ
Baksho Kaur Bisla Hardev Singh Bisla
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ
530-671-0439, Fax 530-822-0439 Cell- 530-844-3250

ਦੇਸ਼ ਦੁਆਬਾ

# ਕਰੋਨਾ ਵਾਇਰਸ ਅੰਧਵਿਸ਼ਵਾਸ਼ੀ-ਡਰ ਅਤੇ ਜਾਨਲੇਵਾ ਅਣਗਹਿਲੀਆਂ

ਜਦ ਦਾ ਵੀ ਸੰਸਾਰ ਹੋਂਦ 'ਚ ਆਇਐ ਅਨੇਕਾਂ ਦੁੱਖ-ਸੁੱਖ ਅਤੇ ਮਾਂਹਮਾਰੀਆਂ ਆਈਆਂ ਤੇ ਸਮੇ ਨਾਲ ਗਈਆਂ। ਬਦ ਕਿਸਮਤੀ ਜਾਂ ਅਣਗਹਿਲੀ ਕਾਰਨ ਬਹੁਤ ਲੋਕ ਇਨ੍ਹਾਂ ਦੀ ਲਪੇਟ 'ਚ ਵੀ ਆਏ ਤੇ ਮੌਤਾਂ ਵੀ ਹੋਈਆਂ ਤੇ ਸਾਵਧਾਨੀਆਂ ਤੇ ਯੋਗ ਇਲਾਜ ਨਾਲ ਲੋਕ ਬਚਦੇ ਵੀ ਆ ਰਹੇ ਪਰ ਚਾਲਬਾਜ ਧਰਮੀ, ਰਾਜਨੀਤਕ ਅਤੇ ਅਗਿਆਨੀ ਲੋਕ ਇਸ ਨੂੰ ਰੱਬੀ ਕਹਿਰ ਜਾਂ ਕੁਦਰਤਿ ਕਰੋਪੀ ਆਖਦੇ ਰਹੇ। ਧਰਮ ਦੇ ਨਾਂ 'ਤੇ ਚੱਲ ਰਹੀਆਂ ਦੁਕਾਨਾਂ ਵਾਲੇ ਲੋਕਾਂ ਨੂੰ ਅੰਧਵਿਸ਼ਵਾਸ਼ੀ ਕਰਮਕਾਂਡਾਂ 'ਚ ਉਲਝਾ ਕੇ ਲੁਟਦੇ ਵੀ ਰਹੇ। ਉਨ੍ਹਾਂ ਮਾਹਮਾਰੀਆਂ ਚੋਂ ਹੀ ਕਰੋਨਾ ਵਾਇਰਸ ਵੀ ਇੱਕ ਛੂਆ-ਛਾਤ ਵਾਲੀ ਘਾਤਕ ਮਹਾਂਮਾਰੀ ਜੋ ਖੰਘਣ, ਸੁੰਘਣ, ਸ਼ਪੱਰਸ਼ ਕਰਨ, ਝੂਠਾ ਖਾਣ, ਸਰੋਵਰਾਂ ਤਲਾਬਾਂ 'ਚ ਇਕੱਠੇ ਨਹਾਉਣ, ਮੋਟਰਾਂ ਕਾਰਾਂ, ਡੋਰਾਂ ਦਰਵਾਜਿਆਂ, ਕਾਊਂਟਰਾਂ, ਲੈਪਟਾਪਾਂ ਅਤੇ ਫੋਨਾਂ ਆਦਿਕ ਦੇ ਟੱਚ ਕਰਨ ਨਾਲ ਫੈਲ ਜਾਂਦੀ ਤੇ ਫੈਲ ਰਹੀ ਹੈ। ਇਸ ਦੇ ਬਚਾਅ ਲਈ ਵੱਖ ਵੱਖ ਦੇਸ਼ਾਂ ਦੀਆਂ ਸਰਕਾਰਾਂ ਤੇ ਕਾਰੋਬਾਰੀ ਅਦਾਰਿਆਂ ਅਤੇ ਧਰਮ ਅਸਥਾਨਾਂ ਦੇ ਸਿਆਣੇ ਪ੍ਰਬੰਧਕਾਂ ਨੇ ਜਨਤਕ ਥਾਵੀਂ ਇਕੱਠਾ ਤੇ ਪਾਬੰਦੀਆਂ ਲਾ ਦਿੱਤੀਆਂ ਕਿਉਂਕਿ ਬਹੁਤੇ ਲੋਕ ਓਥੇ ਇਕੱਠੇ ਹੁੰਦੇ ਹਨ। ਵੱਡੇ ਵੱਡੇ ਮਾਲ੍ਹ, ਸਟੋਰ, ਹੋਟਲ, ਮੋਟਲ ਆਦਿਕ ਕੁਝ ਸਮੇ ਲਈ ਬੰਦ ਕਰ ਦਿੱਤੇ ਅਤੇ ਰੇਸਟੋਰੈਂਟ ਆਦਿਕ ਫੂਡ ਪਲੇਸ ਡ੍ਰਾਈਵ ਥਰੂ ਕਰ ਦਿੱਤੇ ਗਏ ਹਨ।



ਅਵਤਾਰ ਸਿੰਘ ਮਿਸ਼ਨਰੀ
510-432-5827

ਓਧਰ ਭਾਰਤ ਤੋਂ ਅੰਧਵਿਸ਼ਵਾਸ਼ੀ ਖਬਰਾਂ ਵੀ ਆ ਰਹੀਆਂ ਹਨ ਕਿ ਗਊ ਮੂਤ ਪੀਣ ਨਾਲ ਕਰੋਨਾ ਠੀਕ ਹੋਵੇਗਾ। ਅਖੌਤੀ ਡੇਰੇਦਾਰ ਸਿੱਖ ਵੀ ਪਿੱਛੇ ਨਹੀਂ ਰਹੇ ਕੋਈ ਮੰਤ੍ਰਿਆ ਜਲ ਪਿਲਾ ਰਿਹਾ, ਕੋਈ ਗੁਰੂ ਦੇ ਨਾਂ 'ਤੇ ਲੋਕਾਂ ਦੇ ਮੱਥੇ ਤੇ ਜੁੱਤੀਆਂ ਮਾਰ ਰਿਹੈ, ਕੋਈ ਕਿਸੇ ਇਜ ਸ਼ਬਦ ਦਾ ਜਾਪ ਕਰਨ ਲਈ ਕਹਿ ਰਿਹੈ ਤੇ ਕਈ ਇਸ ਮਾਹਮਾਰੀ ਦੇ ਨਾਂ ਤੇ ਅੰਖਡ ਪਾਠਾਂ ਦੀਆਂ ਲੜੀਆਂ ਚਲਾ, ਅੰਧਵਿਸ਼ਵਾਸ਼ੀ ਲੋਕਾਂ ਨੂੰ ਲੁੱਟ ਰਹੇ ਹਨ। ਪਿੱਛੇ ਸ਼੍ਰੋਮਣੀ ਕਮੇਟੀ ਵੀ ਨਹੀਂ ਰਹੀ ਜਦ ਪਾਬੰਦੀ ਕਾਰਨ ਬਹੁਤੀ ਸੰਗਤ ਇਕੱਠੀ ਨਹੀਂ ਹੋ ਰਹੀ ਤਾਂ ਧਰਮ ਦੇ ਨਾਂ ਤੇ ਇਸ ਨੇ ਵੀ ਅਖੰਡ ਪਾਠ ਸ਼ੁਰੂ ਕਰ ਦਿੱਤੇ ਹਨ। ਇਨ੍ਹਾਂ ਧਰਮ ਅਦਾਰਿਆਂ ਕੋਲ ਅਰਬਾਂ ਖਰਬਾਂ ਸੰਗਤ ਅਤੇ ਧਰਮ ਪ੍ਰਾਪਰਟੀਆਂ ਤੋਂ ਆਇਆ ਪੈਸਾ ਹੈ। ਚਾਹੀਦਾ ਤਾਂ ਸੀ ਗੁਰੂ ਦੀ ਗੋਲਕ ਦੇ ਮੂੰਹ ਲੋੜਵੰਦਾਂ ਲਈ ਖੋਲ੍ਹ ਬਚਾਓ ਦੇ ਯੋਗ ਉਪਰਾਲੇ ਕਰਦੇ ਪਰ ਕਰ ਕੁਝ ਹੋਰ ਹੀ ਰਹੇ ਹਨ। ਕੁਝ ਸੁਹਿਰਦ ਲੋਕਾਂ ਤੇ ਅਦਾਰਿਆਂ ਨੇ ਬਚਾਓ ਲਈ ਭਲੇ ਕੰਮ ਵੀ ਕੀਤੇ ਤੇ ਕਰ ਰਹੇ ਨੇ ਉਹ ਸ਼ਲਾਘਾ ਯੋਹ ਹਨ।

ਇਹ ਕਰੋਨਾਂ ਵਾਇਰਸ ਛੂਆ-ਛਾਤ ਦੀ ਭਿਆਨਕ ਮਾਹਮਾਰੀ ਹੈ। ਇਸ ਤੋਂ ਬਚਾਓ ਲਈ ਛੂਆ-ਛਾਤ ਤੋਂ ਵਿਰੁੱਧ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਜਿਆਦਾ ਇਕੱਠਾਂ 'ਚ ਨਾ ਜਾਣਾ, ਹਵਾਈ ਸਫਰ ਨਾ ਕਰਨਾ ਤੇ ਹੈਲਥੀ ਫੂਡ ਖਾਣਾ 'ਤੇ ਜੇ ਛੱਕ ਪਵੇ ਤਾਂ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ। ਦੇਖੋ! ਗੁਰੂ ਸਾਹਿਬਾਨ ਨੇ ਸੰਗਤ, ਪੰਗਤ, ਲੰਗਰ, ਸਰੋਵਰ ਤੇ ਦਵਾਖਾਨੇ ਲੋਕ ਭਲਾਈ ਲਈ ਨਾ ਕਿ ਅੰਧਵਿਸ਼ਵਾਸ਼ੀ ਰਹੁਰੀਤ ਪੂਰੀ ਕਰਨ ਵਾਸਤੇ ਚਲਾਏ ਸਨ। ਗੁਰੂ ਦਾ ਹੁਕਮ ਜੂਠ ਝੂਠ ਤੇ ਛੂਆ-ਛਾਤ ਆਦਿਕ ਤੋਂ ਬਚ ਕੇ ਰਹਿਣ ਦਾ ਹੈ। ਇਸ ਲਈ ਜਿਨ੍ਹਾਂ ਚਿਰ ਇਹ ਮਾਂਹਮਾਰੀ ਕੰਟਰੋਲ ਜਾਂ ਖਤਮ ਨਹੀਂ ਹੁੰਦੀ ਓਨਾਂ ਚਿਰ ਜਨਤਕ ਇਕੱਠ ਬੰਦ ਕੀਤੇ ਜਾਣ, ਇੱਕ ਥਾਂ ਤੇ ਖਾਣਾਂ ਖਾਣਾ ਜਾਂ ਲੰਗਰ ਛਕਣਾ, ਸਰੋਵਰਾਂ 'ਚ ਇਸ਼ਨਾਨ ਕਰਨਾ, ਇੱਕ ਬਾਟੇ 'ਚ ਸਭ ਦਾ ਮੂੰਹ ਲਾ ਕੇ ਅੰਮ੍ਰਿਤ ਪੀਣਾ ਤੇ ਕੜਾਹ ਪ੍ਰਸ਼ਾਦ ਛੱਕਣਾ ਬੰਦ ਕੀਤਾ ਜਾਵੇ ਜਾਂ ਪੂਰੀ ਚੈੱਕਅਪ ਕੀਤੀ ਜਾਵੇ ਕਿਉਂਕਿ ਕੋਈ ਪਤਾ ਨਹੀਂ ਕਿਸ ਨੂੰ ਇਹ ਮਾਂਹਮਾਰੀ ਹੈ ਤੇ ਜਦ ਉਹ ਕਿਸੇ ਨੂੰ ਟੱਚ ਕਰੇਗਾ, ਸਰੋਵਰ 'ਚ ਨਹਾਵੇਗਾ, ਇੱਕ ਥਾਂ 'ਤੇ ਜਾਂ ਇਕ ਬਰਤਨ 'ਚ ਖਾਵੇ ਪੀਵੇਗਾ ਹੋਰ ਕਿੰਨੇ ਚੰਗੇ ਭਲਿਆਂ ਨੂੰ ਵੀ ਇਹ ਜਾਨਲੇਵਾ ਬੀਮਾਰੀ ਦੇ ਜਾਵੇਗਾ ਤੇ ਗਰੀਬਾਂ ਲਈ ਇਸ ਦਾ ਇਲਾਜ ਕਰਾਉਣਾ ਵੀ ਔਖਾ ਹੋ ਜਾਵੇਗਾ।

ਸੋ ਭਲਿਓ ਅੰਧਵਿਸ਼ਵਾਸ਼ ਤੇ ਫੋਕਟ ਰਹੁਰੀਤਾਂ ਨੂੰ ਛੱਡ ਸਾਨੂੰ ਗੁਰੂ ਦੇ ਇਨ੍ਹਾਂ ਫੁਰਮਾਨਾਂ ਤੇ ਅਮਲ ਕਰਨਾ ਚਾਹੀਦਾ ਹੈ ਕਿ-ਕੁਦਰਤਿ ਕਰਿ ਕੈ ਵਸਿਆ ਸੋਇ॥ ਵਖਤੁ ਵੀਚਾਰੇ ਸੁ ਬੰਦਾ ਹੋਇ॥ ਅਤੇ ਅਗੋ ਦੇ ਜਿ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥(ਗੁਰੂ ਨਾਨਕ ਸਾਹਿਬ) **(ਮਹਿਮਾਨ ਸੰਪਾਦਕੀ)**

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# Covid 19: Lessons to Learn from Nature



**Ronki Ram**
Dean (Faculty of Arts)
Shaheed Bhagat Singh Chair Professor of Political Science, Panjab University, Chandigarh

Since the advent of the enlightenment/modernity phase in the life of mankind on the earth planet, a sort of unethical war has been going on between man and nature. Nature has been around since the birth of our solar system and it was the nature that gave shape to the earth planet where we evoloved at one of its innumerable evolutionary time intervals. Nature has its own pace to move on, nevertheless with certain identifiable patterns. There was a time in the life of human beings when they used to believe in supernatural powers of nature as and when they confronted any devastating natural phenomenon nay calamities. They socially constructed various myths to appease the angry nature that eventyally became an interesting area of study in the domain of cultural anthropology to delve deep into the folk psyche of our forefathers to critically interpret our current lives. However, with the passage of time when Europe entered the age of enlightment, a new beginning was made in the evolutionary phase of human society. It was for the first time that man thought and practiced to tame nature to his convenience. Thus the tug of war started between man and nature. Covid 19 is one of various consequences of this ongoing belligerent interaction between us and the nature.




Crona, basically a flu that if not properly taken care of, will terribly damage the lungs of the patient leading to even loss of life. This is not an ordinary case of flu infection like eye conjectivitus, it has become pandemic - a world wide malady with deadly consequences as we have been witnessing so far in different parts of the world. What has caused it, is yet to be identified. But what has become absolutely clear is that it is avoidable if one takes proper possible precautionary measures. Such measures need to be taken collectively at the larger societal level to bridle its pandemic dimensionality effects.

No doubt, such large scale community level precautionary measures will lead to temporary lockdown at a still larger level involving closers of all social, cultural, political gatherings as well as all businesses including day -to-day economic transactions. This would definitely affect seriously those sections of the society the most that stand at the lower rungs of its economic scale. The lower and middle classes, daily wagers, rickshaw pullers, petty shopkeepers, and street hawkers would find it difficult to meet their daily requirement expenses during the lockdown period, which may extend from a few days to a week or two depending upon the severity of Covid 19. So in order to make nation wide lockdown campaign a viable successful measure against Crona pandemic, the state and central govenments need to formulate certain policies rather urgently to compensate the poorer sections of the society to cope with their daily loss of bread earning by offering them genuine financial help. Cheap grocery could be an added support to overcome the financial crisis that will emanate from mass s shutdown.

However, along with this economic support measure, the other most important step that need to be taken up rather more meticulously by all the citizens of our nation is self precaution against the nefarious spread of this deadly virus. Everyone has to follow the practice of self disinfecting exercise at every step at home and during extremely limited family and social interaction activity within and outside home. Simple but nutritious home made food could be the only safe option for all to follow.

Yet another equally important step to keep oneself and one's family and nation safe is neither to be self panicked nor to spread the same in society at large. Confidence in oneself to fight the pandemic calmly is the most desirable act at this crucial hour of the terrible time. Let us resolve collectively to face boldly this challenge and once again make our surroundings lively and healthy.

# Doctors and Nurses are doing great services
# Desh Doaba humble Salutes them














The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਕਾਂਸ਼ੀ ਰਾਮ ਜੀ ਦਾ ਜਨਮ ਦਿਹਾੜਾ ਮਨਾਇਆ ਅਤੇ ਅੰਬੇਡਕਰ ਭਵਨ ਦਾ ਉਦਘਾਟਨ ਕੀਤਾ

**ਜਲੰਧਰ–** ਸ੍ਰੀ ਕਾਂਸ਼ੀ ਰਾਮ ਜੀ ਦਾ ਜਨਮ ਦਿਹਾੜਾ ਉਹਨਾਂ ਦੇ ਨਾਨਕੇ ਪਿੰਡ (ਜਨਮ ਭੂਮੀ) ਬੁੰਗਾ ਸਾਹਿਬ ਪ੍ਰਿਥੀਪੁਰ ਵਿਖੇ ਬੜੀ ਧੂੰਮ-ਧਾਮ ਅਤੇ ਸ਼ਰਧਾ ਨਾਲ ਮਨਾਇਆ ਗਿਆ। ਉਹਨਾਂ ਦੀ ਭੈਣ ਸਵਰਨ ਕੌਰ ਚੇਅਰਮੈਨ ਕਾਂਸ਼ੀ ਰਾਮ ਚੈਰਿਟੀ ਟਰੱਸਟ ਅਤੇ ਭਾਣਜਾ ਪ੍ਰਭਜੀਤ ਸਿੰਘ ਤੋਂ ਇਲਾਵਾ ਸੋਹਨ ਲਾਲ ਸਾਂਪਲਾ ਪ੍ਰਧਾਨ ਡਾ. ਅੰਬੇਡਕਰ ਮਿਸ਼ਨ ਸੁਸਾਇਟੀ ਜਰਮਨ ਕਿਰਨ ਸਾਂਪਲਾ ਕ੍ਰਾਂਤੀ ਟੀ. ਵੀ. ਦੇ ਮਾਲਕ ਸਿੰਦਾ ਕੋਲਧਰ ਇਟਲੀ ਹੱਕ ਦੀ ਆਵਾਜ਼ ਦੇ ਸੰਪਾਦਕ ਪ੍ਰਦੀਪ ਰਾਜਾ, ਸਿਮਰਨ ਅੰਬੇਡਕਰੀ ਪੂਰੀ ਟੀਮ ਲੁਧਿਆਣੇ ਤੇ ਵੀਰ ਸਿੰਘ ਵਾਈਸ ਚੇਅਰਮੈਨ ਬੀ. ਐਸ. 4, ਸਤਪਾਲ ਸਾਹਲੋਂ ਮਿਸ਼ਨਰੀ ਲੇਖਕ ਅਤੇ ਪੰਮਾ ਲਾਲੋ ਮਜਾਰਾ ਲੇਖਕ 'ਮੈਂ ਕਾਂਸ਼ੀਰਾਮ ਬੋਲਦਾ ਹਾਂ', ਕੁਲਵਿੰਦਰ ਸਿੰਘ ਸੰਭੂ ਤੋਂ ਸੰਤ ਸੁਰਿੰਦਰ ਦਾਸ ਕਠਾਰ, ਬਲਵੀਰ ਸਿੰਘ ਐਡਵੋਕੇਟ, ਡਾ. ਕਿਸ਼ਨਾ ਆਰਤੀ ਸਿੰਘ, ਬੀ. ਗੋਪਾਲ ਦਾਸ ਚੇਤਨਾ ਚੈਨਲ ਆਦਿ ਅਤੇ ਅਠਾਰਾਂ ਰਾਜਾਂ ਤੋਂ ਆਏ ਮਿਸ਼ਨਰੀ ਸਾਥੀਆਂ ਨੇ ਆਪਣੀ ਸ਼ਰਧਾ ਦੇ ਫੁੱਲ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਭੇਂਟ ਕੀਤੇ। ਉਘੇ ਸਮਾਜ ਸੇਵਕ ਲੀਡਰ ਸ. ਸ਼ਮਸ਼ੇਰ ਸਿੰਘ ਦੂਲੋਂ ਮੈਂਬਰ ਰਾਜ ਸਭਾ ਨੇ 50 ਕੁ ਲੱਖ ਦੀ ਲਾਗਤ ਨਾਲ ਪਿੰਡ ਨੂੰ ਗੋਦ ਲਏ ਹੋਏ ਵਿਖੇ ਕਾਂਸ਼ੀਰਾਮ ਚੈਰਟੀਬਲ ਟਰੱਸਟ ਵੱਲੋਂ ਡਾ. ਅੰਬੇਡਕਰ ਭਵਨ ਬਣਾ ਕੇ 13 ਮਾਰਚ ਨੂੰ ਉਦਘਾਟਨ ਕੀਤਾ। ਇਹਨਾਂ ਦੇ ਨਾਲ ਸਨ ਸਵਿੱਤਰੀ ਬਾਈ ਫੂਲੇ ਸਾਬਕਾ ਸਾਂਸਦ, ਸਨਦੀਪ ਵਾਲਮੀਕੀ ਸਾਬਕਾ ਵਿਧਾਇਕ, ਜਸਵਿੰਦਰ ਕੌਰ ਜੱਸੀ ਚੇਅਰਮੈਨ ਬੀ. ਐਸ. 4 ਅਤੇ ਹਰਨੇਕ ਸਿੰਘ ਚੁੰਨੀ ਜੀ ਸਭ ਨੇ ਕਾਂਸ਼ੀਰਾਮ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਸਭ ਬੁਲਾਰਿਆਂ ਨੇ ਹਾਲ ਵਿਚ ਬੈਠੇ ਮਿਸ਼ਨਰ ਸਾਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਜੇਕਰ ਅਸੀਂ ਰਾਜ ਭਾਗ ਦਾ ਹਿੱਸਾ ਅਤੇ ਸੁੱਖ ਦੀ ਜ਼ਿੰਦਗੀ ਬਤੀਤ ਕਰਨਾ ਚਾਹੁੰਦੇ ਹਾਂ ਤਾਂ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਅਤੇ ਭਾਰਤ ਰਤਨ ਡਾ. ਅੰਬੇਡਕਰ ਜੀ ਦੀ ਵਿਚਾਰਧਾਰਾ ਉਪਰ ਅਮਲ ਕਰਨਾ ਪਵੇਗਾ ਤਾਂ ਹੀ ਆਸਾਨ ਹੋ ਸਕਦਾ ਹੈ।



ਬਾਅਦ ਵਿਚ ਸਭ ਨੇ ਰਲ ਕੇ ਲੰਗਰ ਛਕਿਆ। ਬੁੱਕ ਸਟਾਲ ਤੇ ਕੁਝ ਕਿਤਾਬਾਂ ਲੋਕੀ ਖਰੀਦ ਰਹੇ ਸਨ। ਅਖੀਰ ਵਿਚ ਪ੍ਰਭਜੀਤ ਸਿੰਘ ਜੀ ਨੇ ਸਭਨਾਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਅੰਧ ਵਿਸ਼ਵਾਸ ਅਤੇ ਜਾਤ ਪਾਤ ਤੋਂ ਉਪਰ ਉੱਠ ਕੇ ਮਹਾਂਪੁਰਸ਼ਾਂ ਦੇ ਰਸਤੇ ਉਪਰ ਚੱਲੋ, ਜਿਸ ਨਾਲ ਸਾਡੇ ਸਮਾਜ ਦਾ ਭਲਾ ਹੋਵੇਗਾ।

# ਭਾਰਤ 'ਤੇ ਨਿਰਭਰ ਹੈ ਕੋਰੋਨਾ ਦਾ ਭਵਿੱਖ, ਪਹਿਲਾਂ ਵੀ ਅਜਿਹੇ ਦੁਸ਼ਮਣਾਂ ਨੂੰ ਹਰਾਇਆ- WHO

**ਵਾਸ਼ਿੰਗਟਨ–** ਕੋਰੋਨਾ ਵਾਇਰਸ ਨੂੰ ਹਰਾਉਣ 'ਚ ਭਾਰਤ ਸਮੇਤ ਸਾਰੇ ਦੇਸ਼ਾਂ ਨੇ ਆਪਣੀ ਪੂਰੀ ਤਾਕਤ ਲਾ ਦਿੱਤੀ ਹੈ। ਭਾਰਤ 'ਚ ਹੁਣ ਤਕ ਕਮਿਊਨਿਟੀ ਟਰਾਂਸਮਿਸ਼ਨ ਨਹੀਂ ਆਈ ਹੈ। ਇਸ ਦੌਰਾਨ ਵਿਸ਼ਵ ਸਿਹਤ ਸੰਗਠਨ (WHO) ਦੇ ਡਾਇਰੈਕਟਰ ਡਾ. ਮਾਈਕਲ ਜੇ ਰਾਇਨ ਨੇ ਕਿਹਾ ਹੈ ਕਿ ਕੋਰੋਨਾ ਵਾਇਰਸ (COVID19) ਦਾ ਭਵਿੱਖ 'ਚ ਕਿਵੇਂ ਦਾ ਅਸਰ ਰਹੇਗਾ, ਇਹ ਭਾਰਤ ਵਰਗੇ ਵੱਡੀ ਜਨਸੰਖਿਆ ਵਾਲੇ ਦੇਸ਼ਾਂ ਦੀ ਕਾਰਵਾਈ 'ਤੇ ਤੈਅ ਹੋਵੇਗਾ। ਉਨ੍ਹਾਂ ਕਿਹਾ, 'ਚੀਨ ਦੀ ਤਰ੍ਹਾਂ ਭਾਰਤ ਬਹੁਤ ਵੱਡੀ ਜਨਸੰਖਿਆ ਵਾਲਾ ਦੇਸ਼ ਹੈ। ਕੋਰੋਨਾ ਵਾਇਰਸ ਦੇ ਦੂਰਗਾਮੀ ਨਤੀਜੇ ਇਸ ਉੱਤੇ ਨਿਰਭਰ ਕਰਨਗੇ ਕਿ ਵੱਡੀ ਜਨਸੰਖਿਆ ਵਾਲੇ ਦੇਸ਼ ਇਸ ਸਬੰਧੀ ਕੀ ਕਦਮ ਉਠਾਉਂਦੇ ਹਨ।



ਇਹ ਬੇਹੱਦ ਜ਼ਰੂਰੀ ਹੈ ਕਿ ਭਾਰਤ ਲੋਕਾਂ ਦੀ ਸਿਹਤ ਦੇ ਪੱਧਰ 'ਤੇ ਕੜੇ ਤੇ ਗੰਭੀਰ ਫ਼ੈਸਲੇ ਆਪਣੇ ਲੋਕਾਂ ਲਈ ਲੈਣੇ ਜਾਰੀ ਰੱਖੇ।'

ਰਾਇਨ ਨੇ ਕਿਹਾ ਕਿ ਭਾਰਤ ਨੇ ਦੋ ਮੂਕ ਹਤਿਆਰਿਆਂ- ਸਮਾਲ ਪੌਕਸ ਤੇ ਪੋਲੀਏ ਦੇ ਖ਼ਾਤਮੇ 'ਚ ਦੁਨੀਆ ਦੀ ਅਗਵਾਈ ਕੀਤੀ। ਭਾਰਤ 'ਚ ਜ਼ਬਰਦਸਤ ਸਮਰੱਥਾ ਹੈ, ਸਾਰੇ ਦੇਸ਼ਾਂ 'ਚ ਜ਼ਬਰਦਸਤ ਸਮਰੱਥਾ ਹੈ।

ਜਦੋਂ ਭਾਈਚਾਰਿਆਂ ਤੇ ਸਮਾਜ ਨੂੰ ਇਕਮੁੱਠ ਕੀਤਾ ਜਾਂਦਾ ਹੈ ਤਾਂ ਕੋਈ ਵੀ ਟੀਚਾ ਹਾਸਿਲ ਕੀਤਾ ਜਾ ਸਕਦਾ ਹੈ। ਦੱਸ ਦੇਈਏ ਕਿ ਭਾਰਤ ਨੇ ਪੋਲੀਆ ਨਾਲ ਲੰਬੀ ਲੜਾਈ ਲੜੀ ਤੇ ਕੁਝ ਸਾਲਾਂ 'ਚ ਹੀ ਪੋਲੀਓ ਮੁਕਤ ਹੋ ਗਿਆ। ਦੱਸ ਦੇਈਏ ਕਿ ਭਾਰਤ 'ਚ ਹੁਣ ਤਕ ਕੋਰੋਨਾ ਵਾਇਰਸ ਦੇ ਕਰੀਬ 500 ਮਾਮਲੇ ਸਾਹਮਣੇ ਆਏ ਹਨ। ਭਾਰਤ 'ਚ ਹੁਣ ਇਹ ਮਹਾਮਾਰੀ ਸਿਰਫ਼ ਦੂਸਰੇ ਪੜਾਅ ਤਕ ਪਹੁੰਚੀ ਹੈ। ਸਾਡੀ ਇਹ ਕੋਸ਼ਿਸ਼ ਹੈ ਕਿ ਇਹ ਤੀਸਰੇ ਪੜਾਅ ਯਾਨੀ ਕਮਿਊਨਿਟੀ ਟਰਾਂਸਮਿਸ਼ਨ (ਜਿੱਥੇ ਪਤਾ ਨਹੀਂ ਚੱਲਦਾ ਕਿ ਵਾਇਰਸ ਕਿਸ ਦੀ ਵਜ੍ਹਾ ਨਾਲ ਕਿਸੇ ਸ਼ਖ਼ਸ 'ਚ ਆਇਆ) ਤਕ ਨਹੀਂ ਪੁੱਜਾ ਹੈ। ਭਾਰਤ ਪੂਰੀ ਤਾਕਤ ਨਾਲ ਕੋਰੋਨਾ ਵਾਇਰਸ ਨਾਲ ਜੰਗ ਲੜ ਰਿਹਾ ਹੈ ਤੇ ਡਬਲਯੂਐੱਚਓ ਸਮੇਤ ਸਾਰੇ ਇਸ ਦੀ ਤਾਰੀਫ਼ ਕਰ ਰਹੇ ਹਨ।

# ਕੋਰੋਨਾ ਵਾਇਰਸ

ਪੂਰੀ ਧਰਤੀ ਉੱਤੇ ਅਫ਼ਰਾ- ਤਫ਼ਰੀ ਹੈ  
ਇਹ ਕੀ ਚੰਦ ਚੜਾਏ ਕੋਰੋਨਾ ਵਾਇਰਸ ਨੇ

ਟ੍ਰੇਨਾਂ ਟਰੂਨਾ ਦੀ ਤਾਂ ਗੱਲ ਇੱਕ ਪਾਸੇ ਰਹੀ  
ਜਹਾਜ ਬੰਦ ਕਰਵਾਏ ਕੋਰੋਨਾ ਵਾਇਰਸ ਨੇ

ਵਿੱਚ ਅਕਾਸ਼ ਦੇ ਲੋਕ ਜੋ ਉੱਡੀ ਫਿਰਦੇ ਸਨ  
ਮੰਜਿਆਂ ਉੱਤੇ ਪਾਏ ਕੋਰੋਨਾ ਵਾਇਰਸ ਨੇ

ਅਮੀਰ ,ਗਰੀਬ ,ਮਾੜੇ ਜਾਂ ਹੋਣ ਰਿਸ਼ਟਪੁਸ਼ਟ  
ਸੱਭ ਦੇ ਹੌਸਲੇ ਢਾਏ ਕੋਰੋਨਾ ਵਾਰਿਰਸ ਨੇ

ਵਲਡ ਵਾਰ ਦੀ ਏਥੇ ਨਹੀ ਕੋਈ ਚਰਚਾ ਸੀ  
ਇਹ ਕੀ ਬੰਬ ਵਰਸਾਏ ਕੋਰੋਨਾ ਵਾਇਰਸ ਨੇ

ਅਪਣੀ ਚਾਲੇ ਸੱਭ ਕੁੱਝ ਏਥੇ ਚਲ ਰਿਹਾ ਸੀ  
ਥਾਂ ਥਾਂ ਭੜਥੂ ਪਾਏ ਕੋਰੋਨਾ ਵਾਇਰਸ ਨੇ

ਧੁਰ ਅੰਦਰ ਤੱਕ ਹਰ ਕੋਈ ਡਰਿਆ ਲਗਦਾ ਹੈ  
ਮੂੰਹ 'ਤੇ ਮਾਸਕ ਪੁਆਏ ਕੋਰੋਨਾ ਵਾਇਰਸ ਨੇ

ਲਗਾਤਾਰ ਮਨਹੂਸ ਖ਼ਬਰਾਂ ਆ ਰਹੀਆਂ  
ਕਿੰਨੇ ਮਾਰ ਮੁਕਾਏ ਕੋਰੋਨਾ ਵਾਇਰਸ ਨੇ

ਹਜ਼ਾਰਾਂ ਮਰ ਗਏ ਤੇ ਹਨ ਕਈ ਬਿਮਾਰ ਅਜੇ  
ਬਹੁਤ ਹੀ ਕਹਿਰ ਢਾਏ ਕੋਰੋਨਾ ਵਾਇਰਸ ਨੇ

ਦੇਸ਼ ਬਦੇਸ਼ 'ਚ ਬੱਚੇ ਜਿਨਾ ਦੇ ਪੜਣ ਗਏ  
ਮਾਪੇ ਫ਼ਿਕਰ 'ਚ ਪਾਏ ਕੋਰੋਨਾ ਵਾਇਰਸ ਨੇ

ਮੁਸਕਰਾਂਉਂਦੇ ,ਹੱਸਦੇ ਅਤੇ ਹਸਾਉਂਦਿਆਂ ਦੀ  
ਕਰਵਾ ਦਿੱਤੀ ਹਾਏ ਹਾਏ ਕੋਰੋਨਾ ਵਾਇਰਸ ਨੇ

ਟੇਰਕਿਆਨਾ ਹਰ ਕੋਈ ਭੈਅ ਭੀਤ ਹੋਇਆ  
ਏਨੇ ਲੋਕ ਡਰਾਏ ਕੋਰੋਨਾ ਵਾਇਰਸ ਨੇ

**ਰਘਵੀਰ ਸਿੰਘ ਟੇਰਕਿਆਨਾ**  
91-98141-73402

# ਚੀਨ 'ਚ ਬਹੁਤ ਜ਼ਿਆਦਾ ਹੋ ਸਕਦੈ ਮੌਤ ਦਾ ਅੰਕੜਾ

**ਵਾਸ਼ਿੰਗਟਨ–** ਚੀਨ 'ਚ ਕੋਰੋਨਾ ਵਾਇਰਸ ਕਾਰਨ ਹੋਈਆਂ ਮੌਤਾਂ ਦਾ ਜੋ ਅੰਕੜਾ ਸਾਹਮਣੇ ਆ ਰਿਹਾ ਹੈ ਉਸ 'ਤੇ ਸਵਾਲ ਉੱਠਣ ਲੱਗੇ ਹਨ। ਕਈ ਚੀਨੀਆਂ ਨੇ ਮੋਬਾਈਲ ਫੋਨ ਯੂਜ਼ਰਸ ਦੀ ਗਿਣਤੀ ਵਿਚ ਭਾਰੀ ਗਿਰਾਵਟ ਦਾ ਹਵਾਲਾ ਦਿੰਦੇ ਹੋਏ ਦਾਅਵਾ ਕੀਤਾ ਕਿ ਇਹ ਅੰਕੜਾ ਜ਼ਿਆਦਾ ਹੋ ਸਕਦਾ ਹੈ। ਜ਼ਿਕਰਯੋਗ ਹੈ ਕਿ ਚੀਨ ਵਿਚ ਸਾਰੀਆਂ ਖ਼ਬਰਾਂ ਅਤੇ ਸੂਚਨਾਵਾਂ 'ਤੇ ਸਰਕਾਰ ਦਾ ਕੰਟਰੋਲ ਹੁੰਦਾ ਹੈ।

ਚੀਨ ਸਰਕਾਰ ਨੇ ਵਾਇਰਸ ਨਾਲ ਹੁਣ ਤਕ 3,270 ਲੋਕਾਂ ਦੀ ਮੌਤ ਅਤੇ 81,093 ਦੇ ਪ੍ਰਭਾਵਿਤ ਹੋਣ ਦੀ ਪੁਸ਼ਟੀ ਕੀਤੀ ਹੈ। ਤਿੰਨ ਮਹੀਨੇ ਪਹਿਲੇ ਮੱਧ ਚੀਨ ਦੇ ਵੂਹਾਨ ਸ਼ਹਿਰ ਤੋਂ ਕੋਰੋਨਾ ਵਾਇਰਸ ਫੈਲਿਆ ਸੀ। ਕਈ ਚੀਨੀ ਨਾਗਰਿਕਾਂ ਨੇ ਵੀਡੀਓ ਅਤੇ ਦਸਤਾਵੇਜ਼ਾਂ ਰਾਹੀਂ ਸਰਕਾਰੀ ਅੰਕੜਿਆਂ 'ਤੇ ਸਵਾਲ ਖੜ੍ਹੇ ਕੀਤੇ ਹਨ। ਉਨ੍ਹਾਂ ਨੇ ਦਾਅਵਾ ਕੀਤਾ ਕਿ ਚੀਨ ਵਿਚ ਬੀਤੇ ਤਿੰਨ ਮਹੀਨੇ ਵਿਚ 2.1 ਕਰੋੜ ਮੋਬਾਈਲ ਫੋਨ ਯੂਜ਼ਰ ਘੱਟ ਹੋ ਗਏ। ਨਿਊਯਾਰਕ 'ਚ ਰਹਿਣ ਵਾਲੀ ਚੀਨੀ ਬਲਾਗਰ ਜੈਨੀਫਰ ਜੇਂਗ ਨੇ ਮੋਬਾਈਲ ਯੂਜ਼ਰਸ ਨੂੰ ਲੈ ਕੇ 19 ਮਾਰਚ ਨੂੰ ਜਾਰੀ ਹੋਏ ਚੀਨ ਦੇ ਸਰਕਾਰੀ ਮਾਸਿਕ ਡਾਟਾ ਨੂੰ ਸੋਸ਼ਲ ਮੀਡੀਆ ਵਿਚ ਪੋਸਟ ਕੀਤਾ ਹੈ। ਇਸ ਡਾਟਾ ਅਨੁਸਾਰ ਸੈੱਲਫੋਨ ਯੂਜ਼ਰਸ ਦੀ ਗਿਣਤੀ 1.60 ਅਰਬ ਤੋਂ ਘੱਟ ਕੇ 1.58 ਅਰਬ ਰਹਿ ਗਈ ਹੈ। ਇਸੇ ਤਰ੍ਹਾਂ ਲੈਂਡਲਾਈਨ ਯੂਜ਼ਰਸ ਦਾ ਅੰਕੜਾ 19.83 ਕਰੋੜ ਤੋਂ ਘੱਟ ਹੋ ਕੇ 18.99 ਕਰੋੜ ਰਹਿ ਗਿਆ ਹੈ। ਜੇਂਗ ਨੇ ਇਸ਼ਾਰਿਆਂ ਵਿਚ ਕਿਹਾ ਕਿ ਇਹ ਅਕਾਊਂਟ ਕੋਰੋਨਾ ਵਾਇਰਸ ਨਾਲ ਹੋਈਆਂ ਮੌਤਾਂ ਕਾਰਨ ਬੰਦ ਹੋ ਸਕਦਾ ਹੈ।

**ਚੀਨੀ ਮੋਬਾਈਲ ਕੰਪਨੀਆਂ ਦੇ ਯੂਜ਼ਰਸ ਘਟੇ**

ਅਮਰੀਕਾ ਤੋਂ ਸੰਚਾਲਿਤ ਸੁਤੰਤਰ ਮੀਡੀਆ ਈਪੋਕ ਟਾਈਮਜ਼ ਨੇ ਆਪਣੀ ਖ਼ਬਰ ਵਿਚ ਦੱਸਿਆ ਹੈ ਕਿ ਚੀਨੀਆਂ ਦੇ ਜੀਵਨ ਵਿਚ ਸੈੱਲਫੋਨ ਕਿੰਨਾ ਅਹਿਮ ਹੈ? ਚੀਨੀ ਮੂਲ ਦੇ ਅਮਰੀਕੀ ਵੱਲੋਂ ਸੰਚਾਲਿਤ ਇਸ ਅਖ਼ਬਾਰ ਨੇ ਦੱਸਿਆ ਕਿ ਚੀਨ ਵਿਚ ਸਰਕਾਰੀ ਕੰਟਰੋਲ ਵਾਲੀ ਉੱਚ ਪੱਧਰੀ ਸੰਚਾਰ ਤਕਨਾਲੋਜੀ ਦੀ ਵਰਤੋਂ ਹੁੰਦੀ ਹੈ। ਚੀਨ ਸਰਕਾਰ ਨੇ ਪਿਛਲੇ ਸਾਲ ਇਕ ਦਸੰਬਰ ਨੂੰ ਸੈੱਲਫੋਨ ਰੱਖਣ ਲਈ ਫੇਸ਼ੀਅਲ ਸਕੈਨ ਲਾਜ਼ਮੀ ਕਰ ਦਿੱਤਾ ਸੀ। ਅਖ਼ਬਾਰ ਨੇ ਚੀਨ ਦੀਆਂ ਸਾਰੀਆਂ ਤਿੰਨੋਂ ਮੋਬਾਈਲ ਫੋਨ ਸੇਵਾ ਪ੍ਰਦਾਨ ਕਰਨ ਵਾਲੀਆਂ ਕੰਪਨੀਆਂ ਦੇ ਡਾਟਾ ਦੇ ਹਵਾਲੇ ਨਾਲ ਦੱਸਿਆ ਕਿ ਪਿਛਲੇ ਸਾਲ ਦਸੰਬਰ ਵਿਚ ਸੈੱਲਫੋਨ ਯੂਜ਼ਰਸ ਦੀ ਗਿਣਤੀ ਵਿਚ ਵਾਧਾ ਦਰਜ ਕੀਤਾ ਗਿਆ ਸੀ। ਚੀਨ ਦੀ 60 ਫ਼ੀਸਦੀ ਮੋਬਾਈਲ ਮਾਰਕੀਟ 'ਤੇ ਕੰਟਰੋਲ ਰੱਖਣ ਵਾਲੀ ਕੰਪਨੀ ਚਾਈਨਾ ਮੋਬਾਈਲ ਨੇ ਦੱਸਿਆ ਕਿ ਦੇਸ਼ ਵਿਚ ਫੇਸ਼ੀਅਲ ਸਕੈਨ ਲਾਜ਼ਮੀ ਹੋਣ ਪਿੱਛੋਂ ਦਸੰਬਰ ਵਿਚ 30.73 ਲੱਖ ਨਵੇਂ ਉਪਭੋਗਤਾ ਜੁੜੇ ਸਨ ਪ੍ਰੰਤੂ ਜਨਵਰੀ ਵਿਚ ਅੱਠ ਲੱਖ 62 ਹਜ਼ਾਰ ਅਤੇ ਫਰਵਰੀ ਵਿਚ 72 ਲੱਖ ਉਪਭੋਗਤਾ ਘੱਟ ਹੋ ਗਏ। ਇਸੇ ਤਰ੍ਹਾਂ ਚਾਈਨਾ ਟੈਲੀਕਾਮ ਨੇ ਜਨਵਰੀ ਵਿਚ ਚਾਰ ਲੱਖ ਤੀਹ ਹਜ਼ਾਰ ਅਤੇ ਫਰਵਰੀ ਵਿਚ 56 ਲੱਖ ਯੂਜ਼ਰਸ ਘੱਟਣ ਦੀ ਜਾਣਕਾਰੀ ਦਿੱਤੀ।

ਚੀਨ ਦੇ ਰਾਸ਼ਟਰੀ ਸਿਹਤ ਕਮਿਸ਼ਨ ਨੇ ਕਿਹਾ ਹੈ ਕਿ ਕਰੀਬ 89 ਫ਼ੀਸਦੀ ਕੋਰੋਨਾ ਪੀੜਤ ਠੀਕ ਹੋ ਚੁੱਕੇ ਹਨ। ਦੇਸ਼ ਵਿਚ ਇਕ ਦਿਨ ਦੇ ਅੰਤਰਾਲ ਪਿੱਛੋਂ ਫਿਰ ਕੋਈ ਨਵਾਂ ਮਾਮਲਾ ਸਾਹਮਣੇ ਨਹੀਂ ਆਇਆ।

# ਐਨ.ਆਰ.ਆਈ. ਵੱਲੋਂ ਸਰਕਾਰੀ ਸਕੂਲ ਦੀ ਮਾਇਕ ਸਹਾਇਤਾ

**ਲੋਹੀਆਂ ਖਾਸ–** ਸਥਾਨਕ ਸਰਕਾਰੀ ਪ੍ਰਾਇਮਰੀ ਸਕੂਲ (ਲੜਕੇ) ਵਿਖੇ ਐਨ. ਆਰ. ਆਈ. ਮਾ. ਸੰਤੋਖ ਸਿੰਘ ਵੱਲੋਂ ਸਕੂਲ ਦੇ ਵਿਹੜੇ ਨੂੰ ਉੱਚਾ ਕਰਨ ਤੇ ਚੱਲ ਰਹੇ ਰਿਪੇਅਰ ਦੇ ਕੰਮ ਨੂੰ ਦੇਖਦੇ ਹੋਏ ਸਕੂਲ ਦੀ ਮਾਇਕ ਸਹਾਇਤਾ ਕਰਦੇ ਹੋਏ ਗਿਆਰਾਂ ਹਜ਼ਾਰ ਰੁਪਏ ਦੀ ਮਾਇਕ ਸਹਾਇਤਾ ਕੀਤੀ ਗਈ, ਜਿਸ 'ਤੇ ਨਿਰਮਲ ਸਿੰਘ ਸੀ. ਐਚ. ਟੀ. ਵੱਲੋਂ ਮਾ. ਸੰਤੋਖ ਸਿੰਘ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਮੈਡਮ ਕਿਰਨਪ੍ਰੀਤ ਕੌਰ, ਮਾ. ਪਰਮਿੰਦਰ ਸਿੰਘ, ਬਰਿੰਦਰਪਾਲ ਸਿੰਘ, ਬਸੰਤ ਕੌਰ, ਸੁਸ਼ਮਾ ਸੈਣੀ, ਮਨਪ੍ਰੀਤ ਸਮੇਤ ਹੋਰ ਪਤਵੰਤੇ ਸੱਜਣ, ਸਕੂਲ ਅਧਿਆਪਕ ਤੇ ਵਿਦਿਆਰਥੀ ਮੌਜੂਦ ਸਨ।



A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Service


Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਪ੍ਰਵਾਸੀ ਪੰਜਾਬੀਆਂ ਨੂੰ ਕਰੋਨਾ ਦੀ ਸ਼ਿਕਾਇਤ ਕਾਰਨ ਕਈ ਪਿੰਡ ਸੀਲ ਕੀਤੇ






ਪਠਲਾਵੇ ਪਿੰਡ ਦਾ ਬਲਦੇਵ ਸਿੰਘ ਜਰਮਨ ਤੋਂ ਇਟਲੀ ਅਤੇ ਫਿਰ ਪੰਜਾਬ ਮਾਰਚ ਦੇ ਪਹਿਲੇ ਹਫਤੇ ਆਇਆ ਸੀ। ਫਿਰ ਉਹ ਹੋਲੇ ਮਹਲੇ ਤੇ ਅਨੰਦਪੁਰ ਸਾਹਿਬ ਗਿਆ ਤੇ ਇਲਾਕੇ ਵਿਚ ਵੀ ਘੁੰਮਦਾ ਰਿਹਾ। ਉਸ ਦੀ ਮੌਤ 19 ਮਾਰਚ ਨੂੰ ਹੋਈ। ਤਕਰੀਬਨ 14 -15 ਦਿਨ ਉਹ ਰਿਸ਼ਤੇਦਾਰੀ ਚ ਘੁੰਮਦਾ ਰਿਹਾ ਕਿੰਨੇ ਬੰਦਿਆਂ ਨਾਲ ਉਸ ਨੇ ਹੱਥ ਮਿਲਾਇਆ ਹੋਵੇਗਾ ਕਿੰਨਿਆਂ ਨਾਲ ਬਹਿ ਕੇ ਚਾਹ ਪਾਣੀ ਪੀਤਾ ਹੋਵੇਗਾ ਅਤੇ ਉਹਨਾਂ ਬੰਦਿਆਂ ਨੇ ਅੱਗੇ ਕਿੰਨੇ ਹੋਰ ਬੰਦਿਆਂ ਨਾਲ ਮੇਲ ਮਿਲਾਪ ਕੀਤਾ ਹੋਵੇਗਾ। ਇੱਦਾਂ ਅੱਗੇ ਦੀ ਅੱਗੇ ਨਵਾਂਸ਼ਹਿਰ ਅਤੇ ਦੋਆਬੇ ਵਿਚ ਇਹ ਚੈਨ ਇਸ ਵੇਲੇ ਚਲ ਰਹੀ ਆ ਜਿਹੜੀ ਕਿ ਪੰਜਾਬ ਦੇ ਦੋਆਬੇ ਨੂੰ ਚੀਨ ਦੇ ਵੁਹਾਨ ਅਤੇ ਇਟਲੀ ਵਾਂਗ ਬਿਮਾਰੀ ਦਾ ਸੈਂਟਰ ਬਣਾ ਸਕਦੀ ਹੈ ਪਰ ਅਸੀਂ ਇਸ ਨੂੰ ਰੋਕ ਸਕਦੇ ਹਾਂ। ਸਾਰੇ ਸੱਜਣਾ ਮਿੱਤਰਾਂ ਰਿਸ਼ਤੇਦਾਰਾਂ ਨੂੰ ਮਿੰਨਤ ਹੀ ਆ ਕਿ ਪੂਰੀ ਤਰ੍ਹਾਂ ਆਪਣੇ ਘਰ ਵਿਚ ਹੀ ਰਹੋ ਅਤੇ ਇੱਕ ਪਰਸੈਂਟ ਵੀ ਰਿਸਕ ਨਾ ਲਓ। ਪਿੰਡ ਵਿਚ ਵੀ ਮੁਹੱਲੇ ਵਿਚ ਵੀ ਇਕ ਦੂਜੇ ਨਾਲ ਮਿਲਵਰਤਣ ਨਾ ਕਰੋ, ਘੱਟੋ ਘੱਟੋ 15 ਦਿਨ ਹੋਰ ਹੱਥ ਧੋਂਦੇ ਰਹੋ। ਸਮਾਂ ਰਹਿ-ਂਦੇ ਆਪਾਂ ਇਸ ਬਿਮਾਰੀ ਨੂੰ ਹਾਲੇ ਰੋਕ ਸਕਦੇ ਹਾਂ ਪਰ ਇਕ ਵਾਰ ਜੇ ਚੀਨ ਜਾ ਇਟਲੀ ਵਾਂਙ ਖੁੰਝ ਗਏ ਫਿਰ ਪਛਤਾਉਣ ਦਾ ਮੌਕਾ ਵੀ ਨਹੀਂ ਮਿਲਣਾ।

ਸੋ ਬੇਨਤੀ ਹੈ ਖੁਦ ਵੀ ਤੇ ਆਪਣੇ ਜਿੰਨੇ ਮਿੱਤਰ ਪਿਆਰੇ ਸੱਜਣ ਯਾਰ ਦੋਸਤ ਰਿਸ਼ਤੇਦਾਰ Boyfriend Girl-friend ਮੰਗੇਤਰ ਸਹੁਰੇ ਭੈਣ ਭਾਈ ਹਨ ਸਭ ਨੂੰ ਫੋਨ ਕਰ ਕੇ ਅਤੇ ਇਹ ਮੈਸਜ ਭੇਜ ਕੇ ਸੁਚੇਤ ਕਰੋ। ਇਹ ਲੜਾਈ ਸਾਡੀ ਅਤੇ ਪੰਜਾਬ ਦੀ ਹੋਂਦ ਦੀ ਲੜਾਈ ਵੀ ਸਿੱਧ ਹੋ ਸਕਦੀ ਹੈ। ਆਪਣਾ ਬਚਾਓ ਹੀ ਦੂਜਿਆਂ ਦਾ ਬਚਾਓ ਹੈ। ਪੜ੍ਹਨ ਲਈ ਅਤੇ ਅੱਗੇ ਭੇਜਣ ਧੰਨਵਾਦ ਜੀ।

**ਪਠਲਾਵਾ ਮਗਰੋਂ ਝਿੱਕਾ ਤੇ ਸੁੱਜੋਂ ਪਿੰਡ ਵੀ ਸੀਲ**

ਕਰੋਨਾਵਾਇਰਸ ਦੀ ਮਾਰ ਹੇਠ ਆਏ ਪਿੰਡ ਪਠਲਾਵਾ ਤੋਂ ਬਾਅਦ ਹੁਣ ਨੇੜਲੇ ਪਿੰਡ ਸੁੱਜੋਂ ਤੇ ਝਿੱਕਾ ਲਧਾਣਾ ਨੂੰ ਵੀ ਸੀਲ ਕਰ ਦਿੱਤਾ ਗਿਆ ਹੈ। ਇਨ੍ਹਾਂ ਪਿੰਡਾਂ 'ਚ ਅੱਜ ਸੱਤ ਨਵੇਂ ਕੇਸ ਪਾਜ਼ੇਟਿਵ ਆਉਣ ਤੋਂ ਬਾਅਦ ਪ੍ਰਸ਼ਾਸਨ ਵਲੋਂ ਇਹ ਕਾਰਵਾਈ ਕੀਤੀ ਗਈ ਹੈ। ਪਿੰਡ ਪਠਲਾਵਾ ਵਾਸੀ ਬਲਦੇਵ ਸਿੰਘ ਦੀ ਮੌਤ ਤੋਂ ਬਾਅਦ ਉਸ ਨਾਲ ਸੰਪਰਕ 'ਚ ਆਉਣ ਵਾਲੇ ਨੇੜਲੇ ਸਾਕ-ਸਬੰਧੀਆਂ 'ਚ ਪਹਿਲਾਂ ਛੇ ਜਣਿਆਂ ਦੀ ਰਿਪੋਰਟ ਪਾਜ਼ੇਟਿਵ ਆਈ ਸੀ। ਹੁਣ ਨਵੇਂ ਸੱਤ ਜਣਿਆਂ 'ਚ ਪਿੰਡ ਪਠਲਾਵਾ ਦੇ ਧਾਰਮਿਕ ਅਸਥਾਨ ਦੇ ਮੁਖੀ ਗੁਰਬਚਨ ਸਿੰਘ, ਪਿੰਡ ਸੁੱਜੋਂ ਵਾਸੀ ਦਲਜਿੰਦਰ ਸਿੰਘ ਸ਼ਾਮਲ ਹਨ। ਦੱਸਿਆ ਜਾ ਰਿਹਾ ਹੈ ਇਹ ਤਿੰਨੋਂ ਜਣੇ ਕੁਝ ਦਿਨ ਪਹਿਲਾਂ ਇਕੱਠੇ ਹੀ ਇਟਲੀ ਤੋਂ ਜਰਮਨੀ ਰਾਹੀਂ ਵਤਨ ਵਰਤੇ ਸਨ। ਅੱਜ ਪਾਜ਼ੇਟਿਵ ਪਾਏ ਗਏ ਕੇਸਾਂ 'ਚ ਪਿੰਡ ਪਠਲਾਵਾ ਦੇ ਸਰਪੰਚ ਹਰਪਾਲ ਸਿੰਘ ਵੀ ਸ਼ਾਮਲ ਹਨ। ਪਠਲਾਵਾ ਵਿਚੋਂ 32 ਜਣਿਆਂ ਦੀ ਜਾਂਚ ਕਰਨ ਲਈ ਸੂਚੀ ਦਿੱਤੀ ਗਈ ਸੀ ਜਿਨ੍ਹਾਂ 'ਚੋਂ ਅੱਜ ਚਾਰ ਹੋਰਾਂ ਦੇ ਸੈਂਪਲ ਜਾਂਚ ਲਈ ਭੇਜੇ ਗਏ ਹਨ। ਪਿੰਡ ਪਠਲਾਵਾ 'ਚ ਪਤਵੰਤਿਆਂ ਵਲੋਂ ਸਾਂਝੇ ਰੂਪ 'ਚ ਕੈਂਪ ਲਾ ਕੇ ਲੋਕਾਂ ਨੂੰ ਲੋੜੀਂਦੀਆਂ ਵਸਤੂਆਂ ਮੁਹੱਈਆ ਕਰਨ ਦਾ ਕਾਰਜ ਨਿਰੰਤਰ ਜਾਰੀ ਹੈ। ਦੱਸਣਯੋਗ ਹੈ ਕਿ ਪਿੰਡ ਪਠਲਾਵਾ 'ਚ ਸਥਾਪਿਤ ਧਾਰਮਿਕ ਅਸਥਾਨ 'ਚ ਇਨ੍ਹਾਂ ਪਿੰਡਾਂ ਵਾਲਿਆਂ ਦਾ ਆਉਣ-ਜਾਣ ਬਣਿਆ ਰਹਿੰਦਾ ਹੈ।

ਇਲਾਕੇ 'ਚ ਸਹਿਮ ਵਧਦਾ ਜਾ ਰਿਹਾ ਹੈ। ਕਿਸੇ ਵੀ ਕਿਸਮ ਦੀ ਹੰਗਾਮੀ ਹਾਲਤ ਨਾਲ ਨਜਿੱਠਣ ਲਈ ਜ਼ਿਲ੍ਹੇ ਦੇ ਸਰਕਾਰੀ ਤੇ ਨਿੱਜੀ ਹਸਪਤਾਲਾਂ 'ਚ 'ਵੱਖਰੇ ਵਾਰਡ' ਬਣਾਏ ਗਏ ਹਨ। ਡਿਪਟੀ ਕਮਿਸ਼ਨਰ ਵਿਨੇ ਬਬਲਾਨੀ ਨੇ ਦੱਸਿਆ ਕਿ ਇਨ੍ਹਾਂ ਪਿੰਡਾਂ 'ਚ ਤਾਇਨਾਤ ਕੀਤੇ ਗਏ ਵੱਖ-ਵੱਖ ਵਿਸ਼ੇਸ਼ ਕਾਰਜਕਾਰੀ ਮੈਜਿਸਟ੍ਰੇਟ 24 ਘੰਟੇ ਡਿਊਟੀ 'ਤੇ ਹਾਜ਼ਰ ਰਹਿਣਗੇ ਅਤੇ ਪ੍ਰਭਾਵਿਤ ਪਿੰਡਾਂ 'ਚ ਰਾਸ਼ਨ, ਬਿਜਲੀ ਅਤੇ ਪਾਣੀ ਦੀ ਸਪਲਾਈ 'ਚ ਮਦਦ ਕਰਨਗੇ।

# ਜਾਂਚ 'ਚ ਦੇਰੀ ਦੇ ਕਾਰਨ ਅਮਰੀਕਾ 'ਚ ਵਿਗੜੇ ਹਾਲਾਤ

**ਵਾਸ਼ਿੰਗਟਨ-** ਅਮਰੀਕਾ 'ਚ ਕੋਰੋਨਾ ਵਾਇਰਸ ਕਾਰਨ ਹਾਲਾਤ ਵਿਗੜਨ ਦੇ ਪਿੱਛੇ ਦੇਸ਼ ਦੀ ਚੋਟੀ ਦੀ ਸਿਹਤ ਏਜੰਸੀ ਦੇ ਪੱਧਰ 'ਤੇ ਹੋਈ ਵੱਡੀ ਲਾਪਰਵਾਹੀ ਨੂੰ ਮੁੱਖ ਕਾਰਨ ਦੱਸਿਆ ਜਾ ਰਿਹਾ ਹੈ। ਨਿਊਜ਼ ਏਜੰਸੀ ਆਸੋਸੀਏਟਡ ਪ੍ਰੈੱਸ ਦੀ ਸਮੀਖਿਆ 'ਚ ਪਤਾ ਲੱਗਾ ਹੈ ਕਿ ਜੰਗਲ 'ਚ ਲੱਗੀ ਅੱਗ ਵਾਂਗ ਮਹਾਮਾਰੀ ਨੂੰ ਪੂਰੇ ਅਮਰੀਕਾ 'ਚ ਫੈਲਣ ਦਿੱਤਾ ਗਿਆ। ਅਮਰੀਕਾ 'ਚ ਹੁਣ ਤਕ ਲਗਪਗ 44 ਹਜ਼ਾਰ ਲੋਕ ਇਨ-ਫੈਕਸ਼ਨ ਦੀ ਗ੍ਰਿਫ਼ਤ 'ਚ ਆਏ ਹਨ ਤੇ 560 ਦੀ ਮੌਤ ਹੋ ਚੁੱਕੀ ਹੈ। ਇਕ ਦਿਨ 'ਚ ਹੀ 10 ਹਜ਼ਾਰ ਤੋਂ ਜ਼ਿਆਦਾ ਨਵੇਂ ਮਾਮਲੇ ਸਾਹਮਣੇ ਆਏ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜ਼ਰੂਰੀ ਮੈਡੀਕਲ ਸਪਲਾਈ ਤੇ ਸੁਰੱਖਿਆ ਸਬੰਧੀ ਉਪਕਰਨਾਂ ਦੀ ਜਮ੍ਹਾਂਖੋਰੀ ਦੀ ਰੋਕਥਾਮ ਲਈ ਇਕ ਹੁਕਮ 'ਤੇ ਦਸਤਖ਼ਤ ਕੀਤੇ ਹਨ। ਟਰੰਪ ਨੇ ਇਸ ਮਹੀਨੇ ਦੀ ਸ਼ੁਰੂਆਤ 'ਚ ਅਮਰੀਕੀ ਨਾ-ਗਰਿਕਾਂ ਨੂੰ ਭਰੋਸਾ ਦਿੱਤਾ ਸੀ ਕਿ ਸੈਂਟਰ ਫਾਰ ਡਿਜ਼ੀਜ ਕੰਟਰੋਲ ਐਂਡ ਪ੍ਰੀਵੈਂਸ਼ਨ (ਸੀਡੀਸੀ) ਵੱਲੋਂ ਵਿਕਸਿਤ ਕੀਤੀ ਗਈ ਜਾਂਚ ਉੱਤਮ ਹੈ। ਕੋਈ ਵੀ ਜਾਂਚ ਕਰਵਾ ਸਕਦਾ ਹੈ ਪਰ ਲਗਪਗ ਦੋ ਮਹੀਨੇ ਪਹਿਲਾਂ ਪਹਿਲਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਵੀ ਅਮਰੀਕਾ 'ਚ ਹੁਣ ਤਕ ਕਈ ਲੋਕਾਂ ਦੀ ਜਾਂਚ ਤਕ ਨਹੀਂ ਹੋ ਸਕੀ। ਅਮਰੀਕੀ ਹੈਲਥ ਏਜੰਸੀ ਸੀਡੀਸੀ ਦੇ ਡਾਟਾ ਤੋਂ ਜਾਹਿਰ ਹੁੰਦਾ ਹੈ ਕਿ ਲੰਘੀ ਫਰਵਰੀ 'ਚ ਕੋਰੋਨਾ ਵਾਇਰਸ ਜਦੋਂ ਇਸ ਦੇਸ਼ 'ਚ ਆਪਣੀਆਂ ਜੜ੍ਹਾਂ ਪਸਾਰ ਰਿਹਾ ਸੀ ਤਾਂ ਉਸ ਦੌਰ 'ਚ ਸਰਕਾਰੀ ਲੈਬ 'ਚ ਸਿਰਫ 352 ਲੋਕਾਂ ਦੀ ਜਾਂਚ ਕੀਤੀ ਗਈ। ਅਮਰੀਕਾ 'ਚ ਪਿਛਲੇ ਮਹੀਨੇ ਔਸਤਨ ਰੋਜ਼ਾਨਾ ਇਕ ਦਰਜਨ ਲੋਕਾਂ ਦੀ ਜਾਂਚ ਕੀਤੀ ਗਈ। ਹੁਣ ਸਿਹਤ ਤੇ ਮਨੁੱਖੀ ਸੇਵਾ ਵਿਭਾਗ ਆਪਣੀਆਂ ਗਲਤੀਆਂ ਦਾ ਮੁਲਾਂਕਣ ਕਰਨ ਲਈ ਸਮੀਖਿਆ 'ਚ ਲੱਗਾ ਹੈ। ਵਿਸ਼ਵ ਸਿਹਤ ਸੰਗਠਨ ਦੇ ਮੁਖੀ ਟੇਡ੍ਰੋਸ ਅਦਨੋਮ ਘੇਬਰੇਸਸ ਨੇ ਕਿਹਾ, 'ਅਸੀਂ ਅੱਖਾਂ 'ਤੇ ਪੱਟੀ ਬੰਨ੍ਹ ਕੇ ਮੁਕਾਬਲਾ ਨਹੀਂ ਕਰ ਸਕਦੇ। ਅਸੀਂ ਜੇ ਇਹ ਨਹੀਂ ਜਾਣਦੇ ਕਿ ਕਿਹੜਾ ਇਨਫੈਕਸ਼ਨ ਦੀ ਗ੍ਰਿਫ਼ਤ 'ਚ ਹੈ ਤਾਂ ਇਸ ਮਹਾਮਾਰੀ ਨੂੰ ਰੋਕ ਨਹੀਂ ਸਕਦੇ।'

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਕੋ-ਰੋਨਾ ਵਾਇਰਸ ਦੇ ਇਲਾਜ 'ਚ ਮਲੇਰੀਆ ਰੋਕੂ ਦਵਾਈਆਂ ਨੂੰ ਪਰਖਿਆ ਜਾ ਰਿਹਾ ਹੈ। ਇਹ ਦਵਾਈਆਂ 'ਗਾਡ ਗਿਫਟ' ਹੋ ਸਕਦੀਆਂ ਹਨ। ਵਿਗਿਆਨਿਆਂ ਨੇ ਹਾਲਾਂਕਿ ਇਸ ਤਰ੍ਹਾਂ ਦੇ ਦਾਅਵਿਆਂ ਬਾਰੇ ਚਿਤਾਵਨੀ ਦਿੱਤੀ ਹੈ ਕਿਉਂਕਿ ਹਾਲੇ ਇਹ ਸਾਬਤ ਨਹੀਂ ਹੋਇਆ ਹੈ। ਟਰੰਪ ਨੇ ਪਿਛਲੇ ਹਫ਼ਤੇ ਇਹ ਐਲਾਨ ਕੀਤਾ ਸੀ ਕਿ ਉਨ੍ਹਾਂ ਦਾ ਪ੍ਰਸ਼ਾਸਨ ਹਾਈ ਡ੍ਰੋਕਸੀਕਲੋਰੋਕਵੀਨ ਤੇ ਕਲੋਰੋਕਵੀਨ 'ਤੇ ਕੰਮ ਕਰ ਰਿਹਾ ਹੈ।

## 4 ਅਪ੍ਰੈਲ ਦਾ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ.) ਦਾ ਸਮਾਗਮ ਮੁਲਤਵੀ

**ਚੰਡੀਗੜ (ਪ੍ਰੀਤਮ ਲੁਧਿਆਣਵੀ)-** 4 ਅਪ੍ਰੈਲ, 2020 ਦਾ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ.) ਦਾ ਸ਼ਿਵਾਲਿਕ ਪਬਲਿਕ ਸਕੂਲ, ਮੁਹਾਲੀ ਵਿਚ ਹੋਣ ਵਾਲਾ ਸਮਾਗਮ ਅੱਗੇ ਪਾ ਦਿੱਤਾ ਗਿਆ ਹੈ। ਪ੍ਰੈਸ ਨੂੰ ਇਹ ਜਾਣਕਾਰੀ ਸੰਸਥਾ ਦੇ ਪ੍ਰਧਾਨ ਲਾਲ ਸਿੰਘ ਲਾਲੀ, ਸਰਪ੍ਰਸਤ ਲਛਮਣ ਸਿੰਘ ਮੇਹੋ, ਬਲਵੰਤ ਸੱਲਣ ਅਤੇ ਅਹੁੱਦੇਦਾਰ ਬੰਮਜਣ ਸਿੰਘ ਸੈਣੀ, ਕ੍ਰਿਸ਼ਨ ਰਾਹੀ ਤੇ ਪਿਆਰਾ ਸਿੰਘ ਰਾਹੀ ਨੇ ਸਾਂਝੇ ਤੌਰ ਤੇ ਦਿੱਤੀ। ਉਨਾਂ ਦੱਸਿਆ ਕਿ ਅਜਿਹਾ ਫੈਸਲਾ ''ਕਰੋਨਾ ਵਾਇਰਸ'' ਦੀ ਬੀਮਾਰੀ ਕਾਰਨ ਮਜਬੂਰਨ ਲੈਣਾ ਪਿਆ ਹੈ। ਉਨਾਂ ਇਹ ਵੀ ਦੱਸਿਆ ਕਿ ਉਨਾਂ ਨੂੰ ਜਗਰਾਉਂ ਤੋਂ ਸੰਦੀਪ ਕੌਰ ਅਰਸ਼, ਮੁਕਤਸਰ ਤੋਂ ਜਸਪ੍ਰੀਤ ਕੌਰ ਮੁਕਤਸਰੀ, ਬਿੰਦਰ ਕੌਰ ਗੰਧੜ : ਮੋਰਿੰਡਾ ਤੋਂ ਗੁਰਮੀਤ ਕੌਰ ਵਜੀਦਪੁਰੀ, ਦਿਲਬਾਗ ਬੇਈਮਾਨ। ਬਨੂੜ ਤੋਂ ਐਡਵੋਕੇਟ ਬਵਨੀਤ ਕੌਰ, ਸ਼ਕਤੀ ਪ੍ਰਕਾਸ਼ : ਰੋਪੜ ਤੋਂ ਪ੍ਰੋ. ਕੁਲਵਿੰਦਰ ਸਿੰਘ ਬੱਬੂ : ਮੁਕੇਰੀਆਂ ਤੋਂ ਮਨਦੀਪ ਕੌਰ ਪ੍ਰੀਤ ਮੁਕੇਰੀਆਂ, ਸੁਖਦੇਵ ਕੌਰ ਚਮਕ, ਸੁਰਜੀਤ ਕੌਰ ਭੋਗਪੁਰ, ਜਸਪ੍ਰੀਤ ਕੌਰ ਸੰਘਾ, ਡਾਂ ਲਖਵਿੰਦਰਜੀਤ ਕੌਰ, ਜਸਵੀਰ ਕੁੱਲੀਆਂ ਵਾਲਾ, ਲੁਧਿਆਣਾ ਤੋਂ ਬਲਵੰਤ ਚਿਰਾਗ, ਜਰਨੈਲ ਹਸਨਪੁਰੀ, ਅਮਰਦੀਪ ਕੌਰ ਲੱਕੀ, ਮਨਿੰਦਰ ਕੌਰ ਮਨ, ਜਗਜੀਵਨ ਕੌਰ ਜਿੰਦ, ਗੁਰਕਮਲ, ਸਿਮਰਨ ਕੌਰ ਧੁੱਗਾ, ਮਨਜੀਤ ਕੌਰ ਧੀਮਾਨ, ਸਿੰਮਲ ਵਰਮਾ, ਤ੍ਰਿਪਤਾ ਬਰਮੌਤਾ, ਪਰਵਿੰਦਰ ਕੌਰ ਸੁੱਖ : ਬਰਨਾਲਾ ਤੋਂ ਮਮਤਾ ਸੇਤੀਆ ਸੇਖਾ, ਬਠਿੰਡਾ ਤੋਂ ਪਵਿੱਤਰ ਕੌਰ ਖਾਲਸਾ, ਹੁਸ਼ਿਆਰਪੁਰ ਤੋਂ ਕਮਲਜੀਤ ਕੌਰ ਕੋਮਲ, ਸਿਮਰਨਜੀਤ ਕੌਰ ਜੁਤਲਾ, ਅੰਜੂ ਵ ਰੱਤੀ, ਕਸ਼ਮੀਰ ਫੰਗੂੜਾ ਆਦਿ ਹਾਜਰ ਸਨ।


TANDOOR
Indian Restaurant
27167 Mission Blvd. Hayward, CA 95544


ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ
WE ARE SPECIALIST IN CATERING & SPECIAL ITEMS ARE AVAILABLE HERE :
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.

ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
BUFFET LUNCH 11:00 AM To 3:00 PM
We are open seven days 11 AM to 10 PM
Contact Us:
Ph. 510-885-1212
Fax. 510-885-1532



'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।
ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com

# ਕਰੋਨਾ ਵਾਇਰਸ ਕਾਰਨ ਪੰਜਾਬ ਮੁਕੰਮਲ ਬੰਦ; ਭਾਰਤ ਬੰਦ ਦੀ ਤਿਆਰੀ

**ਚੰਡੀਗੜ੍ਹ (ਬਿਊਰੋ)-** ਪੰਜਾਬ ਸਰਕਾਰ ਵੱਲੋਂ 'ਕਰੋਨਾ ਵਾਇਰਸ' (ਕੋਵਿਡ-19) ਦੇ ਖ਼ਤਰੇ ਨੂੰ ਦੇਖਦਿਆਂ ਸਮੁੱਚੇ ਸੂਬੇ ਵਿੱਚ ਕਾਰੋਬਾਰ, ਬਾਜ਼ਾਰ ਅਤੇ ਜਨਤਕ ਖੇਤਰ ਦੀ ਟਰਾਂਸਪੋਰਟ 31 ਮਾਰਚ ਤੱਕ ਬੰਦ ਰੱਖਣ ਦੇ ਹੁਕਮ ਦਿੱਤੇ ਗਏ ਹਨ। ਪੂਰੇ ਸੂਬੇ ਵਿਚ ਧਾਰਾ 144 ਲਾ ਦਿੱਤੀ ਗਈ ਹੈ ਤੇ ਪੰਜ ਤੋਂ ਵੱਧ ਵਿਅਕਤੀਆਂ ਦੇ ਇਕੱਠ 'ਤੇ ਰੋਕ ਲਾ ਦਿੱਤੀ ਗਈ ਹੈ। ਡੀਜੀਪੀ ਨੂੰ ਵਾਧੂ ਪੁਲੀਸ ਫੋਰਸ ਤਾਇਨਾਤ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ। ਇਸ ਦੌਰਾਨ ਮੈਡੀਕਲ ਸਟੋਰ, ਹਸਪਤਾਲ, ਰਾਸ਼ਨ, ਸਬਜ਼ੀਆਂ, ਫ਼ਲ ਆਦਿ ਜ਼ਰੂਰੀ ਵਸਤਾਂ ਦੀਆਂ ਦੁਕਾਨਾਂ ਅਤੇ ਪੈਟਰੋਲ ਪੰਪ ਖੁੱਲ੍ਹੇ ਰਹਿਣਗੇ। ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਆ (ਡਿਜੀਟਲ ਮੀਡੀਆ) ਨੂੰ ਜ਼ਰੂਰੀ ਸੇਵਾਵਾਂ ਦੀ ਸ਼੍ਰੇਣੀ ਵਿਚ ਲਿਆਂਦਾ ਗਿਆ ਹੈ। ਸੂਤਰਾਂ ਦਾ ਇਹ ਵੀ ਦੱਸਣਾ ਹੈ ਕਿ 31 ਮਾਰਚ ਤੋਂ ਬਾਅਦ ਸਥਿਤੀ ਦੀ ਸਮੀਖ਼ਿਆ ਕਰਕੇ ਬੰਦ ਸਬੰਧੀ ਲਾਈਆਂ ਗਈਆਂ ਪਾਬੰਦੀਆਂ ਦੀ ਮਿਆਦ ਵਿੱਚ ਵਾਧਾ ਵੀ ਕੀਤਾ ਜਾ ਸਕਦਾ ਹੈ। ਕਰੋਨਾਵਾਇਰਸ ਦਾ ਸੂਬੇ ਵਿੱਚ ਪਸਾਰਾ ਵਧ ਰਿਹਾ ਹੈ। ਸਿਹਤ ਵਿਭਾਗ ਮੁਤਾਬਕ ਅੱਜ 9 ਨਵੇਂ ਮਾਮਲੇ ਸਾਹਮਣੇ ਆਏ ਹਨ। ਇਨ੍ਹਾਂ ਵਿੱਚੋਂ 5 ਮਾਮਲੇ ਸਿਰਫ਼ ਨਵਾਂਸ਼ਹਿਰ ਜ਼ਿਲ੍ਹੇ ਨਾਲ ਹੀ ਸਬੰਧਤ ਹਨ। ਦੁਆਬੇ ਦੇ ਇਸ ਜ਼ਿਲ੍ਹੇ ਵਿੱਚ ਕਰੋਨਾਵਾਇਰਸ ਤੋਂ ਪ੍ਰਭਾਵਿਤ ਵਿਅਕਤੀਆਂ ਦੀ ਗਿਣਤੀ ਸਭ ਤੋਂ ਜ਼ਿਆਦਾ 14 ਹੈ। ਪਠਵਾਲਾ ਦੇ ਬਲਦੇਵ ਸਿੰਘ ਦੀ ਮੌਤ ਹੋਣ ਤੋਂ ਬਾਅਦ ਇਸ ਪਿੰਡ ਵਿੱਚ ਹੀ 10 ਦੇ ਕਰੀਬ ਵਿਅਕਤੀ ਕਰੋਨਾਵਾਇਰਸ ਤੋਂ ਪੀੜਤ ਸਾਹਮਣੇ ਆਏ ਹਨ। ਅੰਮ੍ਰਿਤਸਰ ਜ਼ਿਲ੍ਹੇ ਨਾਲ ਸਬੰਧਤ ਇੱਕ, ਹੁਸ਼ਿਆਰਪੁਰ ਜ਼ਿਲ੍ਹੇ ਦੇ 2 ਅਤੇ ਮੁਹਾਲੀ ਜ਼ਿਲ੍ਹੇ ਦੇ 4 ਅਤੇ ਜਲੰਧਰ ਦੇ ਇੱਕ ਵਿਅਕਤੀਆਂ ਸਮੇਤ ਕੁੱਲ 21 ਜਣੇ ਇਸ ਸਮੇਂ ਹਸਪਤਾਲਾਂ ਵਿੱਚ ਇਲਾਜ ਅਧੀਨ ਹਨ। ਸਿਹਤ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਖ਼ਤਰਨਾਕ ਵਾਇਰਸ ਤੋਂ ਪ੍ਰਭਾਵਿਤ ਵਿਅਕਤੀਆਂ ਦੀ ਗਿਣਤੀ ਵਧ ਸਕਦੀ ਹੈ। ਵਿਭਾਗ ਨੂੰ 22 ਵਿਅਕਤੀਆਂ ਦੇ ਲਏ ਗਏ ਨਮੂਨਿਆਂ ਦੇ ਨਤੀਜੇ ਦਾ ਇੰਤਜ਼ਾਰ ਹੈ। ਸਰਕਾਰ ਵੱਲੋਂ ਕੋਵਿਡ-19 ਕੰਟਰੋਲ ਰੂਮ ਨੂੰ ਮਜ਼ਬੂਤ ਕਰਨ ਲਈ ਸ਼ਨਿਚਰਵਾਰ ਹੋਰ ਸੀਨੀਅਰ ਆਈਏਐੱਸ ਅਧਿਕਾਰੀਆਂ ਨੂੰ ਨਿਯੁਕਤ ਕੀਤਾ ਗਿਆ ਹੈ ਤਾਂ ਜੋ ਹੋਰ ਬਿਹਤਰ ਅੰਤਰ-ਵਿਭਾਗੀ ਤਾਲਮੇਲ ਬਣਾਇਆ ਜਾ ਸਕੇ। ਪੰਜਾਬ ਵਿੱਚ ਇਸ ਸਮੇਂ ਸ਼ੱਕੀ ਮਰੀਜ਼ਾਂ ਦੀ ਗਿਣਤੀ 55 ਹੈ ਜਦਕਿ 1155 ਵਿਅਕਤੀਆਂ ਨੂੰ ਘਰਾਂ ਅੰਦਰ ਹੀ ਨਿਗਰਾਨੀ ਹੇਠ ਰੱਖਿਆ ਗਿਆ ਹੈ।



ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਕਿ ਪਾਬੰਦੀ ਦੇ ਹੁਕਮਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇ। ਮੁੱਖ ਮੰਤਰੀ ਨੇ ਦੱਸਿਆ ਕਿ ਸੋਮਵਾਰ ਤੋਂ ਗੈਰਜ਼ਰੂਰੀ ਚੀਜ਼ਾਂ ਵੇਚਣ ਵਾਲੀਆਂ ਦੁਕਾਨਾਂ, ਵਪਾਰਕ ਅਦਾਰਿਆਂ ਨੂੰ ਬੰਦ ਰੱਖਣ ਦੇ ਹੁਕਮ ਦਿੱਤੇ ਗਏ ਹਨ। ਜ਼ਿਲ੍ਹਾ ਪ੍ਰਸ਼ਾਸਨ ਨੂੰ ਐਸੋਸੀਏਸ਼ਨ ਆਦਿ ਨਾਲ ਸੰਪਰਕ ਕਰਨ ਲਈ ਕਿਹਾ ਗਿਆ ਹੈ ਤਾਂ ਕਿ ਦੁੱਧ, ਭੋਜਨ, ,ਦਵਾਈਆਂ ਆਦਿ ਸਬਜ਼ੀਆਂ ਅਤੇ ਫਲਾਂ ਸਮੇਤ ਸਾਰੀਆਂ ਜ਼ਰੂਰੀ ਵਸਤਾਂ ਦੀ ਨਿਰੰਤਰ ਸਪਲਾਈ ਨੂੰ ਯਕੀਨੀ ਬਣਾਇਆ ਜਾ ਸਕੇ। ਆਟੇ ਦੀਆਂ ਮਿੱਲਾਂ, ਪਸ਼ੂਆਂ ਦੀ ਫੀਡ, ਫੂਡ ਪ੍ਰੋਸੈਸਿੰਗ, ਮੈਡੀਕਲ ਫਾਰਮਾ, ਆਦਿ ਸਮੇਤ ਜ਼ਰੂਰੀ ਚੀਜ਼ਾਂ ਦੇ ਉਤਪਾਦਨ ਵਿਚ ਲੱਗੇ ਫੈਕਟਰੀਆਂ ਮਜ਼ਦੂਰਾਂ 'ਤੇ ਇਹ ਸ਼ਰਤ ਜਬਰਨ ਲਾਗੂ ਨਹੀਂ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਕਾਰੋਬਾਰੀਆਂ ਦੀਆਂ ਐਸੋਸੀਏਸ਼ਨਾਂ ਨਾਲ ਤਾਲਮੇਲ ਕਰਕੇ ਕਾਰਜਸ਼ੀਲ ਬੰਦ ਕਰਨ ਦੀਆਂ ਵਿਧੀਆਂ ਲੱਭਣ ਲਈ ਰਾਬਤਾ ਕਰਨਗੇ ਅਤੇ ਉਨ੍ਹਾਂ ਨੂੰ ਤਨਖ਼ਾਹ 'ਚ ਕਟੌਤੀ ਕੀਤਿਆਂ ਲੇਬਰ ਦਾ ਮੁਆਵਜ਼ਾ ਦੇਣ ਲਈ ਰੂਪ-ਰੇਖਾ ਤਿਆਰ ਕਰਨਗੇ। ਇਸ ਦੌਰਾਨ ਮੁੱਖ ਮੰਤਰੀ ਨੇ ਸੂਬੇ ਦੇ ਸਨਅਤਕਾਰਾਂ ਨੂੰ ਅਪੀਲ ਕੀਤੀ ਕਿ ਤਾਲਾਬੰਦੀ ਦੌਰਾਨ ਉਹ ਆਪਣੇ ਕਾਮਿਆਂ ਦੀ ਤਨਖਾਹਾਂ ਨਾ ਕੱਟਣ।

ਇਸ ਤੋਂ ਪਹਿਲਾਂ ਪੰਜਾਬ ਦੇ ਸਾਰੇ ਪਾਜ਼ੇਟਿਵ ਮਾਮਲੇ ਜੋ ਕਿ ਵਿਦੇਸ਼ੀ ਯਾਤਰਾ ਨਾਲ ਜੁੜੇ ਹੋਏ ਹਨ ਜਾਂ ਵਿਦੇਸ਼ਾਂ ਤੋਂ ਆਏ ਪ੍ਰਭਾਵਿਤ ਵਿਅਕਤੀਆਂ ਦੇ ਸੰਪਰਕ ਵਿਚ ਆਇਆਂ ਨਾਲ ਸਬੰਧਤ ਹਨ, ਉਤੇ ਚਿੰਤਾ ਪ੍ਰਗਟ ਕਰਦਿਆਂ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਨੇ 'ਗ੍ਰਹਿ ਕੁਆਰੰਟੀਨ' (ਵਿਅਕਤੀ ਨੂੰ ਵੱਖ ਕਰ ਕੇ ਰੱਖਣਾ) ਦੀ ਜ਼ਰੂਰਤ ਨੂੰ ਸਖ਼ਤੀ ਨਾਲ ਲਾਗੂ ਕਰਨ 'ਤੇ ਜ਼ੋਰ ਦਿੱਤਾ ਜਿਸ ਨਾਲ ਕੋਵਿਡ-19 ਨੂੰ ਰੋਕਿਆ ਜਾ ਸਕਦਾ ਹੈ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਹੋਟਲ, ਰੈਸਟੋਰੈਂਟ ਦੀ ਤੁਰੰਤ ਜਾਂਚ ਕਰਨ ਅਤੇ ਜਿੱਥੇ ਕਿਤੇ ਵੀ ਜ਼ਰੂਰੀ ਹੋਵੇ ਕੁਆਰੰਟੀਨ ਲਾਗੂ ਕਰਨ ਲਈ ਕਿਹਾ। ਸ਼ਨਿਚਰਵਾਰ ਸਵੇਰੇ ਤੋਂ ਜਨਤਕ ਆਵਾਜਾਈ ਪਹਿਲਾਂ ਹੀ ਬੰਦ ਹੋ ਚੁੱਕੀ ਹੈ ਜੋ ਅਗਲੇ ਹਫ਼ਤੇ ਵੀ ਅਗਲੇ ਆਦੇਸ਼ਾਂ ਤੱਕ ਬੰਦ ਰਹੇਗੀ। ਜਦਕਿ ਮਾਲ ਵਾਹਨਾਂ 'ਤੇ ਕੋਈ ਪਾਬੰਦੀ ਨਹੀਂ ਤੇ ਸਪਲਾਈ ਲਾਈਨਾਂ ਨੂੰ ਕਾਰਜਸ਼ੀਲ ਢੰਗ ਨਾਲ ਚਾਲੂ ਰੱਖਿਆ ਜਾਵੇਗਾ। ਮੁੱਖ ਸਕੱਤਰ ਨੇ ਇਹ ਵੀ ਦੱਸਿਆ ਕਿ ਡੋਰ-ਟੂ-ਡੋਰ ਜਾਗਰੂਕਤਾ ਮੁਹਿੰਮ ਰੋਕ ਦਿੱਤੀ ਗਈ ਹੈ। ਮੁੱਖ ਸਕੱਤਰ ਨੇ ਪਰਿਵਾਰ ਦੇ ਮੈਂਬਰਾਂ ਨੂੰ 'ਆਈਸੋਲੇਟ' (ਵੱਖ ਕੀਤੇ ਗਏ) ਕੀਤੇ ਵਿਅਕਤੀ ਖ਼ਾਸਕਰ ਬਜ਼ੁਰਗਾਂ ਜਾਂ ਰੋਗ ਵਾਲੇ ਲੋਕਾਂ ਤੋਂ ਉਚਿਤ ਦੂਰੀ ਬਣਾਈ ਰੱਖਣ ਦੀ ਲੋੜ 'ਤੇ ਜ਼ੋਰ ਦਿੱਤਾ। ਪੁਲੀਸ ਦੀ ਸਹਾਇਤਾ ਲਈ ਚੰਗੇ ਸਰੀਰ ਵਾਲੇ ਨੌਜਵਾਨਾਂ ਨੂੰ ਠੀਕਰੀ ਪਹਿਰਾ ਲਾਉਣ ਲਈ ਵੀ ਕਿਹਾ ਗਿਆ ਹੈ।

### ਤਾਲਮੇਲ ਲਈ ਕੰਟਰੋਲ ਰੂਮ ਸਥਾਪਿਤ

ਪੰਜਾਬ ਭਰ ਵਿਚ ਦਫ਼ਾ 144 ਲਾਗੂ ਕਰ ਦਿੱਤੀ ਗਈ ਹੈ ਪਰ ਪੰਜ ਦੀ ਬਜਾਏ 10 ਵਿਅਕਤੀਆਂ 'ਤੇ ਹੀ ਲਾਗੂ ਹੋਵੇਗੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਜ਼ਰੂਰੀ ਸੇਵਾਵਾਂ ਅਤੇ ਸਥਿਤੀ 'ਤੇ ਨਿਗਰਾਨੀ ਰੱਖਣ ਲਈ ਜ਼ਿਲ੍ਹਿਆਂ ਅਤੇ ਸੂਬੇ ਵਿਚ ਕੰਟਰੋਲ ਰੂਮ ਸਥਾਪਤ ਕਰ ਦਿੱਤੇ ਗਏ ਹਨ। ਪੰਜਾਬ ਦੇ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਨੇ ਦੱਸਿਆ ਕਿ ਸੂਬੇ ਵਿਚ ਕਰਫਿਊ ਲਾਗੂ ਨਹੀਂ ਕੀਤਾ ਗਿਆ ਪਰ ਬੰਦ ਰੱਖਣ ਦਾ ਫ਼ੈਸਲਾ ਕੀਤਾ ਗਿਆ ਹੈ ਤੇ ਬੰਦ ਦੌਰਾਨ ਪਾਬੰਦੀਆਂ ਜਾਰੀ ਰਹਿਣਗੀਆਂ। ਮੈਡੀਕਲ ਸਹੂਲਤਾਂ, ਪਾਣੀ, ਬਿਜਲੀ, ਮਿਊਂਸਿਪਲ ਸੇਵਾਵਾਂ. ਬੈਂਕ ਤੇ ਏਟੀਐਮਜ਼, ਮੀਡੀਆ, ਇੰਟਰਨੈੱਟ, ਖਾਣ-ਪੀਣ ਦੇ ਸਾਮਾਨ ਅਤੇ ਜ਼ਰੂਰੀ ਸਾਮਾਨ ਦੀਆਂ ਦੁਕਾਨਾਂ ਖੁੱਲ੍ਹੀਆਂ ਰਹਿਣਗੀਆਂ।

# ਕਰੋਨਾਵਾਇਰਸ ਨੇ ਘਰਾਂ 'ਚ ਬੰਦ ਕੀਤੇ ਅਰਬਾਂ ਲੋਕੀ

**ਰੋਮ (ਬਿਊਰੋ)-** ਕਰੋਨਾਵਾਇਰਸ ਦੇ ਵਧਦੇ ਪ੍ਰਭਾਵ ਕਾਰਨ ਵਿਸ਼ਵ ਭਰ ਵਿੱਚ ਅਰਬਾਂ ਲੋਕ ਆਪਣੇ ਘਰਾਂ ਵਿੱਚ ਹੀ ਕੈਦ ਹੋ ਕੇ ਰਹਿ ਗਏ ਜਦਕਿ ਇਸ ਕਾਰਨ ਹੁਣ ਤੱਕ ਮੌਤਾਂ ਦੀ ਗਿਣਤੀ 13,000 ਹੋ ਗਈ ਹੈ। ਇਸ ਦੌਰਾਨ ਇਟਲੀ ਵਿੱਚ ਅੱਜ ਫਿਰ ਨਵੇਂ ਕੇਸਾਂ ਦੀ ਰਿਕਾਰਡ ਗਿਣਤੀ ਦੌਰਾਨ ਫੈਕਟਰੀਆਂ ਬੰਦ ਕਰ ਦਿੱਤੀਆਂ ਗਈਆਂ ਹਨ। ਇਸ ਮਹਾਮਾਰੀ ਕਾਰਨ 35 ਮੁਲਕਾਂ ਵਿੱਚ ਮੁਕੰਮਲ ਬੰਦ ਦਾ ਐਲਾਨ ਕਰ ਦਿੱਤਾ ਗਿਆ ਹੈ, ਜਿਸ ਕਾਰਨ ਆਮ ਜਨਜੀਵਨ, ਆਵਾਜਾਈ ਤੇ ਵਪਾਰ ਵੱਡੇ ਪੱਧਰ 'ਤੇ ਪ੍ਰਭਾਵਿਤ ਹੋ ਰਹੇ ਹਨ, ਉੱਥੇ ਸਰਕਾਰਾਂ ਨੂੰ ਸਰਹੱਦਾਂ ਸੀਲ ਕਰਨ ਤੇ ਐਮਰਜੈਂਸੀ ਸਥਿਤੀਆਂ ਨਾਲ ਨਜਿੱਠਣ ਲਈ ਕਰੋੜਾਂ ਰੁਪਏ ਦੇ ਰਾਹਤ ਪੈਕੇਜਾਂ ਦਾ ਐਲਾਨ ਕਰ ਦਿੱਤਾ ਹੈ। ਹੁਣ ਤੱਕ ਪੂਰੇ ਵਿਸ਼ਵ ਵਿੱਚ 3,00,000 ਕੇਸਾਂ ਦੀ ਪੁਸ਼ਟੀ ਹੋ ਚੁੱਕੀ ਹੈ, ਜਿਸ ਦੌਰਾਨ ਇਟਲੀ ਵਿੱਚ ਸਥਿਤੀ ਤੇਜ਼ੀ ਨਾਲ ਭਿਆਨਕ ਹੁੰਦੀ ਜਾ ਰਹੀ ਹੈ, ਜਿੱਥੇ ਮੌਤਾਂ ਦੀ ਗਿਣਤੀ 4,800 ਹੋ ਗਈ ਹੈ, ਜੋ ਹੁਣ ਤੱਕ ਕਰੋਨਾਵਾਇਰਸ ਕਾਰਨ ਵਿਸ਼ਵ ਭਰ ਵਿੱਚ ਹੋਈਆਂ ਮੌਤਾਂ ਦਾ ਤੀਜਾ ਹਿੱਸਾ ਹੈ। ਬੰਗਲਾਦੇਸ਼ ਤੋਂ ਇੱਥੇ ਪੁੱਜੇ 50 ਵਿਦਿਆਰਥੀਆਂ ਨੂੰ ਪਹਿਲਗਾਮ ਵਿੱਚ ਏਕਾਂਤਵਾਸ 'ਚ ਰੱਖਿਆ ਗਿਆ ਹੈ। ਅਨੰਤਨਾਗ ਦੇ ਡੀਸੀ ਬਸ਼ੀਰ ਅਹਿਮਦ ਡਾਰ ਨੇ ਦੱਸਿਆ ਕਿ ਭਾਰਤ ਵਿੱਚ ਬਾਹਰੋਂ ਆਉਣ ਵਾਲੇ ਲੋਕਾਂ ਲਈ ਵਰਤੇ ਜਾ ਰਹੇ ਪ੍ਰੋਟੋਕੋਲ ਮੁਤਾਬਕ ਸਾਰੇ ਵਿਦਿਆਰਥੀਆਂ ਦੀ ਸਕਰੀਨਿੰਗ ਮਗਰੋਂ ਇਨ੍ਹਾਂ ਨੂੰ ਮੈਡੀਕਲ ਦੇਖ-ਰੇਖ ਅਧੀਨ ਰੱਖਿਆ ਗਿਆ ਹੈ।

ਮੁਕੰਮਲ ਬੰਦ ਕਾਰਨ ਨਿਊਯਾਰਕ, ਸ਼ਿਕਾਗੋ ਅਤੇ ਲਾਸ ਏਂਜਲਸ ਦੇ ਵਸਨੀਕਾਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉੱਥੇ ਅਮਰੀਕਾ ਦੇ ਬਾਕੀ ਸੂਬਿਆਂ ਵਿੱਚ ਵੀ ਪਾਬੰਦੀਆਂ ਜਾਰੀ ਰਹਿਣਗੀਆਂ। ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ,'ਅਸੀਂ ਵੱਡੇ ਪੱਧਰ 'ਤੇ ਜਿੱਤ ਹਾਸਲ



ਕਰਾਂਗੇ।' ਬੇਸ਼ੱਕ ਵਿਸ਼ਵ ਆਗੂਆਂ ਵੱਲੋਂ ਇਸ ਮਹਾਮਾਰੀ ਨੂੰ ਹਰਾਉਣ ਲਈ ਅਹਿਦ ਕੀਤੇ ਜਾ ਰਹੇ ਹਨ, ਪਰ ਕਰੋਨਾ ਵਾਇਰਸ ਕਾਰਨ ਮੌਤਾਂ ਅਤੇ ਨਵੇਂ ਕੇਸਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਸਪੇਨ ਵਿੱਚ ਨਵੀਆਂ ਮੌਤਾਂ 'ਚ 32 ਫ਼ੀਸਦੀ ਵਾਧਾ ਹੋਇਆ ਹੈ, ਫਰਾਂਸ ਵਿੱਚ ਮੌਤਾਂ ਦੀ ਗਿਣਤੀ 562 ਹੋ ਗਈ ਹੈ। ਇਸ ਮਹਾਮਾਰੀ ਨੂੰ ਅੱਗੇ ਵਧਣ ਤੋਂ ਰੋਕਣ ਲਈ ਦੇ ਯਤਨਾਂ ਦੌਰਾਨ ਓਲੰਪਿਕ ਦੇ ਪ੍ਰਬੰਧਕਾਂ 'ਤੇ ਟੋਕੀਓ ਖੇਡਾਂ ਨੂੰ ਅੱਗੇ ਪਾਉਣ ਦਾ ਦਬਾਅ ਵਧਦਾ ਜਾ ਰਿਹਾ ਹੈ। ਇਸ ਮਹਾਂਮਾਰੀ ਕਾਰਨ ਆਲਮੀ ਪੱਧਰ 'ਤੇ ਸਟਾਕ ਬਾਜ਼ਾਰ ਪ੍ਰਭਾਵਿਤ ਹੋਏ ਹਨ ਜਦਕਿ ਵਿਸ਼ਵ ਦੀ ਸਭ ਤੋਂ ਵੱਡੀ ਅਰਥਵਿਵਸਥਾ- ਅਮਰੀਕਾ ਵੱਲੋਂ ਵੱਡੇ ਐਮਰਜੈਂਸੀ ਪੈਕੇਜ ਐਲਾਨੇ ਜਾਣ ਦੀ ਤਿਆਰੀ ਹੈ, ਜੋ ਹੁਣ 1 ਅਰਬ ਡਾਲਰ ਨੂੰ ਵੀ ਪਾਰ ਕਰ ਸਕਦੀ ਹੈ। ਅਮਰੀਕਾ ਵਿੱਚ ਕਰੋੜਾਂ ਲੋਕਾਂ ਨੂੰ ਘਰਾਂ ਅੰਦਰ ਹੀ ਰਹਿਣ ਦੇ ਹੁਕਮ ਦਿੱਤੇ ਗਏ ਹਨ। ਇਸ ਦੌਰਾਨ ਅਮਰੀਕਾ ਦੇ ਉਪ-ਰਾਸ਼ਟਰਪਤੀ ਮਾਈਕ ਪੈਂਸ ਅਤੇ ਉਨ੍ਹਾਂ ਦੀ ਪਤਨੀ ਦੇ ਕਰੋਨਾਵਾਇਰਸ ਦੇ ਟੈਸਟ ਨੈਗੇਟਿਵ ਆਏ ਹਨ।

ਫਰਾਂਸ, ਇਟਲੀ, ਸਪੇਨ ਅਤੇ ਦੂਜੇ ਯੂਰਪੀ ਮੁਲਕਾਂ ਨੇ ਆਪਣੇ ਲੋਕਾਂ ਨੂੰ ਘਰਾਂ ਵਿੱਚ ਰਹਿਣ ਦੇ ਹੁਕਮ ਦਿੱਤੇ ਹਨ। ਇਸ ਦੌਰਾਨ ਬਰਤਾਨੀਆ ਨੇ ਪੱਬਾਂ, ਰੈਸਟੋਰੈਂਟਾਂ ਤੇ ਥੀਏਟਰਾਂ ਨੂੰ ਬੰਦ ਕਰਨ ਦੇ ਹੁਕਮ ਦੇਣ ਤੋਂ ਇਲਾਵਾ ਲੋਕਾਂ ਨੂੰ ਡਰ ਕਾਰਨ ਖਰੀਦਦਾਰੀ ਕਰਨ ਤੋਂ ਵਰਜਿਆ ਹੈ।

ਚੀਨ ਵਿੱਚ ਫਿਰ ਦੁਬਾਰਾ ਕਰੋਨਾਵਾਇਰਸ ਦਾ ਨਵਾਂ ਮਾਮਲਾ ਸਾਹਮਣੇ ਆਇਆ ਹੈ। ਥਾਈਲੈਂਡ ਵਿੱਚ ਐਤਵਾਰ ਨੂੰ ਕੇਸਾਂ ਵਿੱਚ ਸਭ ਤੋਂ ਵੱਧ ਵਾਧਾ ਦਰਜ ਕੀਤਾ ਗਿਆ, ਜਿੱਥੇ ਹੁਣ ਤੱਕ ਕੁਲ ਕੇਸਾਂ ਦੀ ਗਿਣਤੀ 600 ਤੱਕ ਪੁੱਜ ਗਈ ਹੈ। ਇਸ ਦੌਰਾਨ ਅਫਰੀਕਾ ਵਿੱਚ ਵੀ ਕਰੋਨਾਵਾਇਰਸ ਕਾਰਨ ਪ੍ਰਭਾਵਿਤ ਵਿਅਕਤੀਆਂ ਦੀ ਗਿਣਤੀ 1000 ਤੋਂ ਵੱਧ ਪੁੱਜ ਗਈ ਹੈ। ਇਰਾਨ ਵਿੱਚ ਕਰੋਨਾਵਾਇਰਸ ਕਾਰਨ 123 ਜਣਿਆਂ ਦੀ ਮੌਤ ਹੋ ਗਈ ਹੈ ਪਰ ਉੱਥੇ ਬਾਕੀ ਵਿਸ਼ਵ ਵਾਂਗ ਪਾਬੰਦੀਆਂ ਦਾ ਐਲਾਨ ਨਹੀਂ ਕੀਤਾ ਗਿਆ।

ਕੋਲੰਬੀਆ ਵਿੱਚ ਕਰੋਨਾਵਾਇਰਸ ਕਾਰਨ ਪਹਿਲੀ ਮੌਤ ਹੋ ਗਈ ਹੈ। ਫਰਾਂਸ ਸਰਕਾਰ ਵੱਲੋਂ ਲੋਕਾਂ ਨੂੰ ਘਰਾਂ ਤੱਕ ਹੀ ਸੀਮਤ ਰੱਖਣ ਦੇ ਯਤਨਾਂ ਨੂੰ ਕਾਮਯਾਬ ਕਰਨ ਲਈ ਹੈਲੀਕੌਪਟਰਾਂ ਅਤੇ ਡਰੋਨਾਂ ਦੀ ਮਦਦ ਲਈ ਜਾ ਰਹੀ ਹੈ।

### ਮਹਾਰਾਣੀ ਦੇ ਸਟਾਫ਼ ਮੈਂਬਰ ਨੂੰ ਕਰੋਨਾਵਾਇਰਸ ਦੀ ਪੁਸ਼ਟੀ

**ਲੰਡਨ-** ਬਕਿੰਘਮ ਪੈਲੇਸ ਵਿੱਚ ਸ਼ਾਹੀ ਪਰਿਵਾਰ ਦੀ ਸੇਵਾ ਵਿੱਚ ਲੱਗੇ ਇੱਕ ਸਟਾਫ਼ ਮੈਂਬਰ ਦਾ ਕਰੋਨਾਵਾਇਰਸ ਦਾ ਟੈਸਟ ਪਾਜ਼ੇਟਿਵ ਆਇਆ ਹੈ ਜਦਕਿ ਮਹਾਰਾਣੀ ਅਲਿਜ਼ਬੈਥ 2 ਅਜੇ ਵੀ ਆਪਣੀ ਲੰਡਨ ਸਥਿਤ ਰਿਹਾਇਸ਼ ਰਹਿ ਰਹੀ ਹੈ। ਯੂਕੇ ਮੀਡੀਆ ਰਿਪੋਰਟਾਂ ਮੁਤਾਬਕ, ਅਜੇ ਇਸ ਗੱਲ ਦਾ ਪਤਾ ਨਹੀਂ ਲੱਗਾ ਹੈ ਕਿ ਇਹ ਸਟਾਫ਼ ਮੈਂਬਰ ਮਹਾਰਾਣੀ ਦੇ ਕਿੰਨੀ ਕੁ ਕਰੀਬ ਸੀ ਪਰ ਇਸ ਮੈਂਬਰ ਦੇ ਸੰਪਰਕ ਵਿੱਚ ਆਉਣ ਵਾਲੇ ਹਰ ਸਟਾਫ਼ ਮੈਂਬਰ ਨੇ ਏਕਾਂਤਵਾਸ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ ਹੈ।

BERKSHIRE HATHAWAY
BH HS
Home Services



Shangara Ram
ELITE REAL ESTATE
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
ਕਿਸੇ ਵੀ ਕਿਸਮ ਦੀ ਸੰਪਤੀ ਘਰੇਲੂ, ਵਪਾਰਕ ਅਤੇ ਲੈਂਡ ਅਤੇ ਲੋਨ ਸਮੇਤ ਵਿਆਜ ਦਰਾਂ ਲਈ ਸੇਵਾ ਦਾ ਮੌਕਾ ਦਿਓ
7412 Elsie Ave., Sacramento, CA 95828

## ਕਰੋਨਾ ਵਾਇਰਸ

ਕਾਹਦਾ ਆਇਆ ਵੇ ਕਰੋਨਾ ਦੱਸਾਂ ਗੱਲ ਸੋਹਣਿਆ
ਮੈਨੂੰ ਲੱਗਦਾ ਨੀ ਲੱਭਣਾ ਕੋਈ ਹੱਲ ਸੋਹਣਿਆ
ਪੈਂਦੀ ਉਡ ਕੇ ਬਿਮਾਰੀ ਬੱਸ ਮੱਖਣਾ ਜਿਹੜਾ ਜੀਹਦੇ ਨਾਲ ਖਹਿ ਗਿਆ
ਪਿਆਰ ਕਰਨੋਂ ਵੀ ਲੋਕੀ ਸਾਰੇ ਹਟ ਗਏ, ਕਰੋਨਾ ਸਾਡੇ ਜੜੀਂ ਬਹਿ ਗਿਆ।

ਮੈਂ ਤਾਂ ਪੇਕਿਆਂ ਨੂੰ ਚੱਲੀ ਰੋਟੀ ਆਪ ਤੂੰ ਪਕਾਵੀਂ
ਇਕੱਲਾ ਪੈਗ ਸ਼ੈਗ ਲਾਈ ਨਾ ਕਿਸੇ ਕੋਲ ਤੂੰ ਬਠਾਵੀਂ
ਮਾਰ ਜਿੰਦਰੇ ਘਰਾਂ ਦੇ ਵਿਚ ਬਹਿ ਜਾਓ, ਪੁਲਿਸ ਵਾਲਾ ਅੱਜ ਕਹਿ ਗਿਆ।
ਪਿਆਰ ਕਰਨੋਂ ਵੀ ਲੋਕੀ ਸਾਰੇ ਹਟ ਗਏ ਕਰੋਨਾ ....

ਖਾਧਾ ਮਾਰ ਕੇ ਜੀ ਸੱਪ ਚੀਨ ਚੰਦਰੇ ਨੇ ਜਿੱਥੋਂ ਸਾਰੀ ਗਲਤੀ ਹੋਈ
ਭੁੱਲ ਗਿਆ ਸੀ ਰੱਬ ਹੱਥ ਜੋੜਦਾ ਜਦੋਂ ਸਾਰੀ ਦੁਨੀਆਂ ਰੋਈ
ਪਤਾ ਲੱਗ ਜਾਊ ਹੁਣ ਫਿਰ ਚੀਨ ਨੂੰ ਤੇ ਕਰਜ਼ੇ ਦਾ ਬੋਝ ਪੈ ਗਿਆ
ਪਿਆਰ ਕਰਨੋਂ ਵੀ ਲੋਕੀ ਸਾਰੇ ਹਟ ਗਏ ਕਰੋਨਾ ....

ਬਹੁਤ ਉਡੀਆਂ ਅਫਵਾਹਾਂ ਨਾ ਕੋਈ ਸੱਚੀਆਂ ਤੇ ਝੂਠ ਮਾਰ ਚੰਦ ਚਾੜ੍ਹਤੇ
ਦਾਅ ਲਾਉਣੇ ਸੀ ਜਿੰਨ੍ਹਾਂ ਨੇ ਉਹ ਤਾਂ ਲਾ ਗਏ ਤਾਂਹੀਉਂ ਲੋਕ ਭੁੱਖੇ ਮਾਰਤੇ
ਖਾਲੀ ਕਰਤੇ ਸਟੋਰ ਸਭ ਲੋਕਾਂਨੇ ਤੇ ਖਾਣ ਨੂੰ ਨਾ ਕੁਝ ਰਹਿ ਗਿਆ
ਪਿਆਰ ਕਰਨੋਂ ਵੀ ਲੋਕੀ ਸਾਰੇ ਹਟ ਗਏ ਕਰੋਨਾ ....

ਸੁਣ 'ਦੇਵ' ਚਿੱਤ ਨਾ ਡੁਲਾਵੀਂ ਰੱਖ ਹੌਸਲਾ ਟਿਕਾਣੇ
ਪਿੰਡ 'ਘੋਲੀਏ' ਦੇ ਲੋਕ ਹੱਦੋਂ ਵੱਧ ਨੇ ਸਿਆਣੇ



ਕੀਤਾ ਸਾਰਾ ਪ੍ਰਬੰਧ ਸਾਰੇ ਪਿੰਡ ਨੇ
ਤੇ ਖਤਰਾ ਵੀ ਮੁੱਲ ਲੈ ਲਿਆ
ਪਿਆਰ ਕਰਨੋਂ ਵੀ ਲੋਕੀ ਸਾਰੇ ਹਟ
ਗਏ ਕਰੋਨਾ ....

**-ਦੇਵ ਘੋਲੀਆ ਖੁਰਦ**
559-232-7764

# ਮਨੁੱਖਤਾ ਲਈ ਮਹਾਨ ਜੀਵਨ ਫਲਸਫਾ

## ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਗੁਰੂ ਗ੍ਰੰਥ ਸਾਹਿਬ ਜੀ




ਸੰਤੋਖ ਸਿੰਘ ਜੱਸੀ
91- 70876-19800

ਭਾਰਤ ਦੇ ਇਤਿਹਾਸ ਚ ਜਦੋਂ 4000 ਤੋਂ 5000 ਸਾਲਾਂ ਤੇ ਪਿਛਲਝਾਤ ਮਾਰਦਿਆ ਤੱਥ ਸਾਡੇ ਰੂਬਰੂ ਹੁੰਦੇ ਹਨ ਜਿਸ ਤੋਂ ਸਾਨੂੰ ਪਤਾ ਲਗਦਾ ਹੈ ਕਿ ਇੱਥੇ ਤਥਤਗਤ ਬੁੱਧ ਦੇ ਸਮੈਂ ਤੋਂ ਲੈਕੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੱਕ ਪਾਖੰਡ, ਫਰੇਬ, ਅਗਿਆਨਤਾ, ਬੇਈਮਾਨੀ, ਵਰਣ ਵਿਵਸਥਾ, ਜਾਤ-ਪਾਤ, ਅੰਧ ਵਿਸ਼ਵਾਸ, ਛੂਆਛਾਤ ਦੇ ਕਾਰਨ ਕੁੱਝ ਵਰਗਾ ਨੇ ਜਿੰਦਗੀ ਚ ਅੱਗੇ ਵਧਣ ਦੇ ਸਾਰੇ ਹੱਕ ਰਾਕਵੇ ਕਰ ਲਏ ਸਨ। ਸਮੇਂ ਦੇ ਬੀਤਣ ਨਾਲ ਮਹਾਨ ਪੁਰਸ਼ਾ ਦਾ ਜਨਮ ਹੋਇਆ ਜਿਨ੍ਹਾਂ ਨੇ ਉਸ ਸਮੇਂ ਦੀਆਂ ਹਕੀਕਤਾਂ ਨੂੰ ਜਾਣਿਆ, ਸਮਝਿਆ ਤੇ ਭਲਾਈ ਦਾ ਮਾਰਗ ਦਰਸ਼ਨ ਕੀਤਾ।ਇਸ ਸਮੇਂ ਦੌਰਾਨ ਪੰਜਾਬ ਦੀ ਧਰਤੀ ਤੇ ਰਾਇ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਦੀ ਭੂਮੀ ਤੇ ਇੱਕ ਮਹਾਨ ਚਿੰਤਕ, ਅਨੁਭੂਤੀ, ਮਾਰਗ ਦਰਸ਼ਕ ਸੰਵਾਦ ਰਚਾਉਣ ਵਾਲੇ ਤਰਕ ਤੇ ਦਲੀਲਾਂ ਦੇ ਪਹਿਰੇਦਾਰ ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈਸਵੀ ਨੂੰ ਮਾਤਾ ਤ੍ਰਿਪਤਾ ਜੀ ਅਤੇ ਪਿਤਾ ਮਹਿਤਾ ਕਾਲੂ ਜੀ ਦੇ ਗ੍ਰਹਿ ਵਿਖੇ ਹੋਇਆ।ਬਚਪਨਤੋਂ ਬਾਅਦ ਜੁਆਨੀ ਵੇਲੇ ਉਨ੍ਹਾਂ ਦਾ ਮਨ ਵਪਾਰ ਵਿੱਚ ਨਾਲ ਲੱਗਾ ਸਗੋਂ ਇੱਕ ਪ੍ਰਮਾਤਮਾ ਦੀ ਅਰਾਧਨਾ, ਕਿਰਤ ਕਰਨਾ ਅਤੇ ਵੰਡ ਛਕਣ ਦਾ ਪੈਗਾਮ ਦੁਨੀਆਂ ਨੂੰ ਦਿੱਤਾ।ਉਸ ਸਮੇਂ ਦੀਆਂ ਚੱਲ ਰਹੀਆਂ ਫੋਕੀਆ ਧਾਰਮਿਕ ਤੇ ਸਮਾਜਿਕ ਪਰੰਪਰਾਵਾ ਤੇ ਲੀਕ ਫੇਰਦਿਆ ਮਨੁੱਖਤਾ ਨੂੰ ਨਵੇਂ ਵਿਚਾਰਾਂ ਨਾਲ ਲੈਸ ਕੀਤਾ।ਅੱਕ ਗੁਰੂ ਨਾਨਕ ਦੇਵ ਜੀ ਜਿੱਥੇ ਸਿੱਖਾਂ ਦੇ ਪਹਿਲੇ ਗੁਰੂ ਹਨ ਉੱਥੇ ਹਿੰਦੂ, ਮੁਸਲਮਾਨ ਤੇ ਬਾਕੀ ਧਰਮਾਂ ਵਾਲੇ ਵੀ ਗੁਰੂ ਸਾਹਿਬ ਦੇ ਦੱਸੇ ਮਾਰਗ ਨੂੰ 'ਸੱਚ ਦਾ ਮਾਰਗ' ਹੋਣ ਤੇ ਵੀ ਮੋਹਰ ਲਾਉਂਦੇ ਹਨ ਕਿ ਧੰਨ ਨਾਨਕ ਤੇਰੀ ਵੱਡੀ ਕਮਾਈ।ਤੂੰ ਸਭਨਾਂ ਦਾ ਸਾਂਝਾ ਰਹਿਬਰ ਹੈ।

ਸਿੱਖ ਸ਼ਬਦ ਸੰਸਕ੍ਰਿਤ ਦੇ ਸਿੱਸਿਆ ਜਾਂ ਪਾਲੀ ਦੇ ਸਿੱਖਾਂ ਤੋਂ ਬਣਿਆ ਹੈ।ਸਿੱਖ ਦਾ ਅਰਥ ਵਿਦਿਆਰਥੀ ਹੈ, ਸਿੱਖ ਦਸ ਗੁਰੂ ਸਾਹਿਬਾਨ ਦੇ ਆਗਿਆਕਾਰੀ ਵਿਦਿਆਰਥੀ ਹਨ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਰਦੇ ਹਨ।ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਛੇ ਗੁਰੂ ਸਾਹਿਬਾਨ ਪਹਿਲੇ ਪੰਜ ਅਤੇ ਨੌਵੇਂ ਗੁਰੂ ਜੀ ਹਿੰਦੂ ਭੱਟਾਂ, 15 ਭਗਤਾਂ (ਹਿੰਦੂ ਅਤੇ ਮੁਸਲਮਾਨ) ਤੇ 3 ਗੁਰ ਸਿੱਖ ਕੁੱਲ ਮਿਲਾਕੇ 35 ਮਹਾਂਪੁਰਸ਼ਾ ਦੀ ਬਾਣੀ ਦਰਜ ਹੈ।ਸਿੱਖ ਗੁਰਦੁਆਰਾ ਐਕਟ ਵਿੱਚ ਅਤੇ ਰਹਿਤ ਮਰਿਆਦਾ ਅਨੁਸਾਰ ਸਿੱਖ ਦੀ ਪ੍ਰੀਭਾਸ਼ਾ ਦਸੀ ਹੈ ਕਿ ਉਹ ਵਿਅਕਤੀ ਜੋ ਦਸ ਗੁਰੂ ਸਹਿਬਾਨ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੇ ਵਿਸ਼ਵਾਸ ਰੱਖਦਾ ਹੋਵੇ, ਸਿੱਖ ਹੈ।ਸੰਸਾਰ ਵਿੱਚ ਸਿੱਖ ਧਰਮ ਤੋਂ ਬਿਨ੍ਹਾਂ ਈਸਾਈ,ਪਾਰਸੀ, ਮੁਸਲਮਾਨ, ਸਨਾਤਨ ਹਿੰਦੂ, ਜੈਨੀ, ਬੋਧੀ, ਯਹੂਦੀ ਆਦਿ ਪ੍ਰਮੁੱਖ ਧਰਮ ਹਨ ਜੋ ਧਾਰਮਿਕ ਵਿਰਾਸਤਾ ਹਨ।

ਦਸਵੇਂ ਪਾਤਿਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਜਿਨ੍ਹਾਂ ਨੇ ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ ਨੂੰ ਅਮਲੀ ਰੂਪ ਵਿੱਚ ਦਿੱਤਾ ਤੇ ਵੱਖ-ਵੱਖ ਵਰਗਾਂ ਵਿੱਚ ਪੰਜ ਪਿਆਰੇ ਸਾਜਕੇ ਸਮਾਜ ਵਿੱਚ ਸਮਾਨਤਾ ਲਿਆਂਦੀ।ਵਿਦਵਾਨ, ਦਾਰਸ਼ਨਿਕ, ਸੰਤ ਸਿਪਾਹੀ ਬਹੁਪੱਖੀ ਸ਼ਖ਼ਸ਼ੀਅਤ ਦੇ ਮਾਲਕ ਅਦੁੱਤੀ ਰਹਿਬਰ ਨੇ ਮਨੁੱਖੀ ਬਰਾਬਰਤਾ ਦੇ ਸਿਧਾਂਤ ਖਾਤਰ ਆਪਣੇ ਪਿਤਾ ਸ਼੍ਰੀ ਗੁਰੂ ਤੇਗ ਬਹਾਦਰ ਜੀ, ਮਾਤਾ ਗੁਜਰ ਕੌਰ ਜੀ, ਵਾਰੇ ਸਾਹਿਬਜਾਦੇ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜੋਰਾਵਰ ਸਿੰਘ ਜੀ,ਬਾਬਾ ਫਤਿਹ ਸਿੰਘ ਜੀ ਤੋਂ ਇਲਾਵਾ ਆਪਣੇ ਪਿਆਰੇ ਗੁਰ ਸਿੱਖਾ ਦੀ ਕੁਰਬਾਨੀ ਜੁਲਮ ਤੇ ਜਾਲਮ ਦਾ ਟਾਕਰਾ ਕਰਦੇ ਹੋਏ ਦਿੱਤੀ।ਇਹ ਕੁਰਬਾਨੀ ਸਾਨੂੰ ਸਦਾ ਹੀ ਪ੍ਰੇਰਿਤ ਕਰਦੀ ਰਹੇਗੀ।ਉਨ੍ਹਾਂ ਨੇ ਜਾਲਮ ਅਤੇ ਜੁਲਮ ਦਾ ਟਾਕਰਾ ਬੜੀ ਦਲੇਰੀ, ਨਿਰਭੈਅਤਾ ਅਤੇ ਸਜੰਮ ਨਾਲ ਕੀਤਾ।ਮੁਸ਼ਕਿਲਾਂ ਭਰੇ ਸਮੇਂ ਵਿੱਚ ਦ੍ਰਿੜ੍ਹ ਇਸਦੇ ਨਾਲ ਸੱਚੇ ਮਾਰਗ ਤੇ ਚਲਦਿਆ ਜੀਵਨ ਬਤੀਤ ਕਰਨ ਦੀ ਮਿਸਾਲ ਗੁਰੂ ਜੀ ਤੋਂ ਇਲਾਵਾ ਹੋਰ ਕਿਤੇ ਨਹੀਂ ਮਿਲਦੀ ਹੈ।ਉਨਾਂ ਦਾ ਜੀਵਨ ਮਨੁੱਖਤਾ ਲਈ ਇੱਕ ਚਾਨਣ ਮੁਨਾਰਾ ਹੈ।ਸਰਬੰਸਦਾਨੀ ਦਾ ਜੀਵਨ ਅਦੁੱਤੀ ਹੈ।

ਸ਼੍ਰੀ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋਈ ਮਨੁੱਖਤਾਵਾਦੀ ਆਵਾਜ਼, ਵਿਚਾਰਧਾਰਾ ਨੂੰ ਗੁਰੂ ਗੋਬਿੰਦ ਸਿੰਘ ਨੇ 1699 ਈਸਵੀਂ ਦੀ ਵਿਸਾਖੀ ਤੇ ਪੰਜ ਪਿਆਰੇ ਸਾਜਕੇ ਸਦੀਆਂ ਤੋਂ ਪ੍ਰਚਲਿਤ ਜਾਤ-ਪਾਤ ਦੀ ਪ੍ਰਥਾ ਦਾ ਬੀਜ ਨਾਸ ਕੀਤਾ।ਜੇ ਅਸੀਂ ਗੁਰੂ ਜੀ ਦੇ ਸਿਧਾਤਾਂ ਤੇ ਅਮਲੀ ਰੂਪ ਵਿੱਚ ਪਹਿਰਾ ਦਿੰਦੇ ਤਾਂ ਇਨ੍ਹਾਂ 350 ਸਾਲਾਂ ਵਿੱਚ ਗੁਰੂ ਜੀ ਦੀ ਸੋਚ ਵਾਲਾ ਇਨਕਲਾਬੀ ਸਮਾਜ ਸਿਰਜ ਜਾਂਦਾ ਤੇ ਪੰਜਾਬ ਦੁਨੀਆਂ ਦਾ ਇਕ ਬੇਹਤਰੀਨ ਖਿੱਤਾ ਹੁੰਦਾ।

ਵਿਸ਼ਵ ਗਿਆਨ ਦੇ ਪ੍ਰਤੀਕ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਸਾਹਿਬ ਜੀ ਦੇ ਇਹ ਸ਼ਬਦ ਅੱਜ ਵੀ ਸਾਡੀ ਅਗਵਾਈ ਕਰਦੇ ਹਨ।ਤੁਹਾਨੂੰ ਉਸੇ ਅਸੂਲ ਤੇ ਡੱਟ ਕੇ ਖੜਨਾ ਪਵੇਗਾ ਜਿਸਤੇ ਮਹਾਤਮਾ ਬੁੱਧ, ਗੁਰੂ ਨਾਨਕ ਦੁਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਖੜਦੇ ਸਨ। ਬ੍ਰਾਹਮਣਵਾਦ ਨੂੰ ਇਹ ਦੱਸਣ ਵਿੱਚ ਤੁਹਾਡੇ ਵਿੱਚ ਹੌਂਸਲਾ ਹੋਣਾ ਚਾਹੀਦਾ ਹੈ ਕਿ ਅਸਲੀ ਖਰਾਬੀ ਮਨੂੰ ਸਿਮ੍ਰਤੀ ਤੇ ਹੋਰ ਅਜਿਹੇ ਗ੍ਰੰਥਾਂ ਨੂੰ ਪਵਿੱਤਰ ਮੰਨਣ ਵਿੱਚ ਹੈ।ਅੱਜ ਦੇ ਯੁੱਗ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਮਾਨਵਾ ਨੂੰ ਸਹੀ ਅਗਵਾਈ ਦੇ ਸਕਦੇ ਹਨ।ਬਾਣੀ ਪੜ੍ਹੋ, ਪੜਚੋਲ ਕਰੋ ਤੇ ਆਪਣੇ ਜੀਵਨ ਤੇ ਢਾਲੋ।ਨਾਅ ਜਪੋ, ਕਿਰਤ ਕਰੋ, ਵੰਡਕੇ ਛਕੋ, ਜੁਲਮ ਅਤੇ ਜਾਲਮ ਦਾ ਡੱਟਕੇ ਮੁਕਾਬਲਾ ਕਰੋ।ਮਹਾਂ ਪੁਰਸ਼ਾ ਅਤੇ ਗੁਰੂ ਸਹਿਬਾਨ ਦੇ ਜੀਵਨ ਤੋ ਸੇਧ ਲੈਕੇ ਸਮਾਨਤਾ ਵਾਲਾ ਬਤੀਤ ਕਰੋ।ਸਤਿਕਾਰ ਕਰੋ ਅਤੇ ਕਰਾਓ। 21ਵੀਂ ਸਦੀ ਸਾਥੋ ਮੰਗ ਕਰਦੀ ਹੈ ਕਿ ਗੁਰੂਆਂ, ਮਹਾਂਪੁਰਸ਼ਾ ਦੇ ਦਰਸਾਏ ਮਾਰਗ ਨੂੰ ਜਿੰਦਗੀ 'ਚ ਅਮਲੀ ਰੂਪ ਵਿਖਾਵੇ ਵਜੋਂ ਨਹੀਂ ਸਗੋਂ ਮਨੋਂ ਮੰਨੀਏ, ਆਪਣੇ ਆਪ ਨੂੰ ਜੇ ਸੱਚੇ ਪੈਰੋਕਾਰ ਅਖਵਾਉਣਾ ਹੈ ਤਾਂ ਸਾਨੂੰ ਆਪਣੇ ਆਪ ਨੂੰ ਉਸ ਮਹਾਨ ਫਲਸਫੇ ਨੂੰ ਸਮਰਪਿਤ ਕਰਨਾ ਪਵੇਗਾ ਜੋ ਇਹ ਅਤਿ ਅਧੁਨਿਕ 21ਵੀਂ ਸਦੀ ਦੇ 20ਵੇਂ ਸਾਲ ਵਿੱਚ ਗਲੋਬਲ ਪਿੰਡ ਸਰਬੱਤ ਦੇ ਭਲੇ ਵਾਲੀ ਮਹਾਨ ਫਲਸਫੇ ਵਾਲੀ ਮਨੁੱਖਤਾ ਜੀਵਨ ਰਾਹੀ ਜਿੰਦਾਬਾਦ ਹੋਵੇ।

# ਪੰਮੀ ਲਾਲੋ ਮਜਾਰਾ ਦੀ ਪੁਸਤਕ 'ਮੈਂ ਕਾਂਸ਼ੀ ਰਾਮ ਬੋਲਦਾ' ਰਿਲੀਜ਼

**ਜਲੰਧਰ-** ਬਾਬਾ ਸਾਹਿਬ ਬੀ. ਆਰ. ਅੰਬੇਡਕਰ ਤੋਂ ਬਾਅਦ ਖਾਲੀ ਹੱਥ, ਖਾਲੀ ਪੇਟ ਧਰਤੀ ਨਾਲ ਜੁੜਿਆ ਰਾਜਨੀਤੀ ਬਹੁਜਨ ਨਾਇਕ ਦਿੱਲੀ ਤਖਤ ਨੂੰ ਤ੍ਰੇਲੀਆਂ ਲਿਆਉਣ ਵਾਲੇ ਅਣਥੱਕ ਯੋਧੇ ਬਾਬੂ ਕਾਂਸ਼ੀ ਰਾਮ ਜੀ ਦੇ ਜੀਵਨ ਨਾਲ ਜੁੜਿਆ ਵੱਡਾ ਸੰਦੇਸ਼ ਦੇਣ ਵਾਲੀਆਂ ਛੋਟੀਆਂ-ਛੋਟੀਆਂ ਘਟਨਾਵਾਂ ਨੂੰ ਪੁਸਤਕ 'ਮੈਂ ਕਾਂਸ਼ੀ ਰਾਮ ਬੋਲਦਾ ਹਾਂ' ਵਿਚ ਮਾਰਚ 2019 ਵਿਚ ਪਰੋਣ ਵਾਲੇ ਪੰਮੀ ਲਾਲੋ ਮਜਾਰਾ ਵਧਾਈ ਦੇ ਪਾਤਰ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਡੇਰਾ ਸੱਚਖੰਡ ਬੱਲਾਂ ਤੋਂ ਵਰੋਸਾਏ ਸੰਤ ਹਰੀ ਦਾਸ ਜੀ ਉਦਾਸੀਨ ਆਸ਼ਰਮ ਕੂਪਰ-ਢੇਪੁਰ ਸ੍ਰੀ



ਕਾਂਸ਼ੀ ਰਾਮ ਜੀ ਦੇ ਜਨਮ ਦਿਹਾੜੇ 'ਤੇ 'ਮੈਂ ਕਾਂਸ਼ੀ ਰਾਮ ਬੋਲਦਾ ਹਾਂ' ਦੇ ਦੂਜੇ ਸੰਸਕਰਣ ਦੀ ਘੁੰਡ ਚੁਕਾਈ ਸਮੇਂ ਕੀਤਾ। ਇਸ ਮੌਕੇ ਸਤਪਾਲ ਸਾਹਲੋਂ, ਸਤੀਸ਼ ਕੁਮਾਰ ਸ਼ਾਮ ਚੁਰਾਸੀ, ਡੀ. ਸੀ. ਭਾਟੀਆ, ਰੋਬਨ ਲਾਲ ਸੌਂਧੀ ਸੱਤੋਵਾਲੀ, ਦਿਲਬਾਗ ਰਾਏ ਪਰਸ ਰਾਮਪੁਰ, ਸਤਪਾਲ ਸਿੰਘ, ਪੰਮੀ ਲਾਲੋਮਜਾਰਾ, ਸਤਨਾਮ ਸਿੰਘ ਹੀਰਾ ਹੁਸ਼ਿਆਰਪੁਰ, ਬੂਟਾ ਰਾਮ ਆਮਦਪੁਰ, ਰਜੇਸ਼ ਕੁਮਾਰ ਹੁਸ਼ਿਆਰਪੁਰ, ਸੋਹਣ ਲਾਲ ਰਟੈਂਡਾ, ਸੰਤੋਖ ਜੱਸੀ ਘੱਗਾ, ਹਰਭਜਨ ਕਲੇਰ ਗੜ੍ਹਸ਼ੰਕਰ ਅਤੇ ਰਿਆ ਸਿੰਘ ਲਾਲੋ ਮਜਾਰਾ ਹਾਜ਼ਰ ਸਨ।

## ਕੋਰੋਨਾ ਵਾਇਰਸ ਵਿਰੁੱਧ ਚੱਲ ਰਹੀ ਜੰਗ 'ਚ ਪੰਚਾਇਤਾਂ ਭਰਪੂਰ ਸਹਿਯੋਗੀ ਬਣਨ

**ਬੰਗਾ-** 23 ਮਾਰਚ ਨੂੰ ਭਾਰਤ ਵਾਸੀਆਂ ਖਾਸ ਕਰਕੇ ਪੰਜਾਬੀਆਂ ਵੱਲੋਂ ਹਰ ਸਾਲ ਸ਼ਹੀਦੀ ਦਿਹਾੜਾ ਵੱਡੇ ਪੱਧਰ ਤੇ ਪਿੰਡ-ਪਿੰਡ, ਸ਼ਹਿਰ-ਸ਼ਹਿਰ, ਖਟਕੜ ਕਲਾਂ ਤੇ ਹੁਸੈਨੀਵਾਲ 'ਚ ਮਨਾਇਆ ਜਾਂਦਾ ਹੈ। ਇਸ ਵਾਰ ਸਮੁੱਚੇ ਵਿਸ਼ਵ ਵਿਚ ਭਾਰਤ, ਪੰਜਾਬ ਸਮੇਤ ਕਰੋਨਾ ਵਾਇਰਸ ਕਾਰਨ ਸਾਨੂੰ ਭਾਰਤ, ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜੋ ਸਿਹਤਮੰਦ ਤੇ ਸਾਵਧਾਨ ਰਹਿਣ ਹਿੱਤ ਸਾਨੂੰ ਘਰਾਂ ਵਿਚ ਹੀ ਰਹਿ ਕੇ ਸ਼ਹੀਦਾਂ ਨੂੰ ਯਾਦ ਕਰਨਾ ਚਾਹੀਦਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੀ ਸੰਤੋਖ ਸਿੰਘ ਜੱਸੀ ਪ੍ਰਧਾਨ ਪੰਚਾਇਤ ਯੂਨੀਅਨ ਬੰਗਾ ਨੇ ਕਰਦਿਆਂ ਕਿਹਾ ਕਿ ਸ਼ਹੀਦਾਂ ਨੇ ਦੇਸ਼ ਦੇ




ਲੋਕਾਂ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦੀ ਤੇ ਦੇਸ਼ ਵਾਸੀਆਂ ਲਈ ਸਨਮਾਨ ਨਾਲ ਸਾਰਿਆਂ ਦੇ ਰਹਿਣ-ਸਹਿਣ ਲਈ ਆਵਾਜ਼ ਬੁਲੰਦ ਕੀਤੀ ਸੀ। ਹੁਣ ਸਾਨੂੰ ਸਾਰਿਆਂ ਨੂੰ ਘਰਾਂ ਵਿਚ ਬੈਠ ਕੇ ਸ਼ਹੀਦਾਂ ਨੂੰ ਯਾਦ ਕਰਦਿਆਂ ਆਤਮ ਮੰਥਨ ਕਰਨਾ ਚਾਹੀਦਾ ਹੈ ਕਿ ਅਸੀਂ ਸਮਾਜ ਪ੍ਰਤੀ ਕਿੰਨੇ ਸੁਹਿਰਦ ਹਾਂ। ਸ੍ਰੀ ਜੱਸੀ ਨੇ ਕਿਹਾ ਕਿ ਪੰਚਾਇਤਾਂ ਪਹਿਲਾਂ ਵੀ ਇਸ ਵਿਸ਼ਵ ਮਹਾਮਾਰੀ 'ਚ ਪ੍ਰਸ਼ਾਸਨ 'ਤੇ ਸਰਕਾਰਾਂ ਨੂੰ ਸਹਿਯੋਗ ਦੇ ਰਹੀਆਂ ਹਨ। ਸਾਨੂੰ ਅੱਜ ਸ਼ਹੀਦੀ ਦਿਹਾੜੇਤੇ ਇ ਪ੍ਰਣ ਲੈਣ ਦੀ ਲੋੜ ਹੈ ਕਿ ਪਹਿਲਾਂ ਨਾਲੋਂ ਵੀ ਵੱਧ ਇਸ ਮਹਾਂਮਾਰੀ ਦੀ ਜੰਗ ਵਿਚ ਪ੍ਰਸ਼ਾਸਨ ਦਾ ਭਰਪੂਰ ਸਹਿਯੋਗ ਦਿੱਤਾ ਜਾਵੇ। **-ਸੰਤੋਖ ਸਿੰਘ ਜੱਸੀ**

## ਵਿਸ਼ਵ 'ਚ ਕੋਰੋਨਾ ਵਾਇਰਸ ਨੇ ਰੋਕੀ ਜ਼ਿੰਦਗੀ ਦੀ ਰਫ਼ਤਾਰ







**ਬੰਗਾ/ ਨਵਾਂਸ਼ਹਿਰ (ਸੰਤੋਖ ਸਿੰਘ ਜੱਸੀ)-** ਚੀਨ ਤੋਂ ਸ਼ੁਰੂ ਹੋਇਆ/ ਫੈਲਿਆ ਵਾਇਰਸ ਕੋਰੋਨਾ ਵਾਇਰਸ ਨੇ ਸਾਰੀ ਦੁਨੀਆ 'ਚ ਜਿੱਥੇ ਸਹਿਮ ਪੈਦਾ ਕੀਤਾ ਹੋਇਆ। ਉੱਥੇ ਹਜ਼ਾਰਾਂ ਲੋਕ ਇਸ ਦੀ ਮਾਰ 'ਚ ਆਉਣ ਕਾਰਨ ਮਾਰੇ ਜਾ ਚੁੱਕੇ ਹਨ।ਭਾਰਤ ਵਿੱਚ ਪੰਜਾਬ ਸੂਬੇ ਦੇ ਜ਼ਿਲਾਂ ਸ਼ਹੀਦ ਭਗਤ ਸਿੰਘ ਨਗਰ ਦੀ ਬੰਗਾ/ਨਵਾਂਸ਼ਹਿਰ ਤਹਿਸੀਲ 'ਚ ਚੁਣੇ ਤੱਕ ਸਭ ਤੋਂ ਵੱਧ 14 ਕੇਸ ਕੋਰੋਨਾ ਵਾਇਰਸ ਤੋਂ ਪੀੜਤ ਪ੍ਰਭਾਵਿਤ ਪਾਏ ਗਏ ਹਨ । ਇਹਨਾਂ ਵਿੱਚੋਂ ਗਿਆਨੀ ਬਲਦੇਵ ਸਿੰਘ ਪਠਲਾਵਾ ਦੀ ਮੌਤ ਪਹਿਲਾ ਹੀ ਹੋ ਚੁੱਕੀ ਹੈ।ਜਿਸ ਕਾਰਨ ਪੰਜਾਬ ਸਰਕਾਰ ਤੇ ਸਮੁੱਚਾ ਜ਼ਿਲਾਂ ਬੁਰੀ ਤਰ੍ਹਾਂ ਜਿੱਥੇ ਇਹਨਾਂ ਕੇਸਾ ਦੇ ਜਨਤਕ ਹੋਣ ਕਾਰਨ ਦਹਿਸ਼ਤ ਦੇ ਪ੍ਰਭਾਵ ਹੇਠ ਹੈ। ਉੱਥੇ ਜ਼ਿਲਾਂ ਪ੍ਰਸਾਸ਼ਨ ਲੋਕਾਂ ਨਾਲ ਨੇੜੇ ਦਾ ਰਬਤਾ ਕਾਇਮ ਰੱਖ ਰਿਹਾ ਹੈ। ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ਼੍ਰੀ ਵਿਨੇ ਬਬਲਾਨੀ ਸਮੁੱਚੇ ਜ਼ਿਲੇ ਦੇ ਸਿਹਤ, ਪੁਲਿਸ ਅਤੇ ਹੋਰ ਸੰਬਧਿਤ ਵਿਭਾਗਾ ਅਤੇ ਅਧਿਕਾਰੀਆ ਤੇ ਮੁਲਾਜ਼ਮਾ ਰਾਹੀ ਇਸ ਮਹਾਂਮਾਂਰੀ ਤੋਂ ਪੀੜਤਾ ਨੂੰ ਸਮਾਜ ਤੋਂ ਵੱਖਰਾ ਕਰਕੇ ਚੰਡੀਗੜ ਪੀ.ਜੀ.ਆਈ ਜਿੱਥੇ ਟੈਸਟਾ ਲਈ ਭੇਜ ਰਹੀ ਹੈ ਉੱਥੇ ਸਾਵਧਾਨੀ ਵਜੋਂ ਜ਼ਿਲੇ ਵਿੱਚ 31 ਮਾਰਚ ਤੱਕ ਤਾਲਾਬੰਦੀ ਦੇ ਹੁਕਮ ਕੀਤੇ ਹਨ। ਜਿਸ ਕਾਰਨ ਸਮੁੱਚਾ ਦੇਸ਼, ਪੰਜਾਬ ਤੇ ਜ਼ਿਲਾਂ 'ਚ ਕੋਰੋਨਾ ਦੀ ਵਜ੍ਹਾ ਕਾਰਨ ਜ਼ਿਦੰਗੀ ਦੀ ਰਫ਼ਤਾਰ ਰੁੱਕ ਗਈ ਹੈ। ਕੰਮ ਕਾਰ ਠੱਪ ਹੋ ਗਏ ਹਨ।ਬੀਤੇ ਦਿਨ ਦੇਸ਼ ਦੇ ਪ੍ਰਧਾਨ ਮੰਤਰੀ ਦੇ ਸੱਦੇ ਤੇ 'ਜਨਤਾ ਕਰਫਿਊ ਨੂੰ ਲੋਕਾਂ ਵਲੋਂ ਸਿਹਤਜਾਬੀ ਅਤੇ ਸਾਵਧਾਨੀ ਤਹਿਤ ਭਰਪੂਰ ਸਹਿਯੋਗ ਦਿੱਤਾ ਗਿਆ।

ਦੂਜੇ ਪਾਸੇ ਗਰੀਬ ਵਰਗਾ ਦਾ ਕਹਿਣਾ ਹੈ ਕਿ ਉਹਨਾਂ ਲਈ ਰੋਜੀ-ਰੋਟੀ ਦੀ ਸਮੱਸਿਆ ਪੈਦਾ ਹੋ ਗਈ ਹੈ। ਕੰਮ ਠੱਪ ਹੋਣ ਕਾਰਨ ਉਹਨਾਂ ਦੇ ਘਰਾਂ ਦਾ ਗੁਜ਼ਾਰਾ ਮੁਸ਼ਕਿਲ ਦੌਰ ਵੱਲ ਵਧ ਰਿਹਾ ਹੈ। ਪੰਜਾਬ ਸਰਕਾਰ ਨੂੰ ਤੁਰੰਤ ਇਸ ਲਈ ਮੱਦਦ ਦੀ ਅਪੀਲ ਕੀਤੀ

Law Office of
NIRWAN & ASSOCIATES
www.nirwanlaw.com



Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

# ਕਰੋਨਾ ਮਹਾਂਮਾਰੀ ਤੋਂ ਸਾਵਧਾਨੀ ਹੀ ਸਾਡੀ ਸੁਰੱਖਿਆ ਹੈ

ਪੰਜਾਬ ਸਮੇਤ ਪੂਰੇ ਭਾਰਤ 'ਚ ਕੋਰੋਨਾ ਵਾਇਰਸ਼ ਨੂੰ ਫੈਲਣ ਤੋਂ ਰੋਕਣ ਲਈ ਪੰਜਾਬ ਸਰਕਾਰ ਨੇ ਸਰਕਾਰੀ 'ਤੇ ਪ੍ਰਾਈਵੇਟ ਬੱਸਾਂ ਨੂੰ ਜਿੱਥੇ ਬੰਦ ਕਰਨ ਦੇ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ ਉੱਥੇ ਹੀ ਸਕੂਲ, ਕਾਲਜ,ਸੌਪਿੰਗ ਮਾਲ, ਰੈਸਟੋਰੈਂਟ, ਜਿੰਮ ਆਦਿ ਬੰਦ ਕੀਤੇ ਜਾਣ ਕਰਕੇ ਲੋਕ ਸਹਿਮ ਦੇ ਮਾਹੌਲ 'ਚ ਜਿੰਦਗੀ ਬਸਰ ਕਰ ਰਹੇ ਹੋਣ ਦੇ ਬਾਵਜੂਦ ਸਿਹਤ ਵਿਭਾਗ ਵੱਲੋਂ ਘਰ ਘਰ ਤੇ ਜਨਤਕ ਥਾਵਾਂ 'ਤੇ ਲੋਕਾਂ ਨੂੰ ਕੋਰੋਨਾ ਵਾਇਰਸ਼ ਨੂੰ ਫੈਲਣ ਤੋਂ ਰੋਕਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ ਤਾਂ ਜੋ ਖਤਰਨਾਕ ਵਾਇਰਸ਼ ਨੂੰ ਸੁਰੂਆਤੀ ਦੌਰ 'ਚ ਹੀ ਰੋਕਿਆ ਜਾ ਸਕੇ। ਦੇਸ਼ ਭਰ ਵਿੱਚ ਇਸ ਸਮੇਂ 22 ਮਾਰਚ ਦੀ ਸ਼ਾਮ ਤੱਕ ਲਗਭਗ ਕੋਰੋਨਾ ਵਾਇਰਸ ਦੇ 370 ਮਰੀਜ਼ ਸਾਹ-ਮਣੇ ਆ ਚੁੱਕੇ ਹਨ ਜਿਸ ਵਿਚੋਂ 7 ਮੌਤਾਂ ਹੋ ਚੁੱਕੀਆਂ ਹਨ । ਇੱਥੇ ਇਹ ਵੀ ਦੱਸਣਯੋਗ ਹੈ ਕਿ ਪੰਜਾਬ, ਤਾਮਿਲਨਾਡੂ, ਉਤਰਾਖੰਡ ਤੇ ਬੰਗਾਲ ਵਿੱਚ ਕੁਝ ਕੁ ਮਰੀਜਾਂ ਦੀ ਜਿੱਥੇ ਪੁਸਟੀ ਹੋਈ ਹੈ ਉੱਥੇ ਹੀ ਕੇਰਲ ਵਿੱਚ, ਉੱਤਰ ਪ੍ਰਦੇਸ਼, ਹਰਿਆਣਾ, ਕਰਨਾਟਕ, ਦਿੱਲੀ ,ਲਦਾਖ , ਤੇਲੰਗਾਨਾ , ਰਾਜਸਥਾਨ ਵਿੱਚ, ਜੰਮੂ 'ਤੇ ਕਸ਼ਮੀਰ ,ਆਂਧਰਾ ਪ੍ਰਦੇਸ਼ ਆਦਿ ਵਿੱਚ ਵੀ ਮਰੀਜਾਂ ਦੀ ਪੁਸ਼ਟੀ ਹੋਈ ਹੈ। ਇਸ ਤੋਂ ਇਲਾਵਾ ਦੁਨੀਆ ਭਰ ਵਿਚ ਇਸ ਖਤਰਨਾਕ ਵਾਇਰਸ ਨਾਲ 13049 ਲੋਕਾਂ ਦੀ ਮੌਤ ਹੋ ਚੁੱਕੀ ਹੈ ਜਦਕਿ 307280 ਮਾਮਲੇ ਸਾਹਮਣੇ ਆਏ ਹਨ ਜੋ ਕਿ ਹੋਰ ਵਧਦੇ ਜਾ ਰਹੇ ਹਨ।

ਚੀਨ ਤੋਂ ਸ਼ੁਰੂ ਹੋਈ ਕਰੋਨਾ ਵਾਇਰਸ ਹੋਲੀ ਹੋਲੀ ਪੂਰੀ ਦੁਨੀਆ ਨੂੰ ਲਪੇਟੇ ਵਿੱਚ ਲੈ ਲਿਆ ਹੈ। ਇਸ ਬਿਮਾਰੀ ਤੋਂ ਬਚਾਅ ਹੀ ਇਸ ਦਾ ਇਲਾਜ ਹੈ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਨੇ ਹੁਣ ਤੱਕ ਇਸ ਬਿਮਾਰੀ ਨੂੰ ਰੋਕਣ ਲਈ ਠੋਸ ਉਪਰਾਲੇ ਕੀਤੇ ਹਨ ਤੇ ਕੁਝ ਹੱਦ ਤੱਕ ਭਾਰਤ ਵਿੱਚ ਇਸ ਦਾ ਹੁਣ ਤੱਕ ਬਹੁਤ ਘੱਟ ਅਸਰ ਹੋਇਆ ਹੈ। ਅਗਲੇ ਕੁਝ ਦਿਨ ਬਹੁਤ ਮਹੱਤਵਪੂਰਨ ਹਨ ਕਿਉਂਕਿ ਜੇਕਰ ਇੱਕ ਵਾਰ ਇਹ ਬਿਮਾਰੀ ਸੁਸਾਇਟੀ ਵਿੱਚ ਫੈਲ ਗਈ ਤਾਂ 130 ਕਰੋੜ ਦੀ ਅਬਾਦੀ ਵਾਲੇ ਦੇਸ਼ ਵਿੱਚ ਇਸ ਨੂੰ ਕੰਟਰੋਲ ਕਰਨਾ ਔਖਾ ਹੋ ਜਾਵੇਗਾ ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਬਿਮਾਰੀ ਨੂੰ ਰੋਕਣ ਲਈ ਜਨਤਾ ਕਰਫਿਊ ਤੇ ਲੋਕਾਂ ਵੱਲੋਂ ਵਧੀਆ ਅਮਲ ਕੀਤਾ ਗਿਆ ਅਤੇ ਇਸੇ ਤਰਾਂ ਪੰਜਾਬ ਸਰਕਾਰ ਵੱਲੋਂ ਕੁਝ ਕੁ ਚੀਜਾਂ ਨੂੰ ਛੱਡ ਕੇ 31 ਮਾਰਚ ਤੱਕ ਪੰਜਾਬ ਬੰਦ ਦੇ ਸੱਦੇ ਨੂੰ ਅਤੇ ਹੋਰ ਹਿਦ-ਾਇਤਾਂ ਤੇ ਸਭ ਨੂੰ ਅਮਲ ਕਰਨਾ ਬਹੁਤ ਹੀ ਜਰੂਰੀ ਹੈ।

**31 ਮਾਰਚ 2020 ਤੱਕ ਸੂਬਾ ਪੱਧਰੀ ਲੌਕ ਡਾਊਨ ਦੌਰਾਨ ਕਿਹੜੀਆਂ ਸੇਵਾਵਾਂ ਜਾਰੀ ਰਹਿਣਗੀਆਂ**

ਪੰਜਾਬ ਸਰਕਾਰ ਵੱਲੋਂ 31 ਮਾਰਚ 2020 ਤੱਕ ਸਮੁੱਚੇ ਪੰਜਾਬ ਵਿੱਚ ਲੌਕ ਡਾਊਨ ਕਰਨ ਦੇ ਆਦੇਸ਼ ਜਾਰੀ ਕੀਤੇ ਹਨ। ਉਨ੍ਹਾਂ ਦੱਸਿਆ ਕਿ ਫਲ ਤੇ ਸਬਜੀਆਂ, ਪੀਣ ਵਾਲਾ ਪਾਣੀ, ਪਸ਼ੂਆਂ ਲਈ ਚਾਰਾ,ਸਾਰੇ ਖਾਣ-ਪੀਣ ਵਾਲੀਆਂ ਵਸਤੂਆਂ, ਕਰਿਆਨੇ ਦਾ ਸਮਾਨ,ਪੈਟਰੋਲ ਪੰਪ,ਸੀ.ਐਨ.ਜੀ, ਡੀਜਲ ਪੰਪ, ਰਾਈਸ ਸ਼ੈਲਰ (ਜਿੰਨ੍ਹਾਂ ਵਿੱਚ ਮਿਲਿੰਗ ਚੱਲ ਰਹੀ ਹੋਵੇ), ਦੁੱਧ ਦੇ ਪਲਾਂਟ,ਡੇਅਰੀ ਯੂਨਿਟ, ਪਸ਼ੂਆਂ ਦਾ ਚਾਰਾ ਬਣਾਉਣ ਵਾਲੇ ਸਿਹਤ ਸਬੰਧੀ ਪਦਾਰਥ, ਸਿਹਤ ਸੇਵਾਵਾਂ,ਮੈਡੀਕਲ ਵਰਤੋਂ ਵਿੱਚ ਆਉਣ ਵਾਲੇ ਉਤਪਾਦਨ, ਸੰਚਾਰ ਸੇਵਾਵਾਂ, ਬੀਮਾ ਸੇਵਾਵਾਂ, ਬੈਂਕ, ਏ.ਟੀ.ਐਮ, ਡਾਕਖਾਨਾ,ਕਣਕ ਤੇ ਚਾਵਲ ਦੀ ਢੋਆ ਢੁਆਈ, ਰੋਜਾਨਾ ਵਰਤੋਂ ਵਿੱਚ ਆਉਣ ਵਾਲੇ ਜਰੂਰੀ ਸਮਾਨ ਅਤੇ ਜਰੂਰੀ ਸੇਵਾਵਾਂ ਦੀ ਟਰਾਂਸਪੋਰਟੇਸ਼ਨ, ਪਬਲਿਕ ਹੈਲਥ ਸੇਵਾਵਾਂ, ਸ਼ਰਾਬ ਦੇ ਠੇਕਿਆਂ ਆਦਿ ਅਤੇ ਮੀਡੀਆ ਕਰਮੀਆਂ ਨੂੰ ਛੋਟ ਦਿੱਤੀ ਹੈ। ਇਸ ਤੋਂ ਬਿਨਾਂ ਬਾਕੀ ਅਦਾਰੇ ਬੰਦ ਰਹਿਣਗੇ। ਸਾਨੂੰ ਸਭ ਨੂੰ ਇਸ ਲਈ ਭਰਭੂਰ ਸਹਿਯੋਗ ਦੇਣਾ ਚਾਹੀਦਾ ਹੈ।

**14 ਘੰਟੇ ਦੇ ਬੰਦ (ਜਨਤਾ ਕਰਫਿਊ) ਦਾ ਲਾਭ:**

ਐਤਵਾਰ ਨੂੰ ਸਵੇਰੇ ਸੱਤ ਵਜੇ ਤੋਂ ਲੈ ਕੇ ਰਾਤ ਨੌ ਵਜੇ ਤੱਕ ਜੋ ਬੰਦ ਕੀਤਾ ਗਿਆ ਉਸਦੀ ਸੱਚਾਈ ਇਹ ਹੈ ਕਿ ਕਰੌਨਾ ਦਾ ਵਾਇਰਸ ਜੇ ਜਗ੍ਹਾ ਲੱਗ ਜਾਵੇ ਤਾਂ 12 ਘੰਟੇ ਹੀ ਜਿਉਂਦਾ ਰਹਿ ਸਕਦਾ ਹੈ। ਇਸ ਲਈ ਆਮ ਥਾਵਾਂ ਤੇ ਜਿਵੇਂ ਕਿ ਬੱਸਾਂ, ਟਰੇਨਾਂ ਅਤੇ ਟੈਂਪੂ ਆਦਿ ਜਿੱਥੇ ਕਿਤੇ ਵੀ ਵਾਇਰਸ ਦੇ ਹੋਣ ਦਾ ਖਦਸ਼ਾ ਹੋਵੇਗਾ ਉੱਥੇ ਇਸ ਬੰਦ ਦੇ ਦੌਰਾਨ ਜੇ 14 ਘੰਟੇ ਕਿਸੇ ਦਾ ਵੀ ਹੱਥ ਵਗੈਰਾ ਨਾ ਲੱਗੇਗਾ ਤਾਂ ਇਸ ਦੇ ਅੱਗੇ ਫੈਲਨ ਦੀ ਚੈਨ ਟੁੱਟ ਜਾਵੇਗੀ। ਇਸ ਤਰਾਂ 14 ਘੰਟੇ ਬਾਅਦ ਅੱਗੋਂ ਸਾਰਾ ਕੁਝ ਸੁਰ-ਖਿਅਤ ਹੋ ਸਕਦਾ ਹੈ। ਇਹ ਡਰਿਲ ਵਕਤ ਵਕਤ ਤੇ ਕੀਤਾ ਜਾ ਸਕਦੀ ਹੈ ਜੋ ਸਾਡੇ ਸਮੂਹ ਦੇਸ਼ ਵਾਸੀਆਂ ਲਈ ਲਾਭਦਾਇਕ ਹੋਵੇਗੀ।




ਲੋਕਾਂ ਨੂੰ ਕਰੋਨਾ ਤੋਂ ਬਚਣ ਲਈ ਸਮੂਹ ਸਰਕਾਰਾਂ ਤੋਂ ਇਲਾਵਾ ਵਿਸ਼ੇਸ਼ ਤੌਰ ਤੇ ਵਰਲਡ ਹੈਲਥ ਆਰਗੋਨਾਇਜੇਸ਼ਨ ਵੱਲੋਂ ਜਾਰੀ ਹਿਦਾਇਤਾਂ ਤੇ ਅਮਲ ਕਰਨ ਦੀ ਅਪੀਲ ਕੀਤੀ ਜਾ ਰਹੀ ਹੈ। ਕਰੋਨਾ ਦਿਨੋ ਦਿਨ ਭਿਆਨਕ ਰੂਪ ਧਾਰਨ ਕਰ ਰਿਹਾ ਹੈ ਤੇ ਇਸ ਤੋਂ ਬਚਣ ਲਈ ਹਰ ਨਾਗਰਿਕ ਨੂੰ ਆਪਣੀ ਜਿੰਮੇਵਾਰੀ ਨਿਭਾਉਣ ਦੀ ਲੋੜ ਹੈ। ਸਰਕਾਰ ਵੱਲੋਂ ਲਗਾਤਾਰ ਪ੍ਰਿੰਟ ਅਤੇ ਇਲੈਕਟ੍ਰੋਨਿਕ ਮੀਡੀਆ ਰਾਹੀ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਲੋੜ ਹੈ ਸਰਕਾਰ ਵੱਲੋਂ ਜਾਰੀ ਕੀਤੀਆ ਜਾ ਰਹੀਆ ਹਿਦਾਇਤਾਂ ਜਿਵੇਂ ਕਿ ਬੇਲੋੜੇ ਸਫਰ ਤੋਂ ਪ੍ਰਹੇਜ ਕਰਨਾ, ਲਗਾਤਾਰ ਹੱਥਾ ਦੀ ਸਫਾਈ ਕਰਨੀ, ਸਮਾਗਮਾ ਵਿੱਚ ਭੀੜ ਇਕੱਠੀ ਨਾ ਕਰਨੀ, ਹੱਥ ਨਾ ਮਿਲਾਉਣਾ, ਆਪਣੀ ਟਰੈਵਲ ਹਿਸਟਰੀ ਬਾਰੇ ਪ੍ਰਸ਼ਾਸਨ ਨੂੰ ਜਾਣਕਾਰੀ ਦੇਣਾ, ਰੂਟੀਨ ਵਿੱਚ ਵਰਤੋਂ ਵਿੱਚ ਆਉਣ ਵਾਲੀਆ ਵਸਤੂਆ ਦੀ ਸਫਾਈ ਰੱਖਣੀ ਵਰਗੀਆ ਤੇ ਅਮਲ ਕਰਨਾ।

**ਰੋਜਮਰਾ ਕੰਮਾਂ ਲਈ ਖੱਬੇ ਹੱਥ ਦੀ ਵਰਤੋਂ ਕਰੋ**

ਜਰੂਰੀ ਕੰਮਾਂ ਲਈ ਖੱਬੇ ਹੱਥ ਦੀ ਵਰਤੋਂ ਕਰਨੀ ਚਾਹੀਦੀ ਹੈ ਕਿਉਂਕਿ ਜਿਆਦਾਤਰ ਅਸੀਂ ਸੱਜਾ ਹੱਥ ਆਪਣੇ ਚਿਹਰੇ ਤੇ ਇਸਤੇਮਾਲ ਕਰਦੇ ਹਾਂ। ਘਰ ਤੋਂ ਬਾਹਰ ਖੱਬੇ ਹੱਥ ਦੀ ਵਰਤੋਂ ਕਰੋਨਾ ਦੀ ਰੋਕਥਾਮ ਲਈ ਕਾਰਗਰ ਸਾਬਤ ਹੋ ਸਕਦੀ ਹੈ।ਆਪਣੇ ਆਪ ਅਤੇ ਸਮਾਜ ਨੂੰ ਇਸ ਬਿਮਾਰੀ ਤੋਂ ਬਚਾਉਣ ਲਈ ਸਾਨੂੰ ਸਾਰਿਆ ਨੂੰ ਇੱਕਜੁੱਟ ਹੋ ਕੇ ਇਸ ਮੁਸੀਬਤ ਨੂੰ ਹਰਾਉਣ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।

**- ਕਰੋਨਾ ਤੋਂ ਬਚਣ ਲਈ ਕੀ ਕਰੀਏ ?**

1 : ਸਾਬਣ ਅਤੇ ਪਾਣੀ ਨਾਲ 40 ਸੈਕਿੰਡ ਤਕ ਲਗਾਤਾਰ ਹੱਥ ਧੋਂਦੇ ਰਹੋ।

2 : 70 ਫੀਸਦੀ ਅਲਕੋਹਲ ਦੇ ਨਾਲ ਅਲਕੋਹਲ ਆਧਾਰਿਤ ਹੈਂਡ ਸੈਨੀਟਾਈਜ਼ਰ ਦੀ 20 ਸੈਕਿੰਡ ਤਕ ਵਰਤੋਂ ਕਰਨੀ ਚਾਹੀਦੀ ਹੈ।



3 : ਜੇਕਰ ਹੱਥਾਂ 'ਚ ਮਿੱਟੀ ਲੱਗੀ ਹੋਵੇ ਤਾਂ ਜਾਂ ਫਿਰ ਗੰਦੇ ਹੋਣ ਤਾਂ ਅਲਕੋਹਲ ਆਧਾਰਿਤ ਹੈਂਡ ਸੈਨੀਟ-ਾਈਜ਼ਰ ਦੀ ਵਰਤੋਂ ਨਾ ਕੀਤੀ ਜਾਵੇ ਪਰ ਸਾਬਣ ਅਤੇ ਪਾਣੀ ਦੇ ਨਾਲ ਹੱਥ ਧੋਣੇ ਲਾਜ਼ਮੀ ਹਨ।

4 : ਖੰਘ ਅਤੇ ਜ਼ੁਕਾਮ ਹੋਣ 'ਤੇ ਨੱਕ ਅਤੇ ਮੂੰਹ ਨੂੰ ਰੁਮਾਲ ਜਾਂ ਪੇਪਰ ਟਿਸ਼ੂ ਨਾਲ ਢਕ ਕੇ ਰੱਖੋ।।

5 : ਜੇਕਰ ਰੁਮਾਲ ਜਾਂ ਪੇਪਰ ਟਿਸ਼ੂ ਉਪਲੱਬਧ ਨਾ ਹੋਣ ਤਾਂ ਕੂਹਣੀ ਰੱਖ ਕੇ ਖੰਘੋ।

6 : ਵਰਤੋਂ ਕਰਨ ਜਾਂ ਹੱਥ ਧੋਣ ਤੋਂ ਤੁਰੰਤ ਬਾਅਦ ਅਜਿਹੇ ਟਿਸ਼ੂ ਨੂੰ ਪਰ੍ਹੇ ਸੁੱਟ ਦਿਓ,ਚਿਹਰੇ, ਮੂੰਹ, ਨੱਕ ਅਤੇ ਅੱਖਾਂ ਨੂੰ ਛੂਹਣ ਤੋਂ ਪ੍ਰਹੇਜ਼ ਕਰੋ।

7 : ਆਪਣੇ ਜਿਸਮਾਨੀ ਤਾਪਮਾਨ ਨੂੰ ਪਰਖਦੇ ਰਹੋ।।

8 : ਖੰਘਣ ਅਤੇ ਜ਼ੁਕਾਮ ਵਾਲੇ ਵਿਅਕਤੀ ਤੋਂ ਇਕ ਮੀਟਰ ਦੀ ਵਿੱਥ ਬਣਾਈ ਰੱਖੋ।

**- ਮਾਸਕ ਦੀ ਵਰਤੋਂ ਕਦੋਂ ਕਰੀਏ?**

1 : ਜਦੋਂ ਵਿਅਕਤੀ ਨੂੰ ਬੁਖਾਰ ਅਤੇ ਖੰਘ ਲਗਾਤਾਰ ਆਉਂਦੀ ਰਹੇ, ਉਦੋਂ ਤਿੰਨ ਪਰਤਾਂ ਵਾਲਾ ਮੈਡੀਕਲ ਮਾਸਕ ਵਰਤਿਆ ਜਾਵੇ,ਇਸ ਨਾਲ ਬੀਮਾਰੀ ਦੇ ਫੈਲਣ 'ਤੇ ਰੋਕ ਲੱਗੇਗੀ।

2 : ਕਿਸੇ ਖਾਸ ਚੀਜ ਤੋਂ ਐਲਰਜੀ ਹੋਣ 'ਤੇ ਮਾਸਕ ਵਰਤੋਂ।

**- ਕਿੰਨਾ ਪ੍ਰਭਾਵਸ਼ਾਲੀ ਹੈ ਮਾਸਕ ?**

1 : ਇਕ ਮੈਡੀਕਲ ਮਾਸਕ ਜੇਕਰ ਚੰਗੀ ਤਰ੍ਹਾਂ ਲਾਇਆ ਹੋਵੇ ਤਾਂ ਇਹ 8 ਘੰਟੇ ਤਕ ਅਸਰਦਾਇਕ ਰਹਿੰਦਾ ਹੈ।

2 : ਜੇਕਰ ਇਸ ਦੌਰਾਨ ਇਹ ਗਿੱਲਾ ਹੋ ਜਾਵੇ ਤਾਂ ਇਸ ਨੂੰ ਤੁਰੰਤ ਬਦਲ ਦਿਓ।

ਸਹੀ ਢੰਗ-ਤਰੀਕਾ!

1 : ਮਾਸਕ ਨੂੰ ਆਪਣੇ ਮੂੰਹ ਤਕ ਹੀ ਪਹਿਨੋ।

2 : ਇਸ ਨੂੰ ਨੱਕ, ਮੂੰਹ ਅਤੇ ਠੋਡੀ 'ਤੇ ਰੱਖੋ।

3 : ਨੱਕ ਦੀਆਂ ਨਾਸਾਂ ਉੱਪਰ ਇਕ ਮਟੈਲਿਕ ਸਟ੍ਰਿਪ ਰੱਖੋ।

4 : ਮਾਸਕ ਦੀਆਂ ਉੱਪਰਲੀਆਂ ਡੋਰੀਆਂ ਨੂੰ ਕੰਨਾਂ ਦੇ ਉਪਰੋਂ ਅਤੇ ਹੇਠਾਂ ਵਾਲੀਆਂ ਡੋਰੀਆਂ ਨੂੰ ਗਲੇ ਦੇ ਪਿੱਛੇ ਬੰਨ੍ਹੋ।



ਪ੍ਰਮੋਦ ਧੀਰ ਜੈਤੋ
91-98550-31081

5 : ਇਹ ਯਕੀਨੀ ਬਣਾਓ ਕਿ ਮਾਸਕ ਦੇ ਦੋਵੇਂ ਪਾਸੇ ਕੋਈ ਵਿੱਥ ਨਾ ਹੋਵੇ,ਇਸ ਨੂੰ ਫਿੱਟ ਕਰ ਕੇ ਰੱਖੋ।

6 : ਵਰਤੋਂ ਦੌਰਾਨ ਮਾਸਕ ਨੂੰ ਛੂਹਣ ਤੋਂ ਬਚੋ।

7 : ਗਰਦਨ ਤੋਂ ਇਸ ਨੂੰ ਲਟਕਣ ਨਾ ਦਿਓ।

8 : ਜਿਵੇਂ ਹੀ ਗਿੱਲਾ ਹੋ ਜਾਵੇ ਤਾਂ 6 ਘੰਟਿਆਂ ਮਗਰੋਂ ਮਾਸਕ ਬਦਲ ਦਿਓ।

9 : ਸੁੱਟਣਯੋਗ ਮਾਸਕ ਮੁੜ ਨਾ ਪਾਓ ਅਤੇ ਉਸ ਨੂੰ ਕੂੜੇਦਾਨ ਵਿਚ ਪਾ ਦਿਓ।

10 : ਮਾਸਕ ਨੂੰ ਹਟਾਉਣ ਦੌਰਾਨ ਇਹ ਧਿਆਨ ਰੱਖੋ ਕਿ ਤੁਸੀਂ ਇਸ ਦੇ ਬਾਹਰਲੇ ਹਿੱਸੇ ਨੂੰ ਛੂਹ ਨਾ ਸਕੋ ਕਿਉਂਕਿ ਇਹ ਦੂਸ਼ਿਤ ਹੋ ਸਕਦਾ ਹੈ।

11 : ਮਾਸਕ ਹਟਾਉਣ ਲਈ ਸਭ ਤੋਂ ਪਹਿਲਾਂ ਹੇਠਲੀ ਡੋਰੀ ਹਟਾਓ, ਉਸ ਤੋਂ ਬਾਅਦ ਉੱਪਰ ਵਾਲੀ।

ਮਾਸਕ ਨੂੰ ਸੁੱਟਣਾ

1 : ਇਸਤੇਮਾਲ ਹੋਏ ਮਾਸਕ ਨੂੰ ਬੀਮਾਰੀ ਨਾਲ ਲਿੱਬੜਿਆ ਸਮਝਣਾ ਚਾਹੀਦਾ ਹੈ।

2 : ਮਰੀਜ਼ਾਂ ਅਤੇ ਸਿਹਤ ਮੁਲਾਜ਼ਮਾਂ ਜਾਂ ਫਿਰ ਦੇਖਭਾਲ ਕਰਨ ਵਾਲੇ ਲੋਕਾਂ ਵਲੋਂ ਇਸਤੇਮਾਲ ਕਰਨ ਵਾਲੇ ਮਾਸਕ ਸਾਧਾਰਨ ਬਲੀਚ ਜਾਂ ਫਿਰ ਸੋਡੀਅਮ ਹਾਈਪੋ ਕਲੋਰਾਈਡ ਨਾਲ ਕੀਟਾਣੂ ਰਹਿਤ ਕੀਤਾ ਜਾਵੇ।

3 : ਇਸ ਮਗਰੋਂ ਮਾਸਕ ਨੂੰ ਜਾਂ ਤਾਂ ਸਾੜ ਦਿਓ ਜਾਂ ਫਿਰ ਜ਼ਮੀਨ 'ਚ ਡੂੰਘੇ ਟੋਏ 'ਚ ਦੱਬ ਦਿਓ।

- ਕੀ ਗਰਮੀ ਵੱਧਣ ਨਾਲ ਖਤਮ ਹੋ ਜਾਵੇਗਾ ਕੋਰੋਨਾ ਵਾਇਰਸ?

ਸਿਹਤ ਮਾਹਿਰਾਂ ਦਾ ਕਹਿਣਾ ਹੈ ਕੀ ਸੂਰਜ ਦੀ ਰੌਸ਼ਨੀ ਅਤੇ ਗਰਮੀ ਵਾਇਰਸ ਦੇ ਵਾਧੇ ਅਤੇ ਲੰਬੀ ਉਮਰ ਨੂੰ ਸੀਮਤ ਕਰ ਸਕਦੀ ਹੈ, ਉਹ ਸਾਰੇ ਸਹਿਮਤ ਹਨ ਕਿ ਸਹੀ ਸਫਾਈ ਦਾ ਪਾਲਣ ਕਰਨਾ ਕੋਰੋਨਾ ਵਾਇਰਸ ਦੇ ਫੈਲਣ ਨੂੰ ਰੋਕਣ ਲਈ ਵਧੇਰੇ ਪ੍ਰਭਾਵਸ਼ਾਲੀ ਹੈ, ਹਾਲਾਂਕਿ, ਕੋਰੋਨੋਵਾਇਰਸ ਤਿੰਨ ਚੀਜ਼ਾਂ ਲਈ ਸੰਵੇਦਨਸ਼ੀਲ ਮੰਨੇ ਜਾਂਦੇ ਹਨ: ਸੂਰਜ ਦੀ ਰੌਸ਼ਨੀ, ਉੱਚ ਤਾਪਮਾਨ ਅਤੇ ਨਮੀ, ਸੂਰਜ ਦੀ ਰੌਸ਼ਨੀ ਵਾਇਰਸ ਦੀ ਯੋਗਤਾ ਨੂੰ ਪ੍ਰਭਾਵਿਤ ਕਰਦੀ ਹੈ ਜਦੋਂ ਕਿ ਗਰਮੀ ਇਸ ਨੂੰ ਅਯੋਗ ਬਣ-ਾਉਂਦੀ ਹੈ, ਉਨ੍ਹਾਂ ਦਾ ਕਹਿਣਾ ਹੈ ਕਿ, ਜੇਕਰ ਕੋਰੋਨਾ ਵਾਇਰਸ ਗਰਮੀ ਨਾਲ ਮਰ ਜਾਂਦਾ ਹੈ ਤਾਂ ਆਸਟ੍ਰੇਲੀਆ ਅਤੇ ਸਿੰਗਾਪੁਰ ਵਰਗੇ ਦੇਸ਼ ਵਿੱਚ ਕੋਰੋਨਾ ਵਾਇਰਸ ਦੀ ਮਾਰ ਘੱਟ ਹੋਣੀ ਚਾਹੀਦੀ ਹੈ, ਕੋਰੋਨਾ ਵਾਇਰਸ ਬਾਰੇ ਸਾਨੂੰ ਅਜੇ ਵੀ ਜਾਣਨ ਦੀ ਬਹੁਤ ਜ਼ਰੂਰਤ ਹੈ, ਕੋਰੋਨਾ ਵਾਇਰਸ ਦੇ ਪ੍ਰਕੋਪ ਨੂੰ ਖਤਮ ਕਰਨ ਲਈ ਗਰਮ ਤਾਪਮਾਨ 'ਤੇ ਭਰੋਸਾ ਨਹੀਂ ਕਰਨਾ ਚਾਹੀਦਾ।

# ਨੋਵਲ ਕੋਰੋਨਾ ਵਾਇਰਸ- ਇਲਾਜ ਨਾਲੋਂ ਪਰਹੇਜ਼ ਚੰਗਾ!

ਦੁਨੀਆਂ ਨੋਵਲ ਕੋਰੋਨਾ ਵਾਇਰਸ (ਕੋਵਿਡ 19) ਨਾਂ ਦੀ ਮਹਾਂਮਾਰੀ ਨਾਲ ਜੂਝ ਰਹੀ ਹੈ ਜਿਸ ਦੀ ਸ਼ੁਰੂਆਤ ਚੀਨ ਦੇ ਵੂਹਾਨ ਸ਼ਹਿਰ ਤੋਂ ਹੋਈ। ਮਾਰਚ 22, 2020 (7 ਵਜੇ ਸਵੇਰੇ) ਤੱਕ ਦੇ ਤਾਜ਼ਾ ਅੰਕੜਿਆਂ ਅਨੁਸਾਰ ਦੁਨੀਆਂ ਦੇ 188 ਦੇਸ਼ਾਂ ਵਿੱਚ ਕੋਰੋਨਾ ਵਾਇਰਸ ਪੈਰ ਪਸਾਰ ਚੁੱਕਾ ਹੈ ਅਤੇ ਤਕਰੀਬਨ 308,564 ਮਾਮਲੇ ਸਾਹਮਣੇ ਆਏ ਹਨ ਅਤੇ 95,829 ਮਰੀਜ਼ ਠੀਕ ਹੋ ਗਏ ਹਨ ਅਤੇ 13069 ਮੌਤਾਂ ਹੋ ਚੁੱਕੀਆਂ ਹਨ। ਕੋਰੋਨਾ ਵਾਇਰਸ ਨਾਲ ਮਰਨ ਵਾਲਿਆਂ ਵਿੱਚ ਜ਼ਿਆਦਾਤਰ ਵਡੇਰੀ ਉਮਰ ਦੇ ਲੋਕਾਂ ਦੀ ਗਿਣਤੀ ਹੈ। ਕੋਰੋਨਾ ਵਾਇਰਸ ਦੇ ਮਾਮਲੇ ਸਭ ਤੋਂ ਜ਼ਿਆਦਾ ਚੀਨ ਵਿੱਚ ਆਏ ਹਨ ਅਤੇ ਸਭ ਤੋਂ ਜ਼ਿਆਦਾ ਮੌਤਾਂ 4,825 ਇਟਲੀ ਵਿੱਚ ਹੋਈਆਂ ਹਨ। ਭਾਰਤ ਵਿੱਚ 332 ਮਾਮਲੇ ਸਾਹਮਏ ਆਏ ਹਨ ਅਤੇ 5 ਮੌਤਾਂ ਹੋ ਚੁੱਕੀਆਂ ਹਨ ਜਦਕਿ 24 ਮਰੀਜ਼ ਠੀਕ ਹੋ ਚੁੱਕੇ ਹਨ। ਕੋਰੋਨਾ ਵਾਇਰਸ ਨਾਲ ਭਾਰਤ ਵਿੱਚ ਪਹਿਲੀ ਮੌਤ ਉੱਤਰੀ ਕਰਨਾਟਕ ਦੇ ਕਲ-ਬੁਰਗੀ ਸ਼ਹਿਰ ਵਿੱਚ 76 ਸਾਲਾ ਵਿਅਕਤੀ ਦੀ ਹੋਈ ਜੋ ਕਿ ਸਾਊਦੀ ਅਰਬ ਵਿੱਚੋਂ ਧਾਰਮਿਕ ਯਾਤਰਾ ਕਰਕੇ ਆਇਆ ਸੀ। ਤਾਜ਼ਾ ਅੰਕੜਿਆਂ ਅਨੁਸਾਰ ਪੰਜਾਬ ਵਿੱਚ ਕੁੱਲ 14 ਮਰੀਜ਼ਾਂ ਦੀ ਪੁਸ਼ਟੀ ਹੋ ਗਈ ਹੈ ਜਿਸ ਵਿੱਚੋਂ ਇੱਕ ਮਰੀਜ਼ ਦੀ ਮੌਤ ਹੋ ਚੁੱਕੀ ਹੈ। ਕੋਰੋਨਾ ਵਾਇਰਸ ਸੰਕ੍ਰਮਿਤ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਕਈ ਤਰੀਕਿਆਂ ਨਾਲ ਫੈਲ ਸਕਦਾ ਹੈ ਜਿਵੇਂ ਕਿ ਨਿੱਜੀ ਵਿਅਕਤੀਗਤ ਛੂਹਣ, ਖੰਘਣ ਸਮੇਂ ਲਾਪਰਵਾਹੀ ਆਦਿ। ਕਿਸੇ ਸੰਕ੍ਰਮਿਤ ਵਸਤੂ ਜਾਂ ਸਤਹਿ ਨੂੰ ਛੂਹਣਾ ਅਤੇ ਫਿਰ ਬਿਨ੍ਹਾਂ ਹੱਥ ਧੋਏ ਆਪਣੀਆਂ ਅੱਖਾਂ, ਨੱਕ ਜਾਂ ਮੂੰਹ ਨੂੰ ਛੂਹਣਾ ਕੋਰੋਨਾ ਵਾਇਰਸ ਨੂੰ ਸਿੱਧਾ ਸੱਦਾ ਸਾਬਿਤ ਹੋ ਸਕਦਾ ਹੈ।

ਕੋਰੋਨਾ ਵਾਇਰਸ ਤੋਂ ਬਚਣ ਲਈ ਜ਼ਰੂਰੀ ਹੈ ਕਿ ਸਮੇਂ ਸਮੇਂ ਤੇ ਆਪਣੇ ਹੱਥਾਂ ਨੂੰ ਸਾਬਣ ਅਤੇ ਪਾਣੀ ਨਾਲ ਚੰਗੀ ਤਰ੍ਹਾਂ ਧੋਣਾ ਚਾਹੀਦਾ ਹੈ ਅਤੇ ਹੱਥਾਂ ਦੀ ਸਫ਼ਾਈ ਤੋਂ ਬਿਨ੍ਹਾਂ ਅੱਖਾਂ, ਨੱਕ ਜਾਂ ਮੂੰਹ ਨੂੰ ਸਿੱਧਾ ਹੀ ਨਹੀਂ ਛੂਹਣਾ ਚਾਹੀਦਾ। ਖੰਘਦੇ ਸਮੇਂ ਮੂੰਹ ਉੱਤੇ ਰੁਮਾਲ ਜਾਂ ਟੀਸ਼ੂ ਪੇਪਰ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਦੂਸ਼ਿਤ ਰੁਮਾਲ ਜਾਂ ਟੀਸ਼ੂ ਪੇਪਰ ਦੀ ਦੁਬਾਰਾ ਵਰਤੋਂ ਨਹੀਂ ਕਰਨੀ ਚਾਹੀਦੀ।ਟੀਸ਼ੂ ਪੇਪਰ ਜਾਂ ਰੁਮਾਲ ਦੀ ਥਾਂ ਕੂਹਣੀ ਦਾ ਵੀ ਇਸਤੇਮਾਲ ਕੀਤਾ ਜਾ ਸਕਦਾ ਹੈ। ਕੋਰੋਨਾ ਵਾਇਰਸ ਤੋਂ ਪੀੜਤ ਵਿਅਕਤੀ ਦੇ ਸੰਪਰਕ ਵਿੱਚ ਆਉਣ ਤੋਂ ਬਚਣਾ ਚਾਹੀਦਾ ਹੈ।

ਵਿਗਿਆਨੀਆਂ ਅਨੁਸਾਰ ਕੋਰੋਨਾ ਵਾਇਰਸ ਸਰੀਰ ਵਿੱਚ ਪਹੁੰਚਣ ਤੇ ਫੇਫੜਿਆਂ ਨੂੰ ਸੰਕ੍ਰਮਿਤ ਕਰਦਾ ਹੈ। ਇਸ ਕਰਕੇ ਹੀ ਸਭ ਤੋਂ ਪਹਿਲਾਂ ਬੁਖ਼ਾਰ, ਫਿਰ ਸੁੱਖੀ ਖੰਘ ਅਤੇ ਬਾਦ ਵਿੱਚ ਸਾਹ ਲੈਣ ਵਿੱਚ ਸਮੱਸਿਆ ਹੋ ਸਕਦੀ ਹੈ। ਸਾਧਾਰਣ ਤੌਰ ਤੇ ਲੱਛਣ ਨਜ਼ਰ ਆਉਣ ਵਿੱਚ ਪੰਜ ਦਿਨ ਲੱਗਦੇ ਹਨ ਪਰੰਤੂ ਕੁਝ ਵਿਅਕਤੀਆਂ ਵਿੱਚ ਇਸਦੇ ਲੱਛਣ ਬਹੁਤ ਦੇਰ ਨਾਲ ਵੀ ਨਜ਼ਰ ਆ ਸਕਦੇ ਹਨ। ਵਿਸ਼ਵ ਸਿਹਤ ਸੰਗਠਨ ਅਨੁਸਾਰ ਵਾਇਰਸ ਦੇ ਸਰੀਰ ਵਿੱਚ ਪਹੁੰਚਣ ਅਤੇ ਲੱਛਣ ਨਜ਼ਰੀਂ ਆਉਣ ਵਿੱਚ 14 ਦਿਨਾਂ ਦਾ ਸਮਾਂ ਲੱਗ ਸਕਦਾ ਹੈ ਪਰੰਤੂ ਕੁਝ ਵਿਗਿਆਨੀਆਂ ਦਾ ਮੰਨਣਾ ਹੈ ਕਿ ਇਹ ਸਮਾਂ 24 ਦਿਨਾਂ ਦਾ ਵੀ ਹੋ ਸਕਦਾ ਹੈ। ਬੀਮਾਰੀ ਦੇ ਸ਼ੁਰੂਆਤੀ ਲੱਛਣ ਠੰਡ ਅਤੇ ਫਲੂ ਨਾਲ ਮਿਲਦੇ ਜੁਲਦੇ ਹਨ ਜਿਸ ਕਰਕੇ ਕੋਈ ਵੀ ਸੁਖਾਲਿਆਂ ਹੀ ਉਲਝ ਸਕਦਾ ਹੈ। ਕੋਰੋਨਾ ਵਾਇਰਸ ਦੇ ਲੱਛਣ ਨਜ਼ਰੀਂ ਆਉਣ ਤੇ ਨੇੜਲੀਆਂ ਸਿਹਤ ਸੇਵਾਵਾਂ ਨਾਲ ਰਾਬਤਾ ਕਾਇਮ ਕਰਨਾ ਚਾਹੀਦਾ ਹੈ।



ਗੋਬਿੰਦਰ ਸਿੰਘ ਢੀਂਡਸਾ
bardwal.gobinder@gmail.com

ਪ੍ਰਸ਼ਾਸਨ ਨੇ ਲੋਕਾਂ ਨੂੰ ਜਨਤਕ ਥਾਵਾਂ ਅਤੇ ਸਮਾਗਮਾਂ ਵਿੱਚ ਭਾਰੀ ਇਕੱਠ ਨਾਂਹ ਕਰਨ ਦੇ ਨਿਰਦੇਸ਼ ਦਿੱਤੇ ਹਨ ਅਤੇ ਲੋਕਾਂ ਨੂੰ ਵੱਖੇ ਵੱਖਰੇ ਢੰਗਾਂ ਨਾਲ ਜਾਗਰੂਕ ਕੀਤਾ ਜਾ ਰਿਹਾ ਹੈ। 15 ਜਨਵਰੀ ਤੋਂ ਬਾਅਦ ਪ੍ਰਭਾਵਿਤ ਦੇਸ਼ਾਂ ਤੋਂ ਆਉਣ ਵਾਲੇ ਲੋਕਾਂ ਦੁਆਰਾ ਪ੍ਰਸ਼ਾਸਨ ਨੂੰ ਪੂਰਾ ਸਹਿਯੋਗ ਕਰਨਾ ਚਾਹੀਦਾ ਹੈ ਅਤੇ 2019-ਛੋੜ ਦਾ ਟੈਸਟ ਜ਼ਰੂਰ ਕਰਵਾਉਣਾ ਚਾਹੀਦਾ ਹੈ ਤਾਂ ਜੋ ਕੋਰੋਨਾ ਤੋਂ ਜੰਗ ਜਿੱਤੀ ਜਾ ਸਕੇ।

ਭਾਰਤੀ ਸਮਾਜ ਦਾ ਦੁਖਾਂਤ ਹੀ ਹੈ ਕਿ ਜਿੱਥੇ ਹੋਰ ਦੇਸ਼ਾਂ ਵਿੱਚ ਇਸ ਸੰਵੇਦਨਸ਼ੀਲ ਸਮੇਂ ਦੌਰਾਨ ਹਰ ਕੋਈ ਆਪਣੇ ਦੇਸ਼ ਨਾਲ ਮੋਢੇ ਨਾਲ ਮੋਢਾ ਲਾਈ ਖੜ੍ਹਾ ਹੈ ਉੱਥੇ ਹੀ ਮੀਡੀਆ ਦਾ ਇੱਕ ਹਿੱਸਾ ਸਾਡੇ ਨਿਊਜ਼ ਚੈਨਲ ਸਾਰਥਿਕ ਸੂਚਨਾ ਤੋਂ ਵੱਧ ਲੋਕਾਂ ਨੂੰ ਡਰਾਉਂਦੇ ਜਾਪ ਰਹੇ ਹਨ। ਇਸ ਵਕਤੀ ਮਾਰ ਸਮੇਂ ਜ਼ਿਆਦਾਤਰ ਕੈਮਿਸਟ ਲੋਕਾਂ ਦੀ ਮਜ਼ਬੂਰੀ ਦਾ ਫਾਇਦਾ ਚੁੱਕਦਿਆਂ ਆਪਣਾ ਮੁਨਾਫ਼ਾ ਕਮਾਉਣ ਅਤੇ ਸ਼ੋਸ਼ਲ ਮੀਡੀਆ ਪ੍ਰਮਾਣਿਕ ਤੱਥਾਂ ਤੋਂ ਕਿਤੇ ਵੱਧ ਵੱਖੋ ਵੱਖਰੀਆਂ ਤੱਤਹੀਣ ਅਫ਼ਵਾਹਾਂ ਫੈਲਾਉਣ ਵਿੱਚ ਰੁੱਝਿਆ ਹੋਇਆ ਹੈ ਤੇ ਆਮ ਲੋਕ ਸਹਿਮੇ ਹੋਏ, ਭੰਬਲਭੂਸੇ ਵਿੱਚ ਹਨ ਕੀ ਕਰਨ ਤੇ ਕੀ ਨਾਂਹ।

ਵਕਤ ਦੀ ਨਜ਼ਾਕਤ ਹੈ ਕਿ ਅਫ਼ਵਾਹਾਂ ਤੋਂ ਸੁਚੇਤ ਹੁੰਦਿਆਂ ਸਹਿਜਤਾ ਨਾਲ ਸਥਿਤੀ ਦੀ ਗੰਭੀਰਤਾ ਨੂੰ ਸਮਝਦਿਆਂ ਪਰਹੇਜ਼ਾਂ ਨੂੰ ਅਮਲੀ ਰੂਪ ਦਈਏ ਤਾਂ ਜੋ ਦੁਨੀਆਂ ਵਿੱਚ ਮਹਾਂਮਾਰੀ ਬਣ ਫੈਲੇ ਕੋਰੋਨਾ ਵਾਇਰਸ ਤੋਂ ਬਚਿਆ ਜਾ ਸਕੇ।

# ਹੋਲੇ-ਮਹੱਲੇ ਸੰਬੰਧੀ ਅਖੰਡ ਪਾਠ ਦਾ ਭੋਗ

**ਯੂਬਾ ਸਿਟੀ-** ਬੀਤੇ ਦਿਨੀਂ ਗੁਰਦੁਆਰਾ ਮਸਤੂਆਣਾ ਸਾਹਿਬ ਯੂਬਾ ਸਿਟੀ ਵਿਖੇ ਖਾਲਸੇ ਦੇ ਰਾਂਗਲੇ ਤਿਉਹਾਰ ਹੋਲੇ-ਮਹੱਲੇ ਸੰਬੰਧੀ ਵਿਸ਼ੇਸ਼ ਸਮਾਗਮ ਸ਼ਰਧਾ ਸਹਿਤ ਕਰਵਾਇਆ ਗਿਆ! ਇਸ ਸੰਬੰਧੀ ਅਖੰਡ ਪਾਠ ਦਾ ਭੋਗ ਪਾਇਆ ਗਿਆ ਅਤੇ ਰਾਗੀ ਸਿੰਘਾਂ ਵੱਲੋਂ ਰਸ-ਭਿੰਨਾ ਕੀਰਤਨ ਕੀਤਾ ਗਿਆ! ਕੀਰਤਨ ਕਰਨ ਵਾਲ਼ਿਆਂ ਜੱਥਿਆਂ ਵਿੱਚ ਭਾਈ ਬਲਬੀਰ ਸਿੰਘ ਜੀ ਮਸਤੂਆਣਾ ਸਾਹਿਬ, ਭਾਈ ਲਖਵਿੰਦਰ ਸਿੰਘ ਜੀ ਅਤੇ ਭਾਈ ਬਿਕਰਮਜੀਤ ਸਿੰਘ ਜੀ ਨੇ ਕਥਾ-ਕੀਰਤਨ ਅਤੇ ਗੁਰ ਇਤਿਹਾਸ ਤੋਂ ਸੰਗਤਾਂ ਨੂੰ ਨਿਹਾਲ ਕੀਤਾ!

ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ! ਕਰੋਨਾ ਵਾਇਰਸ ਦੇ ਚੱਲਦਿਆਂ ਵੀ ਸੰਗਤਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ! ਇਸ ਮੌਕੇ ਭਾਈ ਅਮਰਜੀਤ ਸਿੰਘ, ਭਾਈ ਸੁੱਖਦੇਵ ਸਿੰਘ, ਭਾਈ ਸਤਿਨਾਮ ਸਿੰਘ ਅਤੇ ਬੀਬੀ ਅਮਰਜੀਤ ਕੌਰ ਜੀ ਦੇ ਪਰਿਵਾਰ ਨੇ ਵਿਸ਼ੇਸ਼ ਤੌਰ ਤੇ ਹਾਜ਼ਰੀ ਭਰੀ!

# ਪੂਰੇ ਭਾਰਤ ਵਿਚ 21 ਦਿਨਾਂ ਲਈ ਲਾਕਡਾਊਨ- ਮੋਦੀ

**(ਸਫਾ 1 ਦੀ ਬਾਕੀ)**

ਲਾਕਡਾਊਨ 21 ਦਿਨ ਦਾ ਹੋਵੇਗਾ। ਦੇਸ਼ ਦੇ ਹਰ ਰਾਜ ਨੂੰ, ਹਰ ਕੇਂਦਰ ਸ਼ਾਸਤ ਪ੍ਰਦੇਸ਼ ਨੂੰ, ਹਰ ਜ਼ਿਲ੍ਹੇ, ਹਰ ਪਿੰਡ, ਹਰ ਕਸਬੇ , ਹਰੀ ਗਲੀ-ਮੁਹੱਲੇ ਨੂੰ ਹੁਣ ਲਾਕਡਾਊਨ ਕੀਤਾ ਜਾ ਰਿਹਾ ਹੈ।

24 ਮਾਰਚ ਰਾਤ 12 ਵਜੇ ਤੋਂ ਪੂਰੇ ਦੇਸ਼ 'ਚ, ਧਿਆਨ ਨਾਲ ਸੁਣੋ, ਪੂਰੇ ਦੇਸ਼ 'ਚ, ਅੱਜ ਰਾਤ 12 ਵਜੇ ਤੋਂ ਪੂਰੇ ਦੇਸ਼ 'ਚ ਸੰਪੂਰਨ ਲਾਕਡਾਊਨ ਹੋਣ ਜਾ ਰਿਹਾ ਹੈ। ਹਿੰਦੁਸਤਾਨ ਨੂੰ ਬਚਾਉਣ ਲਈ, ਹਿੰ-ਦੁਸਤਾਨ ਦੇ ਹਰ ਨਾਗਰਿਕ ਨੂੰ ਬਚਾਉਣ ਲਈ ਅੱਜ ਰਾਤ 12 ਵਜੇ ਤੋਂ, ਘਰਾਂ ਤੋਂ ਬਾਹਰ ਨਿਕਲਣ 'ਤੇ, ਪੂਰੀ ਤਰ੍ਹਾਂ ਪਾਬੰਦੀ ਲਗਾਈ ਜਾ ਰਹੀ ਹੈ।

ਕੁਝ ਲੋਕਾਂ ਦੀ ਲਾਪਰਵਾਹੰ, ਕੁਝ ਲੋਕਾਂ ਦੀ ਗਲਤ ਸੋਚ, ਤੁਹਾਨੂੰ, ਤੁਹਾਡੇ ਬੱਚਿਆਂ, ਤੁਹਾਡੇ ਮਾਤਾ-ਪਿਤਾ ਨੂੰ, ਤੁਹਾਡੇ ਪਰਿਵਾਰ ਨੂੰ, ਤੁਹਾਡੇ ਦੋਸਤਾਂ ਨੂੰ, ਪੂਰੇ ਦੇਸ਼ ਨੂੰ ਬਹੁਤ ਵੱਡੀ ਮੁਸ਼ਕਲ 'ਚ ਪਾ ਦੇਵੇਗੀ। ਸਾਥੀਓ, ਪਿਛਲੇ 2 ਦਿਨਾਂ ਤੋਂ ਦੇਸ਼ ਦੇ ਕਈ ਹਿੱਸਿਆਂ 'ਚ ਲਾਕਡਾਊਨ ਕਰ ਦਿੱਤਾ ਗਿਆ ਹੈ। ਰਾਜ ਸਰਕਾਰ ਦੇ ਇਨ੍ਹਾਂ ਯਤਨਾਂ ਨੂੰ ਬਹਤੁ ਗੰ-ਭੀਰਤਾ ਨਾਲ ਲੈਣਾ ਚਾਹੀਦਾ ਹੈ। ਕੁਝ ਲੋਕ ਇਸ ਗਲਤਫਹਿਮੀ ਹੈ ਕਿ ਸੋਸ਼ਲ ਡਿਸਟੈਂਸਿੰਗ ਕੇਵਲ ਬਿਮਾਰ ਲੋਕਾਂ ਲਈ ਜ਼ਰੂਰੀ ਹੈ। ਇਹ ਸੋਚਣਾ ਸਹੀ ਨਹੀਂ ਹੈ। ਸੋਸ਼ਲ ਡਿਸਟੈਂਸਿੰਗ ਹਰ ਨਾਗਰਿਕ ਲਈ ਹੈ, ਹਰ ਪਰਿਵਾਰ ਲਈ ਹੈ, ਪਰਿਵਾਰ ਦੇ ਹਰ ਮੈਂਬਰ ਲਈ ਹੈਕੋਰੋਨਾ ਤੋਂ ਬਚਣ ਦਾ ਇਸ ਤੋਂ ਇਲਾਵਾ ਕੋਈ ਤਰੀਕਾ ਨਹੀਂ ਹੈ, ਕੋਈ ਰਸਤਾ ਨਹੀਂ ਹੈ। ਕੋਰੋਨਾ ਨੂੰ ਫੈਲਣ ਤੋਂ ਰੋਕਣਾ ਹੈ, ਤਾਂ ਇਸ ਦੀ ਇਨਫੈਕਸ਼ਨ ਦੀ ਸਾਈਕਲ ਨੂੰ ਤੋੜਨਾ ਹੀ ਪਵੇਗਾ।

ਇਨ੍ਹਾਂ ਬਾਰੇ ਦੇਸ਼ਾਂ ਦੇ ਦੋ ਮਹੀਨਿਆਂ ਦੇ ਅਧਿਐਨ ਤੋਂ ਜੋ ਨਤੀਜਾ ਨਿਕਲ ਰਿਹਾ ਹੈ, ਅਤੇ ਮਾਹਿਰ ਵੀ ਇਹੀ ਆਖ ਰਹੇ ਹਨ ਕਿ ਕੋਰੋਨਾ ਨਾਲ ਪ੍ਰਭਾਵੀ ਮੁਕਾਬਲੇ ਲਈ ਇਕਮਾਤਰ ਬਦਲ ਹੈ-ਸੋਸ਼ਲ ਡਿਸਟੈਂਸਿੰਗ। ਪੀਐੱਮ ਮੋਦੀ ਨੇ 22 ਮਾਰਚ ਨੂੰ ਜਨਤਾ ਕਰਫਿਊ ਦੀ ਸਫਲਤਾ ਲਈ ਦੇਸ਼ਵਾਸੀਆਂ ਦਾ ਧੰਨਵਾਦ ਪ੍ਰਗਟ ਕੀਤਾ। ਯਾਦ ਰਹੇ ਕਿ ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ ਕੋਰੋਨਾ ਵਾਇਰਸ ਮਹਾਮਾਰੀ ਨੂੰ ਲੈ ਕੇ ਵੀਰਵਾਰ (19 ਮਾਰਚ 2020) ਨੂੰ ਵੀ ਬੀਤੀ ਸ਼ਾਮ 8 ਵਜੇ ਦੇਸ਼ ਨੂੰ ਸੰਬੋਧਨ ਕੀਤਾ ਸੀ। ਇਸ ਦੌਰਾਨ ਉਨ੍ਹਾਂ ਨੇ ਦੇਸ਼ ਦੀ ਜਨਤਾ ਨੂੰ ਅਪੀਲ ਕੀਤੀ ਕਿ ਉਹ ਐਤਵਾਰ 22 ਮਾਰਚ ਨੂੰ ਪੂਰੇ ਦੇਸ਼ 'ਚ ਜਨਤਾ ਕਰਫਿਊ ਲਗਾਉਣ। ਉਨ੍ਹਾਂ ਸਵੇਰੇ 7 ਵਜੇ ਤੋਂ ਰਾਤ 9 ਵਜੇ ਤਕ ਜਨਤਾ ਕਰਫ਼ਿਊ ਦਾ ਸੱਦਾ ਦਿੱਤਾ ਸੀ।

# ਕੋਰੋਨਾ ਨਾਲ ਦੁਨੀਆਂ ਦੀ ਜੰਗ



ਜਸਪਾਲ ਸਿੰਘ 'ਨਾਗਰਾ'
360-448-1989

ਕੋਰੋਨਾ ਇੱਕ ਸੂਖ਼ਮ ਜੀਵ ਹੈ।ਇਸ ਨੂੰ ਨੰਗੀ ਅੱਖ ਨਾਲ ਨਹੀਂ ਵੇਖਿਆ ਜਾ ਸਕਦਾ।ਇਸ ਨੇ ਪੂਰੀ ਦੁਨੀਆਂ ਦੇ ਵੱਡੇ-ਵੱਡੇ ਨਾਢੂ ਖਾਨਾਂ ਦੀਆਂ ਗੋਡਣੀਆਂ ਲੁਆ ਰੱਖੀਆਂ ਹਨ।ਇਸਦਾ ਜਨਮ ਦਾਤਾ ਚੀਨ ਨੂੰ ਮੰਨਿਆ ਜਾ ਰਿਹਾ ਹੈ। ਇਸ ਨੇ ਦਸੰਬਰ ਮਹੀਨੇ ਦੇ ਅੱਧ ਤੋਂ ਬਾਅਦ ਦਸਤਕ ਦਿੱਤੀ ਸੀ। ਉਸ ਸਮੇਂ ਕਿਸੇ ਦੇ ਚਿੱਤ ਚੇਤੇ ਵੀ ਨਹੀਂ ਸੀ ਕਿ ਐਨਾ ਛੋਟਾ ਜਿਹਾ ਜੀਵ ਪੂਰੀ ਦੁਨੀਆਂ ਨੂੰ ਹਿਲਾ ਕੇ ਰੱਖ ਦੇਵੇਗਾ।ਇਸ ਨੇ ਜਦੋਂ ਚੀਨ ਦੇ ਲੋਕਾਂ ਦੀ ਜਾਨ ਲੈਣੀ ਸ਼ੁਰੂ ਕੀਤੀ ਤਾਂ ਹਾਹਾਕਾਰ ਮੱਚਣੀ ਸ਼ੁਰੂ ਹੋ ਗਈ। ਬਹੁ-ਗਿਣਤੀ ਦੇਸ਼ ਉਦੋਂ ਇਹ ਹੀ ਸੋਚਦੇ ਰਹੇ ਕਿ ਇਹ ਚੀਨ ਤੱਕ ਹੀ ਸੀਮਤ ਰਹੇਗਾ ਪਰ ਅਜਿਹਾ ਨਹੀਂ ਹੋਇਆ। ਕੁੱਝ ਹੀ ਦਿਨਾਂ ਵਿੱਚ ਇਸ ਨੇ ਆਪਣੇ ਪੈਰ ਦੂਜੇ ਦੇਸ਼ਾਂ ਵਿੱਚ ਵੀ ਪਸਾਰਨੇ ਸ਼ੁਰੂ ਕਰ ਦਿੱਤੇ। ਹੁਣ ਤੱਕ ਚੀਨ ਵਿੱਚ ਤਿੰਨ ਹਜਾਰ ਤੋਂ ਜਿਆਦਾ ਅਤੇ ਇਟਲੀ ਵਿੱਚ ਚਾਰ ਹਜਾਰ ਤੋਂ ਵੀ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਮਰਨ ਵਾਲਿਆਂ ਵਿੱਚ ਜਿਆਦਾ ਗਿਣਤੀ ਉਨ੍ਹਾਂ ਲੋਕਾਂ ਦੀ ਹੈ ਜੋ ਸੱਠ ਸਾਲ ਤੋਂ ਵੱਧ ਉਮਰ ਦੇ ਜਾਂ ਫਿਰ ਕਿਸੇ ਗੰਭੀਰ ਬੀਮਾਰੀ ਤੋਂ ਪੀੜਤ ਲੋਕ ਹਨ।ਇਸ ਵਾਇਰਸ ਦੇ ਵਾਹਕ ਹਰ ਉਮਰ ਦੇ ਲੋਕ ਬਣਦੇ ਹਨ। ਵੱਖ-ਵੱਖ ਦੇਸ਼ਾਂ ਵਿੱਚ ਇਸਦਾ ਪਸਾਰਾ ਉਨ੍ਹਾਂ ਲੋਕਾਂ ਰਾਹੀਂ ਹੋਇਆ ਜੋ ਚੀਨ ਤੋਂ ਦੂਜੇ ਦੇਸ਼ਾਂ ਵਿੱਚ ਗਏ, ਉਸ ਤੋਂ ਬਾਅਦ ਇਟਲੀ ਦੇ ਲੋਕਾਂ ਦੇ ਇਧਰ-ਉਧਰ ਜਾਣ ਨਾਲ ਸ਼ੁਰੂ ਹੋਇਆ ਜੋ ਕਿ ਬਾਅਦ ਵਿੱਚ ਇੱਕ ਲੜੀ ਬਣਦੀ ਗਈ ਜਿਹੜੀ ਹੁਣ ਤੱਕ ਦੁਨੀਆਂ ਦੇ ਲੱਗਭੱਗ 176 ਦੇਸ਼ਾਂ ਤੱਕ ਇਸ ਵਾਇਰਸ ਨੂੰ ਲਿਜਾ ਚੁੱਕੀ ਹੈ।

ਸ਼ੁਰੂ-ਸ਼ੁਰੂ ਵਿੱਚ ਲੋਕਾਂ ਨੇ ਇਸ ਬੀਮਾਰੀ ਨੂੰ ਇੱਕ ਮਜਾਕ ਦੇ ਤੌਰ ਤੇ ਲਿਆ ਪਰ ਜਿਉਂ ਹੀ ਮਰਨ ਵਾਲਿਆਂ ਦਾ ਅੰਕੜਾ ਵੱਧਣਾ ਸ਼ੁਰੂ ਹੋਇਆ ਤਾਂ ਸਾਰੇ ਲੋਕ ਤ੍ਰਭਕਣ ਲੱਗ ਪਏ।ਇਸ ਵਾਇਰਸ ਨੂੰ ਮਾਰਨ ਵਾਲੀ ਅਜੇ ਤੱਕ ਕੋਈ ਵੀ ਦਵਾਈ ਨਹੀਂ ਬਣੀ। ਇਸ ਵਾਇਰਸ ਤੇ ਗਰਮੀ ਜਾਂ ਸਰਦੀ ਦਾ ਵੀ ਕੋਈ ਖਾਸ ਪ੍ਰਭਾਵ ਵੇਖਣ ਨੂੰ ਨਹੀਂ ਮਿਲਿਆ।ਇਸਦਾ ਜੀਵਨ ਕਾਲ ਮਨੁੱਖੀ ਸਰੀਰ ਤੋਂ ਬਾਹਰ ਵੀ ਕਈ ਦਿਨ ਦਾ ਹੋਣ ਕਰਕੇ ਅੱਗੇ ਤੋਂ ਅੱਗੇ ਅਸਾਨੀ ਨਾਲ ਜਾ ਰਿਹਾ ਹੈ। ਇਸਦੇ ਲੱਛਣ ਫਲੂ ਵਰਗੇ ਹੋਣ ਕਰਕੇ ਸ਼ੁਰੂਆਤੀ ਦੌਰ ਵਿੱਚ ਇਸ ਤੋਂ ਪੀੜਤ ਹੋਇਆ ਵਿਅਕਤੀ ਇਸ ਪ੍ਰਤੀ ਬਹੁਤਾ ਗੰਭੀਰ ਨਹੀਂ ਹੁੰਦਾ। ਉਹ ਬਿਨਾ ਝਿਜਕ ਲੋਕਾਂ ਵਿੱਚ ਤੁਰਿਆ ਫਿਰਦਾ ਹੈ। ਉਸਦਾ ਫਿਰਨਾ ਤੁਰਨਾ ਹੀ ਹੋਰ ਲੋਕਾਂ ਨੂੰ ਵੀ ਇਸ ਬੀਮਾਰੀ ਤੋਂ ਪੀੜਤ ਕਰ ਦਿੰਦਾ ਹੈ।ਚੀਨ ਵਾਲਿਆਂ ਨੇ ਭਾਵੇਂ ਇਸਦੇ ਵਾਧੇ ਤੇ ਕਾਬੂ ਪਾ ਲਿਆ ਹੈ ਪਰ ਬਾਕੀ ਦੇਸ਼ਾਂ ਵਿੱਚ ਇਹ ਬਹੁਤ ਤੇਜੀ ਨਾਲ ਫੈਲ ਰਿਹਾ ਹੈ, ਮਰਨ ਵਾਲਿਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਜੋ ਕਿ ਚਿੰਤਾ ਦਾ ਵਿਸ਼ਾ ਹੈ। ਇਸ ਨੂੰ ਰੋਕਣ ਲਈ ਇੱਕ ਦੂਜੇ ਤੋਂ ਦੂਰੀ ਬਣਾ ਕੇ ਰੱਖਣਾ ਹੀ ਇੱਕ ਕਾਰਗਾਰ ਤਰੀਕਾ ਹੈ।



ਅਮਰੀਕਾ ਵਿੱਚ ਕਈ ਥਾਵਾਂ ਤੇ ਲਾਕਡਾਊਨ ਕਰ ਦਿੱਤਾ ਗਿਆ ਹੈ।ਲੋਕਾਂ ਦੇ ਘਰੋਂ ਨਿਕਲਣ ਤੇ ਪਾਬੰਦੀ ਲਗਾਈ ਗਈ ਹੈ।ਸਿਰਫ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਲਈ ਹੀ ਲੋਕ ਘਰੋਂ ਬਾਹਰ ਜਾ ਸਕਦੇ ਹਨ। ਅਮਰੀਕਾ ਵਰਗੇ ਵਿਕਸਤ ਦੇਸ਼ਾਂ ਕੋਲ ਵੀ ਇਸਦਾ ਕੋਈ ਇਲਾਜ ਨਾ ਹੋਣ ਕਾਰਣ ਸਿਰਫ ਇੱਕ ਦੂਜੇ ਤੋਂ ਦੂਰ ਰੱਖਣ ਨਾਲ ਹੀ ਇਸਦੇ ਵੱਧਣ ਤੇ ਰੋਕ ਲਗਾਈ ਜਾ ਸਕਦੀ ਹੈ।ਦੂਜੇ ਦੇਸ਼ ਵੀ ਇਹ ਹੀ ਕਰ ਰਹੇ ਹਨ। ਭਾਰਤ ਵਿੱਚ ਵੀ ਇੱਕ ਦਿਨ ਦਾ ਲੋਕ ਕਰਫਿਊ ਲਗਾਕੇ ਲੋਕਾਂ ਨੂੰ ਘਰਾਂ ਵਿੱਚ ਰਹਿਣ ਦੀ ਅਪੀਲ ਕੀਤੀ ਗਈ ਸੀ। ਇਸਦੇ ਨਤੀਜੇ ਭਾਵੇਂ ਸੰਤੋਸ਼ਜਨਕ ਨਿਕਲੇ ਪਰ ਫਿਰ ਵੀ ਅਜੇ ਬਹੁਤ ਸਾਰੇ ਲੋਕ ਇਸ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੇ ਜੋ ਕਿ ਮਾੜੀ ਗੱਲ ਹੈ।ਇਸ ਮੁਸ਼ਕਿਲ ਘੜੀ ਵਿੱਚ ਸਭ ਦਾ ਸਹਿਯੋਗ ਜਰੂਰੀ ਹੈ। ਕੋਰੋਨਾ ਨਾਲ ਕਿਸੇ ਇੱਕ ਦੇਸ਼ ਦੀ ਜੰਗ ਨਹੀਂ ਹੈ ਸਗੋਂ ਸਾਰੀ ਦੁਨੀਆਂ ਨੂੰ ਇੱਕਜੁੱਟ ਹੋ ਕੇ ਲੜਨ ਦੀ ਲੋੜ ਹੈ।ਜੇ ਅਜੇ ਵੀ ਕੋਈ ਇਸ ਗੱਲ ਦੀ ਸ਼ੇਖੀ ਮਾਰਦਾ ਹੈ ਕਿ ਮੈਂ ਨਹੀਂ ਇਸ ਤੋਂ ਡਰਦਾ ਤਾਂ ਉਹਦੇ ਵਰਗਾ ਕੋਈ ਮੂਰਖ ਨਹੀਂ ਲੱਭਣਾ।

ਇਸ ਬੀਮਾਰੀ ਤੇ ਕੰਟਰੋਲ ਕਰਨ ਲਈ ਭਾਰਤ ਦੇ ਬਹੁਤ ਸਾਰੇ ਸੂਬਿਆਂ ਨੇ ਲਾਕਡਾਊਨ ਕਰਕੇ ਬਹੁਤ ਹੀ ਸ਼ਲਾਘਾਯੋਗ ਕਦਮ ਚੁੱਕਿਆ ਹੈ। ਲਾਕਡਾਊਨ ਕਰਨਾ ਜਰੂਰੀ ਹੀ ਨਹੀਂ ਸਗੋਂ ਮਜਬੂਰੀ ਬਣ ਗਿਆ ਹੈ, ਜੇ ਅਜਿਹਾ ਕਦਮ ਨਾ ਚੁੱਕਿਆ ਜਾਂਦਾ ਤਾਂ ਇਸਦਾ ਫੈਲਾਅ ਬਹੁਤ ਜਿਆਦਾ ਹੋਣ ਦੇ ਆਸਾਰ ਬਣ ਜਾਣੇ ਸਨ। ਭਾਰਤ ਦੀ ਇੱਕ ਇਹ ਵੀ ਬਹੁਤ ਵੱਡੀ ਤਰਾਸਦੀ ਹੈ ਕਿ ਅਜਿਹੇ ਮੌਕੇ ਤੇ ਹਰ ਕੋਈ ਡਾਕਟਰ ਬਣਕੇ ਕੋਈ ਨਾ ਕੋਈ ਇਲਾਜ ਦਾ ਨੁਸਖਾ ਸੁਝਾਅ ਰਿਹਾ ਹੁੰਦਾ ਹੈ। ਅਜਿਹੇ ਡਾਕਟਰਾਂ ਨੂੰ ਭਾਵੇਂ ਵਾਇਰਸ ਦੇ ਅਕਾਰ ਬਾਰੇ ਵੀ ਜਾਣਕਾਰੀ ਨਾ ਹੋਵੇ। ਇਸ ਗੱਲ ਵਿੱਚ ਭਾਵੇਂ ਸਚਾਈ ਜਰੂਰ ਹੈ ਕਿ ਜਿਸਦਾ ਇਮਿਊਨ ਸਿਸਟਮ ਤੱਕੜਾ ਹੈ, ਉਸ ਤੇ ਇਸ ਵਾਇਰਸ ਦਾ ਹਮਲਾ ਘੱਟ ਹੁੰਦਾ ਹੈ। ਇਮਿਊਨ ਸਿਸਟਮ ਨੂੰ ਤੱਕੜਾ ਸੰਤੁਲਿਤ ਭੋਜਨ ਹੀ ਕਰਦਾ ਹੈ। ਭਾਰਤ ਵਿੱਚ ਲਾਈਲੱਗ ਲੋਕਾਂ ਦੀ ਕਮੀ ਨਹੀਂ ਹੈ। ਇਨ੍ਹਾਂ ਨੂੰ ਤਾਂ ਜਦੋਂ ਇਹ ਕਿਹਾ ਗਿਆ ਕਿ ਪੱਥਰ ਦੀ ਮੂਰਤੀ ਦੁੱਧ ਪੀਣ ਲੱਗ ਪਈ ਹੈ, ਇਨ੍ਹਾਂ ਨੇ ਉਦੋਂ ਟਨਾਂ ਦੇ ਟਨ ਦੁੱਧ ਮੂਰਤੀਆਂ ਨੂੰ ਪਿਲਾਇਆ ਜਿਹੜਾ ਨਾਲੀਆਂ ਰਾਹੀਂ ਹੁੰਦਾ ਹੋਇਆ ਛੱਪੜਾਂ ਵਿੱਚ ਜਾ ਪਿਆ ਸੀ। ਇਨ੍ਹਾਂ ਨੂੰ ਜੇ ਕੋਈ ਹੁਣ ਇਹ ਕਹਿ ਦੇਵੇ ਕਿ ਫਲਾਣੇ ਪਿੰਡ ਦੇ ਨਲਕੇ ਦਾ ਪਾਣੀ ਪੀਣ ਨਾਲ ਇਹ ਬੀਮਾਰੀ ਨਹੀਂ ਲੱਗਦੀ ਤਾਂ ਉੱਥੇ ਵੀ ਚੰਦ ਮਿੰਟਾਂ ਵਿੱਚ ਲੰਮੀਆਂ ਕਤਾਰਾਂ ਲੱਗ ਜਾਣਗੀਆਂ।

ਇਹ ਸਮਾਂ ਗੰਭੀਰਤਾ ਨਾਲ ਸੋਚਣ ਦਾ ਅਤੇ ਸਮਝਦਾਰੀ ਤੋਂ ਕੰਮ ਲੈਣ ਦਾ ਹੈ ਨਾ ਕਿ ਚੱਲ ਹਊ ਪਰੇ ਕਰਨ ਦਾ ਹੈ।ਜਿਸ ਪਰਿਵਾਰ ਦਾ ਜੀਅ ਚਲਾ ਜਾਂਦਾ ਹੈ, ਉਸਦੇ ਜਾਣ ਦਾ ਦੁੱਖ ਉਹ ਪਰਿਵਾਰ ਹੀ ਸਮਝ ਸਕਦਾ ਹੈ। ਦੁਨੀਆ ਦੇ ਕੱਲੇ-ਕੱਲੇ ਵਿਅਕਤੀ ਨੂੰ ਇਤਿਹਾਦ ਵਰਤਣ ਦੀ ਲੋੜ ਹੈ।ਇਸ ਸਮੇਂ ਇਸ ਬੀਮਾਰੀ ਦੇ ਇਲਾਜ ਦੀ ਕੋਈ ਦਵਾਈ ਨਾ ਹੋਣ ਕਰਕੇ ਇਸ ਦੇ ਵਾਧੇ ਨੂੰ ਰੋਕਣਾ ਹੀ ਇੱਕ ਢੰਗ ਹੈ।ਜੇ ਕੋਈ ਇਸ ਤੋਂ ਪੀੜਤ ਹੋ ਵੀ ਗਿਆ ਹੈ ਤਾਂ ਉਸਦੀ ਵੀ ਨੈਤਿਕ ਤੌਰ ਤੇ ਜਿੰਮੇਂਵਾਰੀ ਬਣਦੀ ਹੈ ਕਿ ਉਹ ਖੁਦ ਨੂੰ ਦੂਜੇ ਲੋਕਾਂ ਤੋਂ ਅਲੱਗ ਕਰ ਲਵੇ।ਅਜਿਹਾ ਕਰਨ ਨਾਲ ਉਹ ਹੋਰ ਲੋਕਾਂ ਨੂੰ ਪੀੜਤ ਹੋਣ ਤੋਂ ਬਚਾਕੇ ਇੱਕ ਭਲੇ ਦਾ ਕੰਮ ਕਰ ਰਿਹਾ ਹੋਵੇਗਾ। ਮਨੁੱਖ ਨੂੰ ਕੁਦਰਤ ਨਾਲ ਖਿਲਵਾੜ ਕਰਨ ਤੋਂ ਵੀ ਬਾਜ ਆਉਣਾ ਚਾਹੀਦਾ ਹੈ।

ਇਹ ਸਮਾਂ ਸਾਰੀ ਦੁਨੀਆਂ ਲਈ ਸੰਜੀਦਗੀ ਵਰਤਣ ਦਾ ਹੈ।ਸਾਡੀ ਸਭ ਦੀ ਜਿੰਮੇਂਵਾਰੀ ਬਣਦੀ ਹੈ ਕਿ ਸਰਕਾਰਾਂ ਵਲੋਂ ਇਸ ਵਾਇਰਸ ਨੂੰ ਠੱਲ ਪਾਉਣ ਲਈ ਚੁੱਕੇ ਗਏ ਕਦਮਾਂ ਦੀ ਸ਼ਲਾਘਾ ਕਰਨ ਦੇ ਨਾਲ-ਨਾਲ ਸਹਿਯੋਗ ਵੀ ਕਰੀਏ। ਇਹ ਇਸ ਸਮੇਂ ਇੱਕ ਮਹਾਂਮਾਰੀ ਦਾ ਰੂਪ ਧਾਰਨ ਕਰ ਚੁੱਕਿਆ ਹੈ।ਇਸ ਤੇ ਕਾਬੂ ਪਾਉਣ ਲਈ ਹਰ ਇੱਕ ਵਿਅਕਤੀ ਦੇ ਸਹਿਯੋਗ ਦੀ ਲੋੜ ਹੈ। ਮੈਨੂੰ ਪੂਰੀ ਉਮੀਦ ਹੈ ਕਿ ਹਰ ਕੋਈ ਆਪਣੇ-ਆਪ ਨੂੰ ਆਪਣੇ ਦੇਸ਼ ਦਾ ਜਿੰਮੇਂਵਾਰ ਨਾਗਰਿਕ ਸਮਝਦਾ ਹੋਇਆ ਇਸ ਬੀਮਾਰੀ ਦੇ ਵਾਧੇ ਨੂੰ ਰੋਕਣ ਲਈ ਸਹਿਯੋਗ ਕਰੇਗਾ। ਇਹ ਹੀ ਸਮੇਂ ਦੀ ਲੋੜ ਹੈ।

## ਨੋਵਲ ਕਰੋਨਾ ਵਾਇਰਸ ਦੀ ਰੋਕਥਾਮ ਲਈ ਹਰ ਨਾਗਰਿਕ ਦੇਵੇ ਸਹਿਯੋਗ



ਚਾਨਣ ਦੀਪ ਸਿੰਘ ਔਲਖ
91-98768-88177

ਚੀਨ ਤੋਂ ਸ਼ੁਰੂ ਹੋਇਆ ਕੋਵਿਡ -19 ਦੁਨੀਆਂ ਭਰ ਵਿੱਚ ਮਹਾਂਮਾਰੀ ਦਾ ਰੂਪ ਧਾਰਨ ਕਰ ਚੁੱਕਾ ਹੈ। ਇਸ ਨਾਲ ਹੁਣ ਤੱਕ 2 ਲੱਖ ਤੋਂ ਵੱਧ ਲੋਕ ਪੀੜਤ ਹਨ ਅਤੇ 9000 ਦੇ ਕਰੀਬ ਮੌਤਾਂ ਹੋ ਚੁੱਕੀਆਂ ਹਨ। ਹੁਣ ਇਹ ਭਾਰਤ ਵਿੱਚ ਵੀ ਫੈਲ ਰਿਹਾ ਹੈ। ਪੰਜਾਬ ਵਿੱਚ ਵੀ ਕੁਝ ਮਾਮਲੇ ਸਾਹਮਣੇ ਆਏ ਹਨ ਅਤੇ ਇੱਕ ਮੌਤ ਵੀ ਹੋ ਚੁੱਕੀ ਹੈ। ਸਰਕਾਰ ਵੱਲੋਂ ਸਥਿਤੀ ਦਾ ਸਾਹਮਣਾ ਕਰਨ ਲਈ ਬਹੁਤ ਸਾਰੇ ਕਦਮ ਚੁੱਕੇ ਜਾ ਰਹੇ ਹਨ। ਜਿਵੇਂ ਮੇਲਿਆਂ, ਸ਼ਾਪਿੰਗ ਮਾਲਾਂ , ਸਿਨੇਮੇ ਘਰਾਂ, ਖੇਡ ਸਮਾਗਮਾਂ ਤੇ ਰੋਕ ਲਗਾ ਦਿੱਤੀ ਗਈ ਹੈ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਆਦਿ ਵਿਦਿਅਕ ਅਦਾਰਿਆਂ ਨੂੰ 31 ਮਾਰਚ ਤੱਕ ਬੰਦ ਰੱਖਣ ਦਾ ਐਲਾਨ ਕੀਤਾ ਹੈ। 50 ਬੰਦਿਆਂ ਤੋਂ ਜ਼ਿਆਦਾ ਇਕੱਤਰ ਹੋਣ ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਸਾਰੇ ਵਿਭਾਗਾਂ ਦੇ ਸਹਿਯੋਗ ਨਾਲ ਇਸ ਤੋਂ ਬਚਾਅ ਲਈ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। 20 ਮਾਰਚ ਤੋਂ ਬਾਅਦ ਬੱਸਾਂ, ਆਟੋ, ਰੇਲਾਂ ਆਦਿ ਪਬਲਿਕ ਟਰਾਂਸਪੋਰਟ ਤੇ ਰੋਕ ਲਗਾ ਦਿੱਤੀ ਗਈ ਹੈ। ਕੇਂਦਰ ਸਰਕਾਰ ਨੇ 22 ਮਾਰਚ ਨੂੰ ਲੋਕਾਂ ਨੂੰ ਸਵੇਰੇ 7 ਵਜੇ ਤੋਂ ਰਾਤ 9 ਵਜੇ ਘਰਾਂ ਵਿੱਚ ਰਹਿਣ ਦੀ ਅਪੀਲ ਕੀਤੀ ਹੈ।

ਸੋਸ਼ਲ ਮੀਡੀਆ ਤੇ ਤਰਾਂ ਤਰਾਂ ਦਾ ਨੈਗੇਟਿਵ ਪ੍ਰਚਾਰ ਅਤੇ ਮਜ਼ਾਕ ਉਡਾਉਣ ਦੀ ਥਾਂ 'ਤੇ ਬਚਾਅ ਸਬੰਧੀ ਜਾਣਕਾਰੀ ਫੈਲਾਉਣੀ ਚਾਹੀਦੀ ਹੈ। ਪਿਛਲੇ ਦਿਨੀਂ ਵੱਖ ਵੱਖ ਵਿਭਾਗਾਂ ਦੇ ਸਹਿਯੋਗ ਨਾਲ ਸਥਿਤੀ ਨਾਲ ਨਜਿੱਠਣ ਲਈ ਮੌਕ ਡਰਿਲ ਕਰਵਾਈ ਗਈ ਜਿਸ ਦੀਆਂ ਵੀਡੀਓ ਗਲਤ ਤਰੀਕੇ ਨਾਲ ਵਾਇਰਲ ਕਰਨ ਕਰਕੇ ਲੋਕਾਂ ਵਿੱਚ ਡਰ ਦਾ ਮਾਹੌਲ ਬਣ ਗਿਆ ਹੈ। ਰਾਜਨੀਤਕ ਨੇਤਾਵਾਂ ਦੀਆਂ ਗੱਲਾਂ ਦਾ ਵੀ ਮਜ਼ਾਕ ਉਡਾਉਣ ਦਾ ਵੇਲਾ ਹੁਣ ਨਹੀਂ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਨੇ ਜੋ ਸਾਰੇ ਭਾਰਤ ਵਿੱਚ ਐਤਵਾਰ ਨੂੰ ਕਰਫ਼ਿਊ ਲੱਗਣ ਦਾ ਕਿਹਾ ਹੈ ਇਸਨੂੰ ਸਿਆਸੀ ਤੌਰ ਤੇ ਨੈਗੇਟਿਵ ਨਾਂ ਲਿਆ ਜਾਵੇ ਕਿਉਂਕਿ ਇਸਦੇ ਬਹੁਤ ਵੱਡੇ ਮਾਇਨੇ ਹਨ। ਜੇਕਰ ਲੋਕ 14 ਘੰਟੇ ਘਰਾਂ ਵਿੱਚ ਰਹਿਣ ਅਤੇ ਹੋਰਨਾਂ ਲੋਕਾਂ ਦੇ ਸੰਪਰਕ ਵਿੱਚ ਨਹੀਂ ਆਉਣਗੇ ਤਾਂ ਵਾਇਰਸ ਨੂੰ ਅੱਗੇ ਫੈਲਣ ਲਈ ਨਵੇਂ ਨਵੇਂ ਸਰੀਰ ਨਹੀਂ ਮਿਲਣਗੇ। ਇਸ ਨਾਲ ਵਾਇਰਸ ਦਾ ਅੱਗੇ ਫੈਲਣ ਦਾ ਚੱਕਰ ਟੁੱਟ ਜਾਵੇਗਾ। ਜਿਸ ਨਾਲ ਕਾਫੀ ਹੱਦ ਤੱਕ ਵਾਇਰਸ ਦਾ ਪਸਾਰਾ ਘੱਟ ਜਾਵੇਗਾ। ਜਿਆਦਾ ਭੀੜ ਭੜੱਕੇ ਵਾਲੀਆਂ ਥਾਵਾਂ, ਸੜਕਾਂ ਆਦਿ ਖੁਦ ਬ ਖੁਦ ਹੀ ਸੈਨੇਟਾਈਜ ਹੋ ਜਾਣਗੀਆਂ।

ਇਸ ਸਾਰੇ ਵਰਤਾਰੇ ਨਾਲ ਜੋ ਨੁਕਸਾਨ ਹੋਣਾ ਹੈ ਉਸ ਤੋਂ ਸਭ ਭਲੀ ਭਾਂਤ ਜਾਣੂ ਹਾਂ ਪਰ ਨਾਗਰਿਕਾਂ ਦੀ ਸੁਰੱਖਿਆ ਲਈ ਇਹ ਕਦਮ ਚੁੱਕਣੇ ਬਹੁਤ ਜਰੂਰੀ ਹਨ। ਤਾਂ ਹੀ ਇਸ ਵਾਇਰਸ ਦੀ ਰੋਕਥਾਮ ਹੋ ਸਕਦੀ ਹੈ। ਸਾਨੂੰ ਸਾਰਿਆਂ ਨੂੰ ਹੋਰ ਸਭ ਗੱਲਾਂ ਭੁੱਲਾ ਕੇ ਇਕਜੁੱਟ ਹੋ ਕੇ ਇਸ ਸਥਿਤੀ ਦਾ ਮੁਕਾਬਲਾ ਕਰਨਾ ਚਾਹੀਦਾ ਹੈ। ਸਾਨੂੰ ਅਫਵਾਹਾਂ ਨੂੰ ਨਜ਼ਰਅੰਦਾਜ਼ ਕਰਕੇ ਇਸ ਬਿਮਾਰੀ ਦੇ ਲੱਛਣ, ਫੈਲਣ ਦੇ ਕਾਰਨਾ, ਬਚਾਅ ਅਤੇ ਰੋਕਥਾਮ ਬਾਰੇ ਜਾਣਕਾਰੀ ਹਾਸਲ ਕਰਨੀ ਚਾਹੀਦੀ ਹੈ ਕਿਉਂਕਿ ਅਫਵਾਹਾਂ ਨਾਲ ਲੋਕਾਂ ਵਿੱਚ ਡਰ ਦਾ ਮਾਹੌਲ ਪੈਦਾ ਹੁੰਦਾ ਹੈ ਅਤੇ ਬਚਾਅ ਕਾਰਜਾਂ ਵਿੱਚ ਮੁਸ਼ਕਲ ਪੇਸ਼ ਆਉਂਦੀ ਹੈ।

ਲੱਛਣ: ਇਸਦੇ ਮੁੱਖ ਲੱਛਣ ਸੁੱਕੀ ਖੰਘ, ਬਹੁਤ ਤੇਜ਼ ਬੁਖਾਰ, ਸਾਹ ਲੈਣ ਵਿੱਚ ਤਕਲੀਫ ਅਤੇ ਥਕਾਵਟ ਮਹਿਸੂਸ ਕਰਨਾ ਹਨ। ਕੁਝ ਮਰੀਜਾਂ ਨੂੰ ਵਗਦਾ ਨੱਕ, ਗਲੇ ਵਿੱਚ ਖਾਰਸ਼, ਦਰਦ ਅਤੇ ਦਸਤ ਦੀ ਸਮੱਸਿਆ ਆਉਂਦੀ ਹੈ। ਇਹ ਲੱਛਣ 2 ਤੋਂ 14 ਦਿਨ ਵਿੱਚ ਨਜ਼ਰ ਆਉਣ ਲਗਦੇ ਹਨ। ਛੋਟੇ ਬੱਚਿਆਂ, ਬਜ਼ੁਰਗਾਂ ਅਤੇ ਪਹਿਲਾਂ ਤੋਂ ਹੀ ਬਲੱਡ ਪ੍ਰੈਸ਼ਰ, ਦਿਲ ਅਤੇ ਸ਼ੂਗਰ ਦੇ ਮਰੀਜ਼ਾਂ ਨੂੰ ਇਸਦਾ ਖ਼ਤਰਾ ਜ਼ਿਆਦਾ ਰਹਿੰਦਾ ਹੈ।

ਫੈਲਣ ਦੇ ਕਾਰਨ : ਵਾਇਰਸ ਪ੍ਰਭਾਵਿਤ ਵਿਅਕਤੀ ਦੇ ਸੰਪਰਕ ਵਿੱਚ ਆਉਣ ਨਾਲ ਜਾਂ ਉਸਦੇ ਬਿਨਾਂ ਮੂੰਹ ਢੱਕੇ ਖੰਘਣ, ਛਿੱਕਣ ਨਾਲ ਛੁੱਟੀਆਂ ਰਾਹੀਂ ਤੰਦਰੁਸਤ ਵਿਅਕਤੀ ਦੇ ਸਾਹ ਰਾਹੀਂ ਅੰਦਰ ਦਾਖਲ ਹੋ ਜਾਂਦੇ ਹਨ।

ਬਚਾਅ ਦੇ ਨੁਕਤੇ : ਕਿਸੇ ਵੀ ਵਿਅਕਤੀ ਤੋਂ 1।ਮੀਟਰ ਦੀ ਦੂਰੀ ਬਣਾ ਕੇ ਰੱਖੋ। ਹੱਥ ਨਾ ਮਿਲਾਓ, ਗਲੇ ਨਾ ਮਿਲੋ ਅਤੇ ਅੱਖਾਂ, ਨੱਕ ਤੇ ਮੂੰਹ ਨੂੰ ਵਾਰ-ਵਾਰ ਨਾ ਛੂਹੋ। ਛਿੱਕੇ ਜਾਂ ਖਾਂਸੀ ਕਰਦੇ ਸਮੇਂ ਮੂੰਹ ਨੂੰ ਰੁਮਾਲ ਜਾਂ ਟਿਸ਼ੂ ਪੇਪਰ ਨਾਲ ਢੱਕਿਆ ਜਾਵੇ। ਭੀੜ ਵਾਲੀਆਂ ਥਾਵਾਂ ਤੇ ਨਾ ਜਾਓ। ਖੁੱਲ੍ਹੇ ਵਿੱਚ ਨਾ ਥੁੱਕੋ । ਬਿਨਾਂ ਕਿਸੇ ਖਾਸ ਕੰਮ ਤੋਂ ਬਾਹਰ ਨਾ ਨਿਕਲੋ। ਕਿਸੇ ਬਾਹਰਲੇ ਦੇਸ਼ ਵਿੱਚੋਂ ਆਏ ਵਿਅਕਤੀ ਨੂੰ 14 ਦਿਨ ਲਈ ਵੱਖਰਾ ਰੱਖਿਆ ਜਾਵੇ। ਬੁਖਾਰ, ਖਾਂਸੀ, ਥਕਾਵਟ ਜਾਂ ਸਾਹ ਲੈਣ ਵਿਚ ਤਕਲੀਫ ਹੈ ਤਾਂ ਡਾਕਟਰ ਨੂੰ ਵਖਾਓ।

## ਬੁੱਧ ਵਿਹਾਰ ਟਰੱਸਟ ਸੋਫੀ ਪਿੰਡ ਦੇ ਮੈਂਬਰਾਂ ਨੇ ਭਿਖਸ਼ੂ ਜਗਤਾਨੰਦ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ



ਜਲੰਧਰ- ਬੁੱਧ ਵਿਹਾਰ ਟਰੱਸਟ ਸੋਫੀ ਪਿੰਡ ਦੇ ਮੈਂਬਰਾਂ ਅਤੇ ਅਹੁਦੇਦਾਰਾਂ ਵੱਲੋਂ ਭਿਖਸ਼ੂ ਜਗਤਾਨੰਦ ਜੀ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਸ਼ਰਧਾਂਜਲੀ ਸਭਾ ਵਿਚ ਐਡਵੋਕੇਟ ਹਰਭਜਨ ਦਾਸ ਸਾਂਪਲਾ ਸਕੱਤਰ ਬੁੱਧ ਵਿਹਾਰ ਟਰੱਸਟ ਨੇ ਕਿਹਾ ਕਿ ਭਿਖਸ਼ੂ ਜਗਤਾਨੰਦ ਪਹਿਲੇ ਪੰਜਾਬੀ ਭਿਖਸ਼ੂ ਸਨ, ਜਿਹਨਾਂ ਨੇ 1987 ਵਿਚ ਬੁੱਧ ਧੰਮ ਅਪਣਾਇਆ ਅਤੇ ਭਿਖਸ਼ੂਆਂ ਦਾ ਚੀਵਰ ਗ੍ਰਹਿਣ ਕੀਤਾ ਤੇ ਸਮੁੱਚੇ ਪੰਜਾਬ ਵਿਚ ਘੁੰਮ-ਘੁੰਮ ਕੇ ਬੁੱਧ ਧੰਮ ਦਾ ਪ੍ਰਚਾਰ ਕੀਤਾ। ਬਹੁਤ ਸਾਰਾ ਸਮਾਂ ਸੋਫੀ ਪਿੰਡ ਦੇ ਬੁੱਧ ਵਿਹਾਰ ਵਿਚ ਵੀ ਬਿਤਾਇਆ। ਇਸ ਤੋਂ ਇਲਾਵਾ ਬੁੱਧ ਵਿਹਾਰ ਸਿਧਾਰਥ ਨਗਰ ਬੂਟਾ ਮੰਡੀ, ਨਕੋਦਰ, ਫਿਲੌਰ, ਤਲਵਣ, ਬਲਾਚੌਰ, ਹੁਸ਼ਿਆਰਪੁਰ, ਤਕਸ਼ਿਲਾ ਮਹਾਂਬੁੱਧ ਵਿਚਾਰ ਲੁਧਿਆਣਾ, ਚੰਡੀਗੜ੍ਹ ਅਤੇ ਉਹਨਾਂ ਦੇ ਆਪਣੇ ਜੱਦੀ ਪਿੰਡ ਬਖਤਾਗੜ੍ਹ ਬਰਨਾਲ ਵਿਚ ਬਿਤਾਇਆ। ਕੱਲ੍ਹ 22 ਮਾਰਚ 2020 ਨੂੰ ਸ਼ਾਮ ਵੇਲੇ ਉਹ ਸਵਰਗ ਸਿਧਾਰ ਗਏ ਅਤੇ ਅੱਜ 23 ਮਾਰਚ ਨੂੰ ਉਹਨਾਂ ਦੇ ਜੱਦੀ ਪਿੰਡ ਬਖਤਾਗੜ੍ਹ ਜ਼ਿਲ੍ਹਾ ਬਰਨਾਲਾ ਵਿਚ ਸਸਕਾਰ ਕੀਤਾ ਗਿਆ, ਜਿੱਥੇ ਬਹੁਤ ਸਾਰੇ ਭਿਖਸ਼ੂ, ਉਪਾਸਕ ਅਤੇ ਰਿਸ਼ਤੇਦਾਰ ਹਾਜ਼ਰ ਸਨ।

ਅੱਜ ਸੋਫੀ ਪਿੰਡ ਵਿਖੇ ਸ਼ਰਧਾਂਜਲੀ ਦੇਣ ਲਈ ਸ੍ਰੀ ਗੁਰ-ਮੀਤ ਸਾਂਪਲਾ, ਸੋਢੀ ਰਾਮ ਬੋਧੀ ਨੂੰ ਬਰਦਾਰ ਰੂਪ ਲਾਲ ਪ੍ਰਧਾਨ ਟਰੱਸਟ, ਚਮਨ ਸਾਂਪਲਾ, ਲੈਂਬਰ ਰਾਮ ਬੰਗੜ੍ਹ ਅਤੇ ਮਾਸਟਰ ਰਾਮ ਲਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।



# 20 ਮਾਰਚ/ ਭਾਰਤ ਵਿੱਚ ਸਮਾਜਿਕ ਸ਼ਕਤੀਕਰਨ ਦਿਵਸ ਨੂੰ ਸਮਰਪਿਤ



ਹਰਦੀਪ ਸਿੰਘ ਚੁੰਬਰ
91-94636-01616

ਜਲ, ਜੰਗਲ, ਜਮੀਨ ਭਾਰਤ ਵਿੱਚ ਸਮਾਜਿਕ ਸ਼ਕਤੀਕਰਣ ਦੇ ਮੁੱਖ ਸਰੋਤ ਹਮੇਸ਼ਾ ਤੋਂ ਰਹੇ ਹਨ। ਇਸ ਉਤੇ ਅਧਿਕਾਰ ਲਈ ਮੁੱਢ ਤੋਂ ਹੀ ਸ਼ਕਤੀ ਪ੍ਰਦਰਸ਼ਨ ਹੁੰਦਾ ਰਿਹਾ ਹੈ। ਪੁਰਾਣੀਆਂ ਸਭਿਤਾਵਾਂ ਦੀ ਵਸੋਂ ਅਤੇ ਉਜੜਨ ਦੇ ਕਾਰਨ ਸਾਨੂੰ ਜਲ ਸਰੋਤਾਂ ਦੀ ਉਪਲਭਤਾ ਬਣੇ ਰਹਿਣ ਉਤੇ ਨਿਰਭਰ ਹੋਈ ਮਿਲਦੀ ਹੈ। ਮਨੁੱਖ ਦੀ ਹੈਸੀਅਤ ਅਜੋਕੇ ਵਿਗਿਆਨ ਯੁੱਗ ਵਿੱਚ ਵੀ ਇਸ ਤੋਂ ਵੱਖ ਨਹੀ ਹੋ ਸਕਦੀ। ਅੱਜ ਵੀ ਭਾਰਤ ਦੇ ਵੱਖ ਵੱਖ ਸੂਬਿਆਂ ਵਿਚ ਖਿਚੋਤਾਣ ਦੇ ਵੀ ਕਾਰਨ ਬਣੇ ਹੋਏ ਹਨ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਰਾਜ ਦੀ ਪਾਣੀ ਦੀ ਨਾਜ਼ੁਕ ਸਥਿਤੀ ਬਾਰੇ ਗੰਭੀਰ ਚਿੰਤਾ ਜ਼ਾਹਰ ਕਰਦਿਆਂ, ਰਾਜ ਦੀ ਪਾਣੀ ਦੀ ਉਪਲਬਧਤਾ ਦੇ ਮੁੜ ਮੁਲਾਂਕਣ ਦੀ ਮੰਗ ਕਰਦਿਆਂ ਸਰਬਸੰਮਤੀ ਨਾਲ ਸੰਕਲਪ ਲਿਆ ਕਿ ਭਾਰਤ ਸਰਕਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਪੰਜਾਬ ਦਰਿਆ ਦਾ ਪਾਣੀ ਕਿਸੇ ਵੀ ਤਰ੍ਹਾਂ ਬੇਸਿਨ ਤੋਂ ਰਾਜ ਦੇ ਤਿੰਨ ਦਰਿਆਵਾਂ ਦੇ ਗੈਰ-ਬੇਸਿਨ ਖੇਤਰਾਂ ਵਿੱਚ ਤਬਦੀਲ ਨਹੀਂ ਹੋਇਆ ਹੈ।ਸਾਰੀਆਂ ਪਾਰਟੀਆਂ ਨੇ ਸਰਬਸੰਮਤੀ ਨਾਲ ਇਕ ਨਵਾਂ ਟ੍ਰਿਬਿਊਨਲ ਸਥਾਪਤ ਕਰਨ ਲਈ ਪ੍ਰਸਤਾਵਿਤ ਅੰਤਰ ਰਾਜ ਨਦੀ ਜਲ ਵਿਵਾਦ ਐਕਟ ਵਿਚ ਉਚਿਤ ਸੋਧਾਂ ਦੀ ਮੰਗ ਕੀਤੀ, ਤਾਂ ਜੋ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ "ਆਪਣੀ ਕੁੱਲ ਮੰਗ ਨੂੰ ਪੂਰਾ ਕਰਦਿਆਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਜੀਵਣ ਨੂੰ ਸੁਰੱਖਿਅਤ ਰੱਖਣ ਲਈ ਪੰਜਾਬ ਨੂੰ ਵਾਜਬ ਅਤੇ ਢੁੱਕਵੇਂ ਢੰਗ ਨਾਲ ਢੁਕਵਾਂ ਪਾਣੀ ਮਿਲੇਗਾ। "

ਰਿਜ਼ੋਲਯੂਸ਼ਨ ਵਿਚ ਲਿਖਿਆ ਹੈ: "ਪੰਜਾਬ ਕੋਲ ਵਾਧੂ ਪਾਣੀ ਨਹੀਂ ਹੈ ਅਤੇ ਇਸ ਦੇ ਦਰਿਆਈ ਪਾਣੀ ਦੀ ਤੇਜ਼ੀ ਨਾਲ ਘਟ ਰਹੀ ਧਰਤੀ ਹੇਠਲੇ ਪਾਣੀ ਅਤੇ ਤੇਜ਼ੀ ਨਾਲ ਘੱਟ ਰਹੇ ਧਰਤੀ ਹੇਠਲੇ ਪਾਣੀ ਨੂੰ ਉਜਾੜ ਦੇ ਖਤਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰਾਜ ਦਾ ਧਰਤੀ ਹੇਠਲੇ ਪਾਣੀ ਜੋ ਇਸ ਦੀਆਂ 73 ਪ੍ਰਤੀਸ਼ਤ ਸਿੰਚਾਈ ਜਰੂਰਤਾਂ ਨੂੰ ਪੂਰਾ ਕਰਦਾ ਹੈ, ਚਿੰਤਾਜਨਕ ਪੱਧਰਾਂ ਤੋਂ ਹੇਠਾਂ ਆ ਗਿਆ ਹੈ, ਜਿਸ ਨਾਲ ਕਿਸਾਨਾਂ ਅਤੇ ਹੋਰ ਗਰੀਬ ਲੋਕਾਂ ਦੀ ਜਾਨ ਮਾਲ ਨੂੰ ਖ਼ਤਰਾ ਹੈ।

ਜੇ ਕਰ ਕਾਫੀ ਪਿੱਛੇ ਚਲੇ ਜਾਈਏ ਤਾਂ ਸਿਧਾਰਥ ਗੌਤਮ ਦੇ ਇਕ ਦਿਲਚਸਪ ਭਾਗ ਵਿਚੋਂ ਉਪਲਭਦ ਜਾਣਕਾਰੀ ਤੋਂ ਪਤਾ ਲਗਦਾ ਹੈ ਕਿ ਉਹ ਬੋਧੀਸਤਵ ਬੁੱਧ ਕਿਵੇਂ ਬਣੇ। ਦਰਿਆ ਦੇ ਪਾਣੀਆਂ ਦੇ ਮੁੱਦੇ 'ਤੇ ਸੰਘਰਸ਼ ਨਾਲ ਸਿਧਾਰਥ ਦੇ ਮਤਭੇਦ ਕੁਝ ਵੇਰਵੇ ਨਾਲ ਬਿਆਨ ਕੀਤੇ ਹਨ। ਸਿਧਾਰਥ ਦੀ ਸਮਝ ਅਤੇ ਪਾਣੀ ਦੇ ਮਾਮਲੇ'ਤੇ ਆਪਣੀ ਵਖਰੀ ਸੋਚ ਨਾਲ ਖੜੇ ਹੋ ਗਏ ਆਖਰਕਾਰ ਜ਼ਿੰਦਗੀ ਬਦਲਦੀ ਗਈ, ਜਿਸ ਨਾਲ ਉਹ ਸੰਘ, ਰਾਜ ਅਤੇ ਘਰ ਤੋਂ "ਨਵੀਂ ਰੋਸ਼ਨੀ ਦੀ ਭਾਲ ਵਿੱਚ" ਛੱਡ ਗਏ। ਸੰਖੇਪ ਵਿੱਚ, ਸਕਿਆ ਅਤੇ ਕੋਲਿਆਂ ਦੇ ਰਾਜ ਰੋਹਿਨੀ ਨਦੀ ਦੇ ਪਾਣੀਆਂ ਉੱਤੇ ਹਿੰਸਕ ਢੰਗ ਨਾਲ ਲੜ ਰਹੇ ਸਨ।

ਜਦੋਂ ਸਾਕਿਆ ਦੇ ਸੇਨਾਪਤੀ ਨੇ ਸਾਕਿਆ ਸੰਘ ਦਾ ਇੱਕ ਸੈਸ਼ਨ ਬੁਲਾਇਆ ਤਾਂ ਜੋ ਉਹ ਕੋਲੀਆਂ ਖ਼ਿਲਾਫ਼ ਲੜਾਈ ਦਾ ਐਲਾਨ ਕਰਨ ਤਾਂ ਜੋ ਪਾਣੀ ਨੂੰ ਪਹਿਲਾਂ ਲੈਣ ਦੇ ਆਪਣੇ ਅਧਿਕਾਰ ਦਾ ਦਾਅਵਾ ਕੀਤਾ ਜਾ ਸਕੇ, ਇਹ ਸਿਧਾਰਥ ਗੌਤਮ ਦੀ ਬੁੱਧੀ ਹੀ ਸੀ ਜਿਸ ਨੇ ਅੰਤਰ-ਰਾਜ ਪਾਣੀ ਦੇ ਵਿਵਾਦ ਦੇ ਸ਼ਾਂਤਮਈ ਅਤੇ ਤਰਕਸ਼ੀਲ ਹੱਲ ਦੀ ਵਕਾਲਤ ਕੀਤੀ। ਉਸ ਸਮੇਂ ਸਿਧਾਰਥ ਗੌਤਮ ਇਸ ਕਰਕੇ ਹਾਰ ਗਏ ਕਿਉਂਕਿ "ਸੇਨਾਪਤੀ ਨੇ ਆਪਣਾ ਮਤਾ ਵੋਟ ਪਾਉਣ ਲਈ ਦਿੱਤਾ। ਇਸ ਨੂੰ ਭਾਰੀ ਬਹੁਮਤ ਦੁਆਰਾ ਘੋਸ਼ਿਤ ਕੀਤਾ ਗਿਆ ਸੀ। ਬੁੱਧ ਨੇ ਇਸ ਤਰ੍ਹਾਂ ਪਾਣੀ ਦੇ ਅਧਿਕਾਰਾਂ ਦੇ ਟਕਰਾਅ ਦੌਰਾਨ ਲੜਾਈ ਖ਼ਿਲਾਫ਼ ਸਟੈਂਡ ਲੈ ਕੇ ਸਮਾਜਕ ਲਾਹਣਤ ਪ੍ਰਤੀ ਆਪਣੇ ਪਹਿਲੇ ਕਦਮ ਚੁੱਕੇ ਸਨ। ਇਸ ਦੀ ਬਜਾਏ, ਉਹ ਦੋਵਾਂ ਰਾਜਾਂ ਦੇ ਵਿਚਕਾਰ ਪਾਣੀ ਦੀ ਵੰਡ 'ਤੇ ਪੂਰੀ ਜਾਂਚ ਦੀ ਵਕਾਲਤ ਕਰਦਾ ਹੈ। ਇਸੇ ਤਰ੍ਹਾਂ ਉਹਨਾਂ ਦੀ ਅਗਵਾਈ ਵਿੱਚ ਮਹਾਂ ਸੰਘਰਸ਼ ਪਾਣੀ ਪ੍ਰਤੀ ਬਰਾਬਰ ਪਹੁੰਚ ਅਤੇ ਅਧਿਕਾਰ, ਜਨਤਕ ਜਲ-ਪ੍ਰਬੰਧਾਂ ਦਾ ਲੋਕਤੰਤਰੀ ਢੰਗ ਨਾਲ ਕਰਨ ਅਤੇ ਪਾਣੀ ਨੂੰ ਧਾਰਮਿਕ ਅਤੇ ਜਾਤੀ ਪਾਬੰਦੀਆਂ ਤੋਂ ਮੁਕਤ ਬਣਾਉਣ ਦਾ ਪ੍ਰਤੀਕ ਹੈ।

ਬੁੱਧ ਅਤੇ ਉਸ ਦਾ ਧਾਮ ਲਿਖਤ ਡਾ. ਅੰਬੇਦਕਰ ਸਾਹਿਬ ਦਾ ਇਕ ਮਹੱਤਵਪੂਰਣ ਕਾਰਜ ਹੈ, ਜੋ ਬੁੱਧ ਦੇ ਚਿੰਤਨ ਦੀਆਂ ਬੁਨਿਆਦੀ ਗੱਲਾਂ 'ਤੇ ਬਹੁਤ ਖੋਜ ਤੋਂ ਬਾਅਦ ਇੱਕ ਕਿਤਾਬ ਦਾ ਰੂਪ ਵਿੱਚ ਸਾਹਮਣੇ ਆਇਆ। ਸਿਧਾਰਥ ਦੇ ਜੀਵਨ ਨੂੰ ਇੱਕ ਸਧਾਰਣ, ਸਪਸ਼ਟ ਅਤੇ ਸੰਚਾਰੀ ਭਾਸ਼ਾ ਵਿੱਚ ਦੱਸਦਿਆਂ ਅੰਬੇਦਕਰ ਨੇ ਉਪਦੇਸ਼ਕ ਤਰੀਕਿਆਂ ਨਾਲ ਆਪਣਾ ਧਾਮ ਖੋਲ੍ਹਿਆ, ਵਰਣਨ ਕੀਤਾ।

ਮੌਰੀਆ ਕਾਲ ਦੀ ਸਮਾਪਤੀ ਜੋਂ ਬਾਅਦ ਸੁੰਗ ਵੰਸ ਦੇ ਸੁਰੂ ਹੋਣ ਨਾਲ ਹੀ ਭਾਰਤੀ ਦੇ ਮੂਲਨਿਵਾਸੀ ਸਮਾਜ ਨੂੰ ਪੱਕਿਆਂ ਤੌਰ ਤੇ ਜਾਤੀ ਪ੍ਰਬੰਧਤ ਕਰ ਦਿਤਾ। ਇਸ ਦੁਆਰਾ ਉਹਨਾਂ ਨੂੰਅਛੂਤ ਕਰਾਰ ਦੇ ਆਰੀਆ ਜਾਤੀਆਂ ਤੋਂ ਵੱਖ ਕਰ ਦਿੱਤਾ ਗਿਆ ਸੀ। ਉਨ੍ਹਾਂ 'ਤੇ ਜਲਘਰ (ਜਨਤਕ ਛੱਪੜਾਂ) ਅਤੇ ਸੜਕਾਂ ਦੀ ਵਰਤੋਂ' ਤੇ ਪਾਬੰਦੀ ਲਗਾਈ ਗਈ ਸੀ ਜੋ ਕਿ ਹੋਰ ਹਿੰਦੂ ਜਾਤੀਆਂ ਦੁਆਰਾ ਵਰਤੀਆਂ ਜਾਂਦੀਆਂ ਸਨ। ਇਹ ਹਜਾਰਾਂ ਸਾਲਾਂ ਤਕ ਲਾਗੂ ਰਿਹਾ। ਇਸ ਨੂੰ ਭਾਰਤ ਦੇ ਉਤਰ ਤੋਂ ਆਉਣ ਵਾਲੀਆਂ ਤਕਰੀਬਨ ਸਾਰੀਆਂ ਹੀ ਨਸ਼ਲਾਂ ਨੇ ਲਾਗੂ ਰਖਿਆ।

ਭਾਰਤ ਦੇ ਦਖਣ ਵਿਚੋਂ ਦਾਖਲ ਹੋਏ ਅੰਗਰੇਜ ਸ਼ਾਸ਼ਕਾਂ ਨੇ ਇਸ ਨੂੰ ਢਿੱਲਾ ਕੀਤਾ, ਹੋਰ ਕਾਰਨਾਂ ਨੂੰ ਬਿਨਾਂ ਨਕਾਰਦੇ ਹੋਏ ਇਹ ਕਹਿ ਸਕਦੇ ਹਾਂ ਕਿ ਭਾਰਤੀ ਹਿੰਦੂਵਾਦੀ ਅਮਾਨਵੀਆ ਸੰਸਕਾਰਾਂ ਨੂੰ ਚਣੌਤੀ ਅਤੇ ਮੂਲਨਿਵਾਸੀ ਸਮਾਜ ਨੂੰ ਰਾਹਤ ਦੇਣ ਦਾ ਕਾਰਨ ਵੀ ਭਾਰਤ ਨੂੰ ਅੰਗਰੇਜਾਂ ਤੋਂ ਅਜਾਦ ਕਰਵਾਉਣ ਦਾ ਕਾਰਨ ਬਣਿਆ। ਜਲ, ਜੰਗਲ, ਜਮੀਨ ਤੋਂ ਬਾਦਖਲ ਸਮਾਜ ਲਈਖੋਲੇ ਗਏ। ਇਸੇ ਤਰਾਂ ਅਗਸਤ 1923 ਵਿਚ, ਬੰਬੇ ਵਿਧਾਨ ਸਭਾ ਨੇ ਇਕ ਮਤਾ ਪਾਸ ਕੀਤਾ ਕਿ ਅਛੂੱਤ ਵਰਗ ਦੇ ਲੋਕਾਂ ਨੂੰ ਉਹ ਸਰੋਤਾਂ ਅਤੇ ਜਗ੍ਹਾ ਵਰਤਣ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ ਜਿਹੜੀ ਸਰਕਾਰ ਦੁਆਰਾ ਬਣਾਈ ਗਈ ਅਤੇ ਆਮ ਲੋਕਾਂ ਦੇ ਵਰਤਣ ਲਈ ਬਣਾ ਰੱਖੀ ਗਈ ਸੀ।

ਜਨਵਰੀ 1924 ਵਿਚ, ਮਹਾਂਦ ਜੋ ਬੰਬੇ ਸੂਬੇ ਦਾ ਹਿੱਸਾ ਸੀ, ਨੇ ਇਸ ਨੂੰ ਲਾਗੂ ਕਰਨ ਲਈ ਆਪਣੀ ਮਿਉਂਸਪਲ ਕੌਂਸਲ ਵਿਚ ਮਤਾ ਪਾਸ ਕੀਤਾ, ਪਰ ਹਿੰਦੂਆਂ ਦੇ ਵਿਰੋਧ ਕਾਰਨ ਇਹ ਲਾਗੂ ਕਰਨ ਵਿੱਚ ਅਸਫਲ ਰਿਹਾ।20 ਮਾਰਚ 1927 ਨੂੰ ਬਾਬਾ ਸਾਹਿਬ ਡਾ. ਬੀ. ਆਰ. ਅੰਬੇਦਕਰ ਨੇ ਮਹਾਂਦ ਵਿੱਚ ਇੱਕ ਜਨਤਕ ਟੈਂਕੀ ਵਿੱਚ ਪਾਣੀ ਦੀ ਵਰਤੋਂ ਕਰਨ ਲਈ ਅਛੂਤ ਲੋਕਾਂ ਦੀ ਲਹਿਰ ਦਾ ਆਯੋਜਨ ਕੀਤਾ।ਇਹ ਕਹਿਣਾ ਕਿ ਵਿਸ਼ਵ ਗੁਰੂ ਭਾਰਤ ਦੀ ਇੱਕ ਚੌਥਾਈ ਆਬਾਦੀ ਨੂੰ ਚੰਗੇ ਤਲਾਬਾਂ ਤੋਂ ਚੰਗਾ ਪਾਣੀ ਪੀਣ, ਚੰਗੇ ਕੱਪੜੇ ਪਹਿਨਣ, ਧਨ-ਦੌਲਤ ਅਤੇ ਖੁਸ਼ਹਾਲੀ ਦੀ ਇਜਾਜ਼ਤ ਨਹੀਂ ਅਤੇ ਸਿੱਖਿਆ ਪ੍ਰਾਪਤ ਨਹੀਂ ਸੀ, ਨਾਂ ਰੁਜ਼ਗਾਰ, ਰੁਜ਼ਗਾਰ ਸਾਧਨ ਅਤੇ ਨੌਕਰੀਆਂ ਸਨ।



**20 ਮਾਰਚ ਨੂੰ ਭਾਰਤ ਵਿੱਚ ਸਮਾਜਿਕ ਸ਼ਕਤੀਕਰਨ ਦਿਵਸ ਵਜੋਂ ਮਨਾਇਆ ਜਾਂਦਾ ਹੈ।**

20 ਮਾਰਚ 1927 ਨੂੰ ਵਿਸ਼ਵ ਗੁਰੂ ਭਾਰਤ ਦੇ ਬਾਬਾ ਸਾਹਿਬ ਡਾ. ਬੀ. ਆਰ. ਅੰਬੇਦਕਰ ਨੇ ਮਹਾਂਦ ਵਿੱਚ ਇੱਕ ਜਨਤਕ ਤਲਾਬ ਵਿੱਚੋ ਪੀਣ ਦੇ ਪਾਣੀ ਦੀ ਵਰਤੋਂ ਕਰਨ ਲਈ ਅਛੂਤ ਲੋਕਾਂ ਦੀ ਲਹਿਰ ਦਾ ਆਯੋਜਨ ਕੀਤਾ।

ਆਪਣੀ ਮਿਉਂਸਪਲ ਕੌਂਸਲ ਵਿਚ ਮਤਾ ਪਾਸਹੋਣਾ "ਹਿੰਦੂ ਸੋਚ ਵਾਲੇ ਲੋਕ" ਅਤੇ ਬ੍ਰਿਟਿਸ਼ ਲੋਕਾਂ ਦੇ ਮਾਨਵਤਾ ਦੇ ਸੰਬੰਧ ਵਿੱਚ ਮਾਨਸਿਕ ਸਥਿਤੀ ਦਾ ਅੰਤਰ ਮੌਜੂਦ ਦਾ ਪ੍ਰਦਸ਼ਨ ਸੀ।ਸਭ ਲਈ ਮੁੱਢਲੀਆਂ ਸਹੂਲਤਾਂ ਦੇਣ ਦੇ ਅਲੰਬਰਦਾਰ ਹੋਣ ਅਤੇ ਮਾਨਵ ਸਮਾਨਤਾ ਦੇ ਹਮਾਇਤੀ ਹੋਣਾ ਇਹ ਬਿਹਤਰ ਸ਼ਾਸਨ ਲਈ ਬਿਹਤਰ ਪ੍ਰਸ਼ਾਸਕਾਂ ਲਈ ਮੁਢਲੇ ਅੰਤਰ ਰਹੇ ਹਨ। ਉਹ ਭਾਰਤੀਆਂ ਦੇ ਮੁਕਾਬਲੇ ਆਮ ਆਦਮੀ ਦੇ ਲਈ ਵਿਕਾਸ਼ਕਾਰੀ ਬਿਹਤਰ ਸਮਾਜਿਕ ਢਾਂਚਾ ਪ੍ਰਦਾਨ ਕਰਨ ਦੇ ਹਮੇਸ਼ਾ ਹੀ ਭਾਰਤੀ ਸਮਾਜ ਨਾਲੋਂ ਵੱਧ ਯੋਗ ਰਹੇ ਹਨ।

1927 ਵਿਚ, ਅੰਬੇਦਕਰ ਨੇ ਜਨਤਕ ਥਾਵਾਂ 'ਤੇ ਪਾਣੀ ਦੀ ਵਰਤੋਂ ਕਰਨ ਦੇ ਉਨ੍ਹਾਂ ਦੇ ਅਧਿਕਾਰਾਂ ਨੂੰ ਦਰਸਾਉਣ ਲਈ ਇਕ ਸੱਤਿਆਗ੍ਰਹਿ (ਅਹਿੰਸਾਵਾਦੀ ਵਿਰੋਧ) ਸ਼ੁਰੂ ਕਰਨ ਦਾ ਫ਼ੈਸਲਾ ਕੀਤਾ।ਮਹਾਦ, ਕੌਂਕਣ ਦਾ ਇੱਕ ਕਸਬਾ, ਇਸ ਸਮਾਰੋਹ ਲਈ ਚੁਣਿਆ ਗਿਆ ਸੀ ਕਿਉਂਕਿ ਇਸ ਵਿੱਚ 'ਜਾਤੀ ਹਿੰਦੂਆਂ' ਦੀ ਹਮਾਇਤ ਦਾ ਕੇਂਦਰ ਸੀ। ਇਨ੍ਹਾਂ ਵਿੱਚ ਮਰਾਠੀ ਚੰਦਰਸੇਨੀਆ ਕੀਸਥ ਪ੍ਰਭੂ (ਸੀਕੇਪੀ) ਕਮਿਊਨਿਟੀ ਦਾ ਇੱਕ ਕਾਰਕੁਨ ਏ.ਵੀ.ਚਿੱਤਰ ਸ਼ਾਮਲ ਸੀ; ਜੀ.ਐਨ. ਸਹਿਸਰਾਬੁਧੇ, ਸੋਸ਼ਲ ਸਰਵਿਸ ਲੀਗ ਦੇ ਚਿਤਪਵਾਨ ਬ੍ਰਾਹਮਣ ਅਤੇ ਮਹਾਦ ਨਗਰ ਪਾਲਿਕਾ ਦੇ ਪ੍ਰਧਾਨ ਰਹੇ ਸੁਰੇਂਦਰਨਾਥ ਟਿਪਨੀਸ, ਸੀ.ਕੇ.ਪੀ. । ਮੁਲਾਕਾਤ ਤੋਂ ਬਾਅਦ, ਉਹ 'ਚੌਵਦਾਰ ਤਲਾਬ' ਵੱਲ ਅੱਗੇ ਵਧੇ। ਅੰਬੇਦਕਰ ਨੇ ਸਰੋਵਰ ਤੋਂ ਪਾਣੀ ਪੀਤਾ ਅਤੇ ਹਜ਼ਾਰਾਂ ਅਛੂਤ ਉਸ ਦੇ ਮਗਰ ਚੱਲ ਕੇ ਪਾਣੀ ਪੀਤਾ।

ਡਾ ਅੰਬੇਡਕਰ: ਲਾਈਫ ਐਂਡ ਮਿਸ਼ਨ, 1954 ਕਿਤਾਬ ਵਿੱਚਧਨੰਜੈ ਕੀਰ, ਦੁਆਰਾ ਬਾਬਾ ਸਾਹਿਬ ਦੇ ਬਚਪਨ ਦੇ ਜੀਵਨ ਕਾਲ਼ ਦੀ ਘਟਨਾਂ ਦਾ ਵਰਣਨ ਕਰਦੇ ਹੋਏ, ਉਹਨਾਂ ਲਿਖਿਆ, "ਸ਼ਾਮ ਤੋਂ ਅੱਧੀ ਰਾਤ ਤੱਕ ਮੁੰਡਿਆਂ ਨੇ ਆਪਣੇ ਪਿਆਸੇ ਮੂੰਹ ਯਾਤਰਾ ਕੀਤੀ; ਰਸਤੇ ਵਿੱਚ ਉਨ੍ਹਾਂ ਨੂੰ ਪੀਣ ਵਾਲਾ ਪਾਣੀ ਨਹੀਂ ਮਿਲ ਸਕਿਆ। ਹਰ ਵਾਰ ਜਾਂ ਤਾਂ ਲੋਕਾਂ ਨੇ ਗੰਦੇ ਪਾਣੀ ਵੱਲ ਇਸ਼ਾਰਾ ਕੀਤਾ ਜਾਂ ਉਨ੍ਹਾਂ ਨੂੰ ਦੂਰ ਜਾਣ ਲਈ ਕਿਹਾ। ਭੀਮ ਦੇ ਵਿਕਸਿਤ ਹੋ ਰਹੇ ਦਿਮਾਗ ਨੂੰ ਇਹ ਪਹਿਲਾ ਠੋਸ ਪਹੁੰਚਾਉਣ ਵਾਲਾ ਅਤੇ ਚਕਨਾਚੂਰ ਕਰਨ ਵਾਲਾ ਸਦਮਾ ਸੀ। ਉਸ ਦਿਨ ਉਹ ਜਾਣ ਗਿਆ ਸੀ ਕਿ ਉਹ ਇੱਕ ਅਜਿਹੇ ਸਮਾਜ ਨਾਲ ਸਬੰਧਤ ਸੀ ਜੋ ਅਛੂਤ ਸੀ, ਪੀਣ ਅਤੇ ਚੰਗੀਆਂ ਚੀਜ਼ਾਂ ਖਾਣ ਤੋਂ ਵਾਂਝਿਆ ਸੀ।"

ਡਾ. ਅੰਬੇਦਕਰ ਨੇ ਸੱਤਿਆਗ੍ਰਹਿ ਦੌਰਾਨ ਦਲਿਤ ਔਰਤਾਂ ਨੂੰ ਸੰਬੋਧਨ ਕਰਦਿਆਂ ਇੱਕ ਬਿਆਨ ਵੀ ਦਿੱਤਾ। ਉਨ੍ਹਾਂ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਸਾਰੇ ਪੁਰਾਣੇ ਰੀਤੀ ਰਿਵਾਜਾਂ ਨੂੰ ਤਿਆਗਣ ਲਈ ਕਿਹਾ ਜੋ ਅਛੂਤਤਾ ਦੀ ਪਛਾਣ ਕਰਨ ਵਾਲੇ ਨਿਸ਼ਾਨ ਪ੍ਰਦਾਨ ਕਰਦੇ ਹਨ ਅਤੇ ਉਨ੍ਹਾਂ ਨੂੰ ਉੱਚ ਜਾਤੀ ਦੀਆਂ ਔਰਤਾਂ ਵਾਂਗ ਸਾੜੀਆਂ ਪਹਿਨਣ ਲਈ ਕਿਹਾ। ਉਸ ਸਮੇਂ ਤੋਂ ਪਹਿਲਾਂ, ਦਲਿਤ ਔਰਤਾਂ ਨੂੰ ਪੂਰੀ ਤਰ੍ਹਾਂ ਸਾੜ੍ਹੀ ਨਹੀਂ ਪਾਉਣ ਦਿੱਤੀ ਗਈ ਸੀ। ਅੰਬੇਦਕਰ ਦੇ ਮਹਾਂਦ ਦੇ ਭਾਸ਼ਣ ਤੋਂ ਤੁਰੰਤ ਬਾਅਦ, ਦਲਿਤ ਔਰਤਾਂ ਨੇ ਆਸਾਨੀ ਨਾਲ ਉੱਚੀਆਂ ਜਾਤੀਆਂ ਦੀਆਂ ਔਰਤਾਂ ਵਾਂਗ ਸਾੜ੍ਹੀਆਂ ਪਾਉਣ ਦਾ ਫ਼ੈਸਲਾ ਕੀਤਾ। 'ਕੱਟੜਪੰਥੀ' ਉੱਚ ਜਾਤੀ ਦੀਆਂ ਔਰਤਾਂ ਲਕਸ਼ਮੀਬਾਈ ਟਿਪਨੀਸ ਅਤੇ ਇੰਦਰਾਬੀਆ ਚਿਤਰੇ ਨੇ ਦਲਿਤ ਔਰਤਾਂ ਦੀਆਂ ਲੱਤਾਂ ਨੂੰ ਆਪਣੇ ਗਿੱਟਿਆਂ ਤੱਕ ਢੱਕ ਕੇ 'ਉੱਚ ਜਾਤੀ ਦੀਆਂ ਔਰਤਾਂ' ਵਾਂਗ ਪਹਿਰਾਵਾ ਪਹਿਨਣ ਵਿੱਚ ਸਹਾਇਤਾ ਕੀਤੀ।

ਇੱਕ ਅਫਵਾਹ ਦੇ ਬਾਅਦ ਇੱਕ ਦੰਗੇ ਫੈਲ ਗਏ ਕਿ ਅੰਬੇਦਕਰ ਅਤੇ ਉਸਦੇ ਅਨੁਯਾਈ ਸ਼ਹਿਰ ਦੇ ਇੱਕ ਹਿੰਦੂ ਮੰਦਰ ਵਿੱਚ ਦਾਖਲ ਹੋਣ ਦੀ ਯੋਜਨਾ ਵੀ ਬਣਾ ਰਹੇ ਸਨ। ਅਤੇ ਉੱਚ ਜਾਤੀ ਦੇ ਹਿੰਦੂ ਨੇ ਪ੍ਰਚਾਰ ਕੀਤਾ ਕਿ ਅਛੂਤ ਲੋਕਾਂ ਨੇ ਉਹਨਾਂ ਦੇ ਟੈਂਕ ਵਿਚੋਂ ਪਾਣੀ ਲੈ ਕੇ ਟੈਂਕ ਨੂੰ ਪ੍ਰਦੂਸ਼ਿਤ ਕੀਤਾ। ਸਰੋਵਰ ਨੂੰ ਸ਼ੁੱਧ ਕਰਨ ਲਈ ਗਊ-ਮੂਤਰ ਅਤੇ ਗੋਬਰ ਵਰਤੇ ਗਏ ਸਨ। ਇਨ੍ਹਾਂ ਗਊ-ਮੂਤਰ ਅਤੇ ਗੋਬਰ ਦੇ ਮਿਸ਼ਰਣ ਵਾਲੇ 108ਘੜੇ ਟੈਂਕ ਵਿੱਚ ਪਾਏ ਗਏ ਜਦੋਂ ਕਿ ਬ੍ਰਾਹਮਣਾਂ ਨੇ ਮੰਤਰ ਜਾਪ ਕੀਤੇ ਸਨ। ਇਸ ਤੋਂ ਬਾਅਦ ਹੀ ਤਲਾਬ ਨੂੰ ਫਿਰ ਉੱਚ ਜਾਤੀ ਦੇ ਹਿੰਦੂ ਪਾਣੀ ਪੀਣ ਲਈ ਢੁਕਵਾਂ ਘੋਸ਼ਿਤ ਕੀਤਾ ਗਿਆ।

ਅੰਬੇਦਕਰ ਨੇ ਦੂਜੀ ਕਾਨਫਰੰਸ 26-25 ਦਸੰਬਰ 1927 ਨੂੰ ਮਹਾਂਦ ਵਿੱਚ ਕਰਨ ਦਾ ਫੈਸਲਾ ਕੀਤਾ। ਪਰ ਜਾਤੀ ਹਿੰਦੂਆਂ ਨੇ ਉਸ ਵਿਰੁੱਧ ਉਸ ਟੈਂਕ ਨੂੰ ਨਿੰਜੀ ਜਾਇਦਾਦ ਵਜੋਂ ਕੇਸ ਕੀਤਾ। ਉਹ ਆਪਣਾ ਸੱਤਿਆਗ੍ਰਹਿ ਜਾਰੀ ਨਹੀਂ ਰੱਖ ਸਕੇ, ਕਿਉਂਕਿ ਇਹ ਕੇਸ ਸਬ ਜੱਜ ਦੀ ਆਦਾਲਤ ਵਿੱਚ ਸੀ। 25 ਦਸੰਬਰ (ਮਨਸਮ੍ਰਿਤੀ ਦਹਾਨ ਦੀਨ) ਸ਼ਾਸਤਰਬੁੱਧੇ ਨੇ ਅੰਬੇਦਕਰ ਦੀ ਅਗਵਾਈ ਹੇਠ ਇੱਕ ਵਿਰੋਧ ਵਜੋਂ ਹਿੰਦੂ ਕਾਨੂੰਨ ਦੀ ਕਿਤਾਬ ਮਨਸਮ੍ਰਿਤੀ ਨੂੰ ਸਾੜ ਦਿੱਤਾ। ਦਸੰਬਰ 1937 ਵਿਚ, ਬੰਬੇ ਹਾਈ ਕੋਰਟ ਨੇ ਫੈਸਲਾ ਸੁਣਾਇਆ ਕਿ ਅਛੂਤ ਲੋਕਾਂ ਨੂੰ ਸਰੋਵਰ ਦਾ ਪਾਣੀ ਵਰਤਣ ਦਾ ਅਧਿਕਾਰ ਹੈ। ਭਾਰਤੀ ਦਲਿਤਾਂ ਦਾ ਪਾਣੀ ਤਕ ਪਹੁੰਚਣ ਲਈ ਸੰਘਰਸ਼ ਅਜੇ ਵੀ ਜਾਰੀ ਹੈ। ਅਜੇ ਵੀ ਕਈ ਥਾਵਾਂ 'ਤੇ ਦਲਿਤਾਂ ਨੂੰ ਪਾਣੀ ਦੀ ਪਹੁੰਚ ਤੋਂ ਇਨਕਾਰ ਕੀਤਾ ਜਾਂਦਾ ਹੈ ਅਤੇ ਜੇਕਰ ਉਹ ਵਰਜਿਤ ਥਾਵਾਂ ਤੋਂ ਪਾਣੀ ਪੀਣ ਦੀ ਕੋਸ਼ਿਸ਼ ਕਰਦੇ ਹਨ ਤਾਂ ਕਈ ਵਾਰ ਕੁੱਟਿਆ ਜਾਂ ਮਾਰਿਆ ਜਾਂਦਾ ਹੈ।

ਸੰਘਰਸ਼ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਸਨ. ਹੇਠ ਲਿਖੀ ਕਵਿਤਾ ਅਰਜੁਨ ਦੰਗਲ ਦੁਆਰਾ ਲਿਖੀ ਗਈ ਹੈ ਜੋ ਦਲਿਤ ਪੈਂਥਰ ਪਾਰਟੀ ਦੇ ਸੰਸਥਾਪਕ ਮੈਂਬਰਾਂ ਵਿੱਚੋਂ ਇੱਕ ਹੈ।

ਮਹਾਦ ਸੱਤਿਆਗ੍ਰਹਿ ਹਾਟ (ਮਰਾਠੀ ਵਿਚ 'ਹਾਟ' ਦਾ ਅਰਥ ਹੈ 'ਹੱਥ')
ਗਤੀਹੀਣ ਗਲੀਆਂ ਵਿਚ
ਪਿੰਡ ਦੇ ਗੇਟਾਂ ਦੇ ਬਾਹਰ
ਤੁਸੀਂ ਆਏ ਅਤੇ ਗਰਜੇ
ਹਰ ਕੋਈ ਸ਼ੁਰੂ ਹੋਇਆ
ਧੂੜਾਂ ਵਿਚੋ ਭੜਕੇ ਅਤੇ ਜਾਗੇ
ਤੁਸੀਂ ਅੱਗੇ ਤੁਰ ਪਏ
ਜਗਦੀਆਂ ਮਸਾਲਾਂ ਨੂੰ ਹਥਾਂ ਵਿੱਚ ਫੜਕੇ
ਹਨੇਰੇ ਦੇ ਸਾਰੇ ਵਪਾਰੀ ਡਰ ਦੇ ਮਾਰੇ ਸਨ
ਤੁਸੀਂ ਤੁਰਦੇ ਰਹੇ
ਸਭ ਦੇ ਸਾਥ, ਸਭ ਦੇ ਵਿਕਾਸ਼ ਲਈ
ਤੁਸੀਂ ਤਲਾਅ ਦੇ ਕੰਢੇ ਰੁਕ ਗਏ
ਅਤੇ ਸਾਨੂੰ ਜ਼ਿੰਦਗੀ ਦਿੱਤੀ
...

ਭਾਰਤੀ ਸਮਾਜ ਦੀ ਇਹ ਇਕ ਕਹਾਣੀ ਹੈ ਜੋ ਕਿ ਅੱਜ ਵੀ ਬਹੁਤ ਹੀ ਸੂਖਮ ਅਤੇ ਬਹੁਤ ਜ਼ਿਆਦਾ, ਬਹੁਤ ਹੀ ਕੱਚੇ ਤਰੀਕਿਆਂ ਨਾਲ ਖੇਡੀ ਜਾਂਦੀ ਹੈ। ਕਾਨੂੰਨ ਸਾਰਿਆਂ ਲਈ ਬਰਾਬਰੀ ਦਾ ਐਲਾਨ ਕਰਦਾ ਹੈ, ਪਰ ਅਮਲ ਵਿੱਚ, ਦੱਬੇ-ਕੁਚਲੇ ਲੋਕਾਂ ਨੂੰ ਬੜੀ ਬੇਰਹਿਮੀ ਨਾਲ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ ਜਦੋਂ ਉਹ ਬਰਾਬਰੀ ਦੇ ਹੱਕ ਦੀ ਪ੍ਰਾਪਤੀ ਵਲ ਵਧਦੇ ਹਨ ਜੋ ਕਾਨੂੰਨੀ ਤੌਰ ਤੇ ਨਿਰਧਾਰਤ ਕੀਤਾ ਹੈ।

ਪਾਣੀ ਪੀਣ ਦੇ ਸਤਿਆਗ੍ਰਹਿ ਵਿਚ ਸਾਮਲ ਲੋਕਾਂ ਨੂੰ ਉੱਚ ਜਾਤੀ ਭੀੜ ਨੇ ਦੰਗੇ ਕਰ ਕੁੱਟਿਆ ਅਤੇ ਉਨ੍ਹਾਂ ਦੇ ਘਰਾਂ ਨੂੰ ਤੋੜਿਆ। ਦਲਿਤ ਘਰਾਂ ਵਿੱਚ ਅਨਾਜ ਦੇ ਭੰਡਾਰ ਮਿੱਟੀ ਪਏ ਸਨ ਜਾਂ ਕੂੜੇਦਾਨ ਸਨ। ਬਹੁਤ ਸਾਰੇ ਦਲਿਤਾਂ ਨੂੰ ਮੁਸਲਮਾਨ ਘਰਾਂ ਵਿੱਚ ਪਨਾਹ ਦਿੱਤੀ ਗਈ, ਅਤੇ ਅੰਬੇਦਕਰ ਨੂੰ ਇੱਕ ਸਰਕਾਰੀ ਗੈਸਟ ਹਾਊਸ ਵਿੱਚ ਰਾਤ ਕੱਟਣ ਲਈ ਮਜ਼ਬੂਰ ਕੀਤਾ ਗਿਆ। ਉਸੇ ਸਾਲ ਜੂਨ ਵਿੱਚ, ਪੰਜ ਉੱਚ ਜਾਤੀ ਦੇ ਹਿੰਦੂਆਂ ਨੂੰ (ਬਸਤੀਵਾਦੀ) ਜ਼ਿਲ੍ਹਾ ਮੈਜਿਸਟਰੇਟ ਨੇ ਚਾਰ ਮਹੀਨਿਆਂ ਦੀ ਸਖਤ ਕੈਦ ਦੀ ਸਜ਼ਾ ਸੁਣਾਈ ਸੀ। ਇਹ ਕੇਵਲ ਅੰਗਰੇਜ ਅਧਿਕਾਰੀ ਹੋਣ ਕਾਨ ਹੀ ਹੋ ਪਾਇਆ। ਬਾਬਾ ਸਾਹਿਬ ਅੰਬੇਦਕਰ ਨੇ ਟਿਪਣੀ ਕੀਤੀ, "ਜੇਕਰ ਜ਼ਿਲ੍ਹੇ ਦੇ ਮੁੱਖ ਅਧਿਕਾਰੀ ਹਿੰਦੂ ਹੁੰਦੇ, ਤਾਂ ਨਿਆਂ ਤੋਂ ਇਨਕਾਰ ਕੀਤਾ ਜਾਣਾ ਸੀ। ਬ੍ਰਾਹਮਣ ਪੇਸ਼ਵਾ ਦੇ ਸ਼ਾਸਨ ਦੇ ਅਧੀਨ, ਮੈਨੂੰ ਇੱਕ ਹਾਥੀ ਦੁਆਰਾ ਕੁਚਲਿਆ ਜਾਣਾ ਸੀ।"

ਇਸੇ ਤਰਾ ਇਤਿਹਾਸ ਵਿੱਛ ਝਾਤੀ ਮਾਰੀਏ ਤਾ ਪਤਾ ਲਗਦਾ ਹੈ ਕਿ ਗੁਰੂ ਰਵਿਦਾਸ ਜੀ, ਕਬੀਰ ਸਾਹਿਬ ਅਤੇ ਹੋਰ ਬਹੁਤ ਸਾਰੇ ਅਛੂੱਤ ਸਮਾਜ ਦੇ ਸਾਮਜ ਸੁਧਾਰਕਾਂ ਅਤੇ ਗੁਰੂਆਂ ਦੇ ਉਥਾਨ ਦੇ ਕਾਰਨ ਨੂੰ ਵੀ ਹਿੰਦੂ ਸ਼ਾਸ਼ਕਾਂ ਦੇ ਕਮਜੋਰ ਹੋਣ ਦੇ ਕਾਰਨਬਣੇ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਜਦੋਂ ਜਦੋਂ ਹਿੰਦੂਵਾਦ ਵਧਿਆ ਮੂਲਭਾਰਤੀ ਲੋਕਾਂ ਦੇ ਮੁੱਢਲੇ ਮਾਨਵਤਾ ਦੇ ਹੱਕਾਂ ਨੂੰ ਰੌਂਦਿਆ ਜਾਂਦਾ ਰਿਹਾ ਹੈ। ਮਨੂਵਾਦ ਲਾਗੂ ਹੋਇਆ ਹੈ।

25 ਦਸੰਬਰ ਨੂੰ ਦਲਿਤਾਂ ਨੇ ਮਾਰਿਆ, ਦੂਸਰੇ ਮਹਾਂ ਸੱਤਿਆਗ੍ਰਹਿ ਵਿੱਚ 10,000 ਪ੍ਰਦਰਸ਼ਨਕਾਰੀ ਸ਼ਾਮਲ ਹੋਏ: ਅੰਬੇਦਕਰ ਦੇ ਇੱਕ ਬ੍ਰਾਹਮਣ ਮਿੱਤਰ, ਜੀ.ਐਨ. ਸਹਸ੍ਰਤੂਬੁੱਧੇ, ਜੋ ਸ਼ੂਦਰਾਂ ਨਾਲ ਮਿਲਕੇ ਇਲਾਜ ਕਰਨ ਦੀ ਸਲਾਹ ਦਿੰਦੇ ਅੰਬੇਦਕਰ ਦੇ ਸਤਿਆਗ੍ਰਹ ਦੀ ਸਵਦੇਸ਼ੀ ਲਹਿਰ ਦੇ ਤਹਿਤ ਵਿਦੇਸ਼ੀ ਕੱਪੜੇ ਸਾੜਨ ਨਾਲ ਤੁਲਨਾ ਕੀਤੀ ਸੀ। ਉਨ੍ਹਾਂ ਕਿਹਾ, "ਗਾਂਧੀ ਦੁਆਰਾ ਸ਼ੁਰੂ ਕੀਤੇ ਗਏ ਸੱਤਿਆਗ੍ਰਹਿ ਅੰਦੋਲਨ ਨੂੰ ਲੋਕਾਂ ਨੇ ਸਮਰਥਨ ਦਿੱਤਾ ਕਿਉਂਕਿ ਇਹ ਵਿਦੇਸ਼ੀ ਦਬਦਬੇ ਵਿਰੁੱਧ ਸੀ। ਸਾਡਾ ਸੰਘਰਸ਼ ਜਾਤੀ ਹਿੰਦੂਆਂ ਦੇ ਸਮੂਹ ਦੇ ਵਿਰੁੱਧ ਹੈ ਅਤੇ ਕੁਦਰਤੀ ਤੌਰ 'ਤੇ ਸਾਨੂੰ ਬਾਹਰੋਂ ਬਹੁਤ ਘੱਟ ਸਮਰਥਨ ਪ੍ਰਾਪਤ ਹੈ।"

ਅਸੀਂ ਮਰਹੂਮ ਕਵੀ ਨਾਮਦੇਵ ਧਸਲ ਦੇ ਸ਼ਬਦਾਂ ਵਿੱਚ ਸਹਿਜ ਸਮਝ ਸਕਦੇ ਹਾਂ:

ਪਾਣੀ ਦਾ ਦਿਲ, ਖੁੱਲ੍ਹਾ ਦਿਲ ਹੁੰਦਾ ਹੈ ਅਤੇ ਪਹੁੰਚਦਾ ਹੈ,
ਬਹੁਤ ਜੜ੍ਹਾਂ ਤਕ,
ਇਸ ਦਾ ਤੰਦਰੁਸਤੀ ਕਰਨ ਵਾਲਾ ਅਹਿਸਾਸ ਹਜ਼ਾਰਾਂ ਦੁੱਖਾਂ ਦੇ ਦਾਗਾਂ ਨੂੰ ਧੋ ਜਾਂਦਾ ਹੈ।
ਕਿਹੜੀਆਂ ਕੰਧਾਂ, ਕਿੰਨੀਆਂ ਕੰਧਾਂ, ਤੁਸੀਂ ਪਾਣੀ ਦੇ ਦੁਆਲੇ ਬਣਾ ਸਕਦੇ ਹੋ?
ਤੁਸੀਂ ਪਾਣੀ ਦੇ ਵਗਦੇ ਰੂਪ ਨੂੰ ਕਿਵੇਂ ਰੋਕੋਗੇ?

ਸਮਾਜਿਕ ਸ਼ਕਤੀਕਰਨ ਹੀ ਮਾਨਵ ਬਰਾਬਰੀ ਵਿੱਚੋ ਉਪਜਦਾ ਹੈ। ਭਾਰਤ ਦੇ ਮੌਰੀਆ ਕਾਲ ਸਭ ਤੋ ਮਹਾਨ ਮੰਨਿਆ ਗਿਆ ਹੈ। ਉਸ ਸਮੇਂ ਦੀ ਭਾਰਤ ਦੀ ਜੀਡੀਪੀ ਵਿਸ਼ਵ ਦੀ ਕੁੱਲ ਜੀਡੀਪੀ ਦਾ 40 ਪ੍ਰਤੀਸ਼ਤ ਕੇਵਲ ਭਾਰਤ ਦਾ ਹੀ ਹਿੱਸਾ ਮੰਨਿਆ ਜਾਂਦਾ ਸੀ। ਇਸ ਦਾ ਮੁੱਖ ਕਾਰਨ ਵੀ ਸਮਾਜਿਕ ਸ਼ਕਤੀਕਰਨ ਹੀ ਮਾਨਵ ਬਰਾਬਰੀ ਹੀ ਸੀ, ਜੋ ਕੇਵਲ ਉਸੇ ਹੀ ਸ਼ਾਸ਼ਨ ਵਿਚ ਰਹਿ ਪਾਇਆ। ਅਜੋਕਾ ਭਾਰਤ ਵੀ ਬਿਮਾਰ ਕਮਜੋਰ ਮਾਨਵ ਬਰਾਬਰੀ ਦੀ ਅਣਹੋਂਦ ਹੋਣਾ ਹੀ ਹੈ, ਭਾਰਤ ਵਿੱਚ ਕੋਈ ਹੋਰ ਘਾਟ ਹੈ ਹੀ ਨਹੀਂ। ਜਰਮਨੀ, ਜਪਾਨ, ਇੰਗਲੈਂਡ ਵਰਗੇ ਬਹੁਤ ਸਾਰੇ ਦੇਸ਼ ਦੁਨੀਆਂ ਦੇ ਛੋਟੇ ਛੋਟੇ ਦੇਸ਼ ਜੋ ਭਾਰਤ ਦੇ ਵੱਡੇ ਸੂਬਿਆਂ ਨਾਲੋ ਵੀ ਛੋਟੇ ਹਨ ਤਰੱਕੀ ਦੇ ਪੱਖੋ ਭਾਰਤ ਨਾਲੋ ਬਹੁਤ ਅਗੇ ਮਾਨਵ ਬਰਾਬਰੀ ਦੇ ਕਾਰਨ ਹੀ ਹਨ। ਸਾਡੇ ਮਹਾਨ ਰਾਸ਼ਟਰ ਨੂੰ ਕਰਜੇ ਅਤੇ ਹੋਰ ਆਰਥਿਕ ਸਹਾਇਤਾ ਦਿੰਦੇ ਰਹਿੰਦੇ ਹਨ। ਅੰਗਰੇਜੋ ਭਾਰਤ ਛੱਡੋ ਦੇ ਅੰਦੋਲਨ ਤੋਂ ਬਾਅਦ ਅੱਜ ਕੱਲ੍ਹ, "ਭਾਰਤੀਓ ਭਾਰਤ ਛੱਡੋ" ਦਾ ਅਦੋਲਨ ਬਣਦਾ ਲਗਦਾ ਹੈ, ਇਹ ਦੌੜ ਵੀ ਉਹਨਾਂ ਦੇਸ਼ਾ ਵਲ ਜਾਣ ਅਤੇ ਪੱਕੇ ਤੌਰ ਤੇ ਰਹਿਣ ਲਈ ਪੀਆਰ ਲੈਣ ਲਈ ਵਧਦੀ ਜਾ ਰਹੀ ਹੈ। ਜੇ ਇਹੇ ਕਰਨਾ ਸੀ ਤਾਂ ਕੀ ਲੋੜ ਸੀ, ਅੰਗਰੇਜੋ ਭਾਰਤ ਛੱਡੋ ਦੇ ਅੰਦੋਲਨ ਦੀ?

# ਕਰੋਨਾ ਦਾ ਸੰਕਟ, ਅਰਥਵਿਵਸਥਾ ਅਤੇ ਅਵਾਮ



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

ਵੱਖ ਵੱਖ ਸਮਿਆਂ ਉੱਪਰ ਦੁਨੀਆ ਉੱਪਰ ਬਹੁਤ ਸੰਕਟ ਆਏ ਜਿਨ੍ਹਾਂ ਨੇ ਮਨੁੱਖਾਂ ਦਾ ਬਹੁਤ ਨੁਕਸਾਨ ਕੀਤਾ। ਪਹਿਲੀ ਅਤੇ ਦੂਜੀ ਸੰਸਾਰ ਜੰਗ ਦੌਰਾਨ ਦੁਨੀਆ ਦੇ ਕੁਝ ਮੁਲਕਾਂ ਵਿਚ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ। 1929-34 ਦੀ ਮਹਾਂ ਮੰਦੀ ਨੇ ਕਈ ਮੁਲਕਾਂ ਦੀਆਂ ਅਰਥਵਿਵਸਥਾਵਾਂ ਨੂੰ ਹਿਲਾ ਕੇ ਰੱਖ ਦਿੱਤਾ ਸੀ, ਪਰ ਉਸ ਸਮੇਂ ਦੌਰਾਨ ਵੀ ਇਸ ਮਹਾਂ-ਮੰਦੀ ਦਾ ਮਾਰੂ ਅਸਰ ਸਿਰਫ਼ ਸਰਮਾਏਦਾਰ ਮੁਲਕਾਂ ਤੱਕ ਹੀ ਸੀਮਿਤ ਸੀ ਅਤੇ ਉਸ ਸਮੇਂ ਦੇ ਸਮਾਜਵਾਦੀ ਪ੍ਰਬੰਧ ਵਾਲੇ ਮੁਲਕ ਇਸ ਦੀ ਮਾਰ ਤੋਂ ਮੁਕਤ ਸਨ ਕਿਉਂਕਿ ਇਹ ਮੁਲਕ ਬੇਲਗਾਮ ਮੰਡੀ ਵਿਵਸਥਾ ਤੋਂ ਮੁਕਤ ਹੋ ਣੇਦ ਨਾਲ ਨਾਲ ਬੰਦ ਅਰਥਵਿਵਸਥਾਵਾਂ ਸਨ ਜਿਸ ਦਾ ਭਾਵ ਕਿ ਇਨ੍ਹਾਂ ਮੁਲਕਾਂ ਦਾ ਹੋਰ ਮੁਲਕਾਂ ਨਾਲ ਵਪਾਰ ਨਹੀਂ ਸੀ। ਇਸ ਤਰ੍ਹਾਂ ਦੁਨੀਆ ਉੱਪਰ ਹੋਰ ਵੀ ਸੰਕਟ ਆਏ, ਪਰ ਸਾਰੇ ਸੰਕਟਾਂ ਦੌਰਾਨ ਜਾਨੀKਮਾਲੀ ਨੁਕਸਾਨ ਕੁਝ ਮੁਲਕਾਂ ਤੱਕ ਹੀ ਸੀਮਿਤ ਰਿਹਾ। ਅੱਜਕਲ੍ਹ ਮਨੁੱਖਤਾ ਕਰੋਨਾ ਦੇ ਸੰਕਟ ਦਾ ਸਾਹਮਣਾ ਕਰ ਰਹੀ ਹੈ। ਦੁਨੀਆ ਦਾ ਕੋਈ ਵੀ ਅਜਿਹਾ ਮੁਲਕ ਨਹੀਂ ਜਿਥੇ ਰਹਿਣ ਵਾਲਿਆਂ ਨੂੰ ਇਸ ਸੰਕਟ ਨੇ ਝੰਜੋੜਿਆ ਨਾ ਹੋਵੇ। ਦੁਨੀਆ ਦੇ ਵੱਖ ਵੱਖ ਮੁਲਕਾਂ ਦੇ ਵਿਗਿਆਨੀ ਕਰੋਨਾ ਦੇ ਸੰਕਟ ਦੇ ਕਾਰਨਾਂ ਦੀ ਨਿਸ਼ਾਨਦੇਹੀ ਅਤੇ ਉਸ ਨੂੰ ਹੱਲ ਕਰਨ ਦੇ ਉਪਾਵਾਂ ਬਾਰੇ ਸੰਜ਼ੀਦਗੀ ਨਾਲ ਦਿਨ-ਰਾਤ ਮਿਹਨਤ ਕਰ ਰਹੇ ਹਨ ਅਤੇ ਯਕੀਨਨ ਆਉਣ ਵਾਲੇ ਕੁਝ ਸਮੇਂ ਦੌਰਾਨ ਉਹ ਜ਼ਰੂਰ ਕਾਮਯਾਬ ਹੋ ਜਾਣਗੇ।

1991 ਦੌਰਾਨ ਭਾਰਤ ਵਿਚ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੀਆਂ ਅਪਣਾਈਆਂ ਗਈਆਂ 'ਨਵੀਆਂ ਅਰਥਿਕ ਨੀਤੀਆ' ਤੋਂ ਬਾਅਦ ਕੁਝ ਸਮੇਂ ਦੌਰਾਨ ਮੁਲਕ ਦਾ ਤੇਜ਼ੀ ਨਾਲ ਆਰਥਿਕ ਹੋਇਆ ਜਿਸ ਲਈ ਸਮੇਂ ਸਮੇਂ ਉੱਪਰ ਹੁਕਮਰਾਨਾਂ ਨੇ ਆਪਣੀ ਪਿੱਠ ਆਪ ਥਪਥਪਾਉਣ ਵਿਚ ਕੋਈ ਵੀ ਕਸਰ ਬਾਕੀ ਨਹੀਂ ਛੱਡੀ ਅਤੇ ਵੱਖ ਵੱਖ ਸਮਿਆਂ ਉੱਪਰ ਇਨ੍ਹਾਂ ਹੁਕਮਰਾਨਾਂ ਨੇ ਭਾਰਤ ਦਾ ਨੇੜਲੇ ਭਵਿੱਖ ਵਿਚ ਦੁਨੀਆ ਦੀ ਮਹਾਂ-ਸ਼ਕਤੀ ਬਣਨ ਦਾ ਦਾਅਵਾ ਵੀ ਪੇਸ਼ ਕੀਤਾ। ਪਿਛਲੇ ਕੁਝ ਸਮੇਂ ਤੋਂ ਮੁਲਕ ਦੀ ਆਰਥਿਕ ਵਿਕਾਸ ਦਰ ਤੇਜ਼ੀ ਨਾਲ ਥੱਲੇ ਨੂੰ ਆ ਰਹੀ ਜਿਸ ਦਾ ਮੁੱਖ ਕਾਰਨ ਇਹ ਹੈ ਕਿ ਮੁਲਕ ਵਿਚ ਤੇਜ਼ ਆਰਥਿਕ ਵਿਕਾਸ ਦਰ ਦੇ ਫ਼ਾਇਦੇ ਕੁਝ ਕੁ ਚੰਦ ਅੱਤ ਦੇ ਅਮੀਰ ਲੋਕਾਂ ਦੇ ਵੱਡੇ ਖੀਸਿਆਂ ਵਿਚ ਹੀ ਜਮ੍ਹਾਂ ਹੁੰਦੇ ਆ ਰਹੇ ਹਨ। ਇਨ੍ਹਾਂ 'ਨਵੀਆਂ ਆਰਥਿਕ ਨੀਤੀਆਂ' ਨੂੰ ਸ਼ੁਰੂ ਕਰਨ ਮੌਕੇ ਅਤੇ ਉਸ ਤੋਂ ਬਾਅਦ ਲਗਾਤਾਰ ਅੱਜ ਤੱਕ ਆਰਥਿਕ ਵਿਕਾਸ ਦੇ ਫ਼ਾਇਦਿਆਂ ਨੂੰ 'ਹੇਠਾ ਵੱਲ ਰਿਸਾਅ' ਦੀ ਨੀਤੀ ਦੁਆਰਾ ਅਵਾਮ ਤੱਕ ਪਹੁੰਚਾਉਣ ਦੇ ਵਾਅਦੇ ਅਤੇ ਦਾਅਵੇ ਕੀਤੇ ਜਾਂਦੇ ਰਹੇ ਹਨ, ਪਰ ਅਸਲੀਅਤ ਵਿਚ ਮੁਲਕ ਦੇ ਆਰਥਿਕ ਵਿਕਾਸ ਦੇ ਫ਼ਾਇਦੇ 'ਉੱਪਰ ਵੱਲ ਨੂੰ ਖਿੱਚ' ਦੀ ਨੀਤੀ ਦੁਆਰਾ ਮੁਲਕ ਦੇ ਸਰਮਾਏਦਾਰKਕਾਰਪੋਰੇਟ ਜਗਤ ਨੂੰ ਦਿੱਤੇ ਜਾ ਰਹੇ ਹਨ ਜਿਸ ਕਾਰਨ ਮੁਲਕ ਵਿਚ ਅਮੀਰਾਂ ਅਤੇ ਗਰੀਬਾਂ ਵਿਚਕਾਰ ਆਰਥਿਕ ਖੱਪਾ ਲਗਾਤਾਰ ਵਧ ਰਿਹਾ ਹੈ। ਇਸ ਨਿਰਾਸ਼ਾਜਨਕ ਤੱਥ ਦੀ ਪ੍ਰੋੜਤਾ ਔਕਸਫੈਮ ਅਤੇ ਹੋਰ ਕੌਮਾਂਤਰੀ ਸੰਸਥਾਵਾਂ ਅਤੇ ਮੁਲਕ ਵਿਚ ਕੀਤੇ ਜਾਂਦੇ ਖੋਜ ਅਧਿਐਨ ਵੱਖ ਵੱਖ ਸਮਿਆਂ ਉੱਪਰ ਕਰਦੇ ਰਹਿੰਦੇ ਹਨ। ਮੁਲਕ ਵਿਚ ਅਪਣਾਈਆਂ ਗਈਆਂ 'ਨਵੀਆਂ ਆਰਥਿਕ ਨੀਤੀਆਂ' ਕਾਰਨ ਅੱਤ ਦੇ ਅਮੀਰ 1 ਫ਼ੀਸਦ ਅਤੇ ਬਾਕੀ ਦੇ 99 ਫ਼ੀਸਦ ਲੋਕਾਂ ਵਿਚਕਾਰ ਸਿਰਫ਼ ਆਰਥਿਕ ਖੱਪਾ ਹੀ ਨਹੀਂ ਵਧ ਰਿਹਾ, ਸਗੋਂ ਮੁਲਕ ਦਾ ਕਿਰਤੀ ਵਰਗ ਅਨੇਕਾਂ ਅਸਿਹ ਸਮੱਸਿਆਵਾਂ ਹੰਢਾਉਣ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ।

ਪਿਛਲੇ ਕੁਝ ਸਮੇਂ ਤੋਂ ਮੁਲਕ ਮੱਠੀ ਆਰਥਿਕ ਵਿਕਾਸ ਦਰ ਦੀ ਸਮੱਸਿਆ ਹੰਢਾ ਰਿਹਾ ਹੈ। ਕਰੋਨਾ ਦੇ ਸੰਕਟ ਨੇ ਦੁਨੀਆ ਦੇ ਹੋਰ ਮੁਲਕਾਂ ਦੇ ਨਾਲ ਨਾਲ ਭਾਰਤ ਨੂੰ ਵੀ ਬੁਰੀ ਤਰ੍ਹਾਂ ਘੇਰ ਲਿਆ ਹੈ। ਇਨ੍ਹਾਂ ਦਿਨਾਂ ਵਿਚ ਕਰੋਨਾ ਦੀ ਮਾਰ ਤੋਂ ਬਚਣ ਲਈ 'ਸਮਾਜਿਕ ਅਲਹਿਦਗੀ' ਵਿਚ ਰਹਿਣ ਲਈ 22 ਮਾਰਚ ਨੂੰ ਇਕ ਦਿਨ ਲਈ ਪੂਰੇ ਮੁਲਕ ਵਿਚ ਲੋਕ ਕਰਫਿਊ ਲਗਾਇਆ ਗਿਆ ਅਤੇ ਉਸ ਤੋਂ ਬਾਅਦ ਕਈ ਸੂਬਿਆਂ ਨੇ 31 ਮਾਰਚ ਤੱਕ ਸਰਕਾਰੀ ਤੌਰ ਉੱਤੇ ਜੀਵਨ ਬਚਾਉਣ ਵਾਲੇ ਕੁਝ ਕੰਮਾਂKਕਾਰੋਬਾਰਾਂ ਨੂੰ ਛੱਡਕੇ ਬਾਕੀ ਦੇ ਸਾਰੇ ਕੰਮKਕਾਰੋਬਾਰ ਬੰਦ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ ਅਤੇ ਇਸ ਸਮੇਂ ਵਿਚ ਹੋਰ ਵਾਧਾ ਵੀ ਹੋ ਸਕਦਾ ਹੈ। ਇਸ ਦੇ ਨਤੀਜੇ ਵਜੋਂ ਪਹਿਲਾਂ ਤੋਂ ਚੱਲ ਰਹੀ ਮੱਠੀ ਆਰਥਿਕ ਵਿਕਾਸ ਦਰ ਹੋਰ ਹੇਠਾਂ ਨੂੰ ਆ ਜਾਵੇਗੀ। ਇਸ ਦੇ ਨਤੀਜੇ ਵਜੋਂ ਸਾਡੀ ਅਰਥਵਿਵਸਥਾ ਦੇ ਡਗਮਗਾਉਣ ਦੇ ਆਸਾਰ ਦਿਖਾਈ ਦਿੰਦੇ ਹਨ ਜਿਨ੍ਹਾਂ ਦਾ ਮਾਰੂ ਅਸਰ ਭਾਵੇਂ ਸਮਾਜ ਦੇ ਸਾਰੇ ਵਰਗਾਂ ਉੱਪਰ ਪਵੇਗਾ, ਪਰ ਇਨ੍ਹਾਂ ਦੀ ਸਭ ਤੋਂ ਵੱਡੀ ਮਾਰ ਮੁਲਕ ਦੇ ਕਿਰਤੀ ਲੋਕਾਂ ਉੱਪਰ ਪੈਣੀ ਸ਼ੁਰੂ ਹੋ ਗਈ ਹੈ। ਮੁਲਕ ਵਿਚ ਅਪਣਾਈਆਂ ਗਈਆਂ ਖੇਤੀਬਾੜੀ ਨੀਤੀਆਂ ਕਾਰਨ, ਖੇਤੀਬਾੜੀ ਨੂੰ ਇਕ ਘਾਟੇ ਵਾਲਾ ਧੰਦਾ ਬਣਾ ਦਿੱਤਾ ਗਿਆ ਹੈ ਜਿਸ ਕਾਰਨ ਵੱਡੀ ਗਿਣਤੀ ਵਿਚ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਖ਼ੁਦਕੁਸ਼ੀਆਂ ਕਰ ਰਹੇ ਹਨ। ਕਰੋਨਾ ਦੇ ਸੰਕਟ ਨਾਲ ਨਜਿੱਠਣ ਲਈ 'ਸਮਾਜਿਕ ਅਹਿਲਦਗੀ' ਵਿਚ ਰਹਿਣ ਲਈ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੋ ਕਾਰੀਗਰ ਆਪਣੇ ਘਰਾਂKਝੁੱਗੀਆਂ ਵਿਚ ਰਹਿਣ ਲਈ ਮਜ਼ਬੂਰ ਹਨ। ਕਰੋਨਾ ਦੇ ਡਰ ਕਾਰਨ ਸਾਗ, ਸਬਜੀਆਂ ਫ਼ਲਾਂ ਅਤੇ ਕੁਝ ਹੋਰ ਖੇਤੀਬਾੜੀ ਜਿਨਸਾਂ ਦੀ ਵਰਤੋਂ ਕਰਨ ਤੋਂ ਆਮ ਖ਼ਪਤਕਾਰ ਡਰ ਵਿਚ ਹਨ ਜਿਸ ਦੀ ਮਾਰ ਸੁਭਾਵਿਕ ਤੌਰ ਉੱਤੇ ਕਿਸਾਨਾਂ ਉੱਪਰ ਪੈਣੀ ਸ਼ੁਰੂ ਹੋ ਗਈ ਹੈ। ਆਪਣੇ ਘਰਾਂKਝੁੱਗੀਆਂ ਵਿਚ ਰਹਿਣ ਦੀ ਮਾਰ ਸਭ ਤੋਂ ਵੱਧ ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਉੱਪਰ ਤੇਜ਼ੀ ਨਾਲ ਪੈ ਰਹੀ ਹੈ ਕਿਉਂਕਿ ਇਨਾਂ ਵਰਗਾਂ ਕੋਲ ਆਪਣੀ ਮਜ਼ਦੂਰੀ ਵੇਚਣ ਤੋਂ ਸਵਾਇ ਹੋਰ ਕੁਝ ਵੀ ਨਹੀਂ ਹੁੰਦਾ। ਮੁਲਕ ਵਿਚ ਅਨਾਜ ਦੀਆਂ ਲੋੜਾਂ ਨੂੰ ਪੂਰਾਂ ਕਰਨ ਲਈ ਮੱਧ-ਸੱਠਵਿਆਂ ਦੌਰਾਨ ਅਪਣਾਈ ਗਈ 'ਖੇਤੀਬਾੜੀ ਦੀ ਨਵੀਂ ਜੁਗਤ' ਵੱਧ ਝਾੜ ਦੇਣ ਵਾਲੇ ਬੀਜਾਂ, ਯਕੀਨੀ ਸਿੰਚਾਈ, ਰਸਾਇਣਿਕ ਖਾਦਾਂ, ਕੀਟਨਾਸਕਾਂ, ਉੱਲੀਨਾਸ਼ਕਾਂ, ਨਦੀਨਨਾਸ਼ਕਾਂ, ਮਸ਼ੀਨਰੀ ਅਤੇ ਖੇਤੀਬਾੜੀ ਕਰਨ ਦੇ ਆਧੁਨਿਕ ਢੰਗਾਂ ਦਾ ਇਕ ਪੁਲੰਦਾ ਹੈ। ਇਸ ਪੁਲੰਦੇ ਵਿਚੋਂ ਮਸ਼ੀਨਰੀ ਅਤੇ ਨਦੀਨਨਾਸ਼ਕਾਂ ਦੀ ਵਧਦੀ ਵਰਤੋਂ ਨੇ ਖੇਤੀਬਾੜੀ ਖੇਤਰ ਵਿਚ ਰੁਜ਼ਗਾਰ ਨੂੰ ਵੱਡੀ ਪੱਧਰ ਉੱਪਰ ਘਟਾਇਆ ਹੈ। ਇਸ ਦੀ ਮਾਰ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੇ ਰੁਜ਼ਗਾਰ ਉੱਪਰ ਪਈ ਹੈ, ਪਰ ਇਸ ਮਾਰ ਨੇ ਕਿਸਾਨਾਂ ਦੇ ਮੁਕਾਬਲੇ ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਨੂੰ ਜਿਆਦਾ ਘਚੱਲਿਆ ਹੈ, ਕਿਉਂਕਿ ਉਨ੍ਹਾਂ ਕੋਲ ਆਪਣੀ ਮਜ਼ਦੂਰੀ ਵੇਚਣ ਤੋਂ ਸਿਵਾਇ ਉਤਪਾਦਨ ਦੇ ਕੋਈ ਵੀ ਹੋਰ ਸਾਧਨ ਨਹੀਂ ਹੁੰਦੇ। ਖੇਤੀਬਾੜੀ ਖੇਤਰ ਵਿਚ ਰੁਜ਼ਗਾਰ ਘਟਣ ਕਾਰਨ ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਆਪਣੇ ਪਿੰਡਾਂ ਦੇ ਨੇੜਲੇ ਸ਼ਹਿਰਾਂ ਵਿਚ ਆਪਣੀ ਮਜ਼ਦੂਰੀ ਵੇਚਣ ਲਈ ਲੇਬਰ ਚੌਂਕਾਂ ਵਿਚ ਬੈਠੇ ਦਿਖਾਈ ਦਿੰਦੇ ਹਨ। ਭਾਵੇਂ ਹਰ ਰੋਜ਼ ਤਾਂ ਨਾ ਸਹੀ, ਪਰ ਕੁਝ ਦਿਨਾਂ ਲਈ ਇਨ੍ਹਾਂ ਵਰਗਾਂ ਨੂੰ ਸ਼ਹਿਰਾਂ ਵਿਚ ਮਜਦੂਰੀ ਦਾ ਕੰਮ ਮਿਲ ਜਾਂਦਾ ਹੈ। ਇਸ ਤਰ੍ਹਾਂ ਇਹ ਵਰਗ ਖੇਤੀਬਾੜੀ ਖੇਤਰ ਅਤੇ ਸ਼ਹਿਰਾਂ ਵਿਚ ਮਜ਼ਦੂਰੀ ਕਰਕੇ ਆਪਣੀ ਦੋ-ਡੰਗ ਦੀ ਰੋਟੀ ਦੇ ਆਹਰ ਵਿਚ ਲੱਗੇ ਰਹਿੰਦੇ ਹਨ। ਹੁਣ ਕਰੋਨਾ ਕਾਰਨ ਇਨ੍ਹਾਂ ਵਰਗਾਂ ਦਾ ਹਰ ਤਰ੍ਹਾ ਰੁਜ਼ਗਾਰ ਜਾਂਦਾ ਰਿਹਾ ਅਤੇ ਇਹ ਵਰਗ ਬਹੁਤ ਔਖਾਈਆਂ ਦਾ ਸਾਹਮਣਾ ਕਰ ਰਹੇ ਹਨ।

ਮੁਲਕ ਦੇ ਸ਼ਹਿਰਾਂ/ਕਸਬਿਆਂ ਵਿਚ ਵੀ ਵੱਡੀ ਗਿਣਤੀ ਵਿਚ ਦਿਹਾੜੀ-ਦੱਪਾ ਕਰਨ ਅਤੇ ਸਮੇਂ ਦੇ ਆਧਾਰ ਉੱਪਰ ਮਜ਼ਦੂਰੀ ਕਰਨ ਵਾਲੇ ਕਿਰਤੀ, ਲੀਰਾਂKਕਾਗਜ਼Kਕੱਚ ਆਦਿ ਚੁਗਣ ਵਾਲੇ ਕਿਰਤੀ ਅਤੇ ਹੋਰ ਨਿੱਕੀਆਂ ਨਿੱਕੀਆਂ ਸੇਵਾਵਾਂ ਦੇਣ ਵਾਲੇ ਕਿਰਤੀ ਕਰੋਨਾ ਕਾਰਨ ਆਪਣੇ ਘਰਾਂ ਵਿਚ ਰਹਿਣ ਲਈ ਮਜ਼ਬੂਰ ਹਨ। ਉਹ ਡੰਗ ਦੇ ਡੰਗ ਕਿਰਤ ਕਰਕੇ ਆਪਣੇ ਪਰਿਵਾਰਾਂ ਨੂੰ ਪਾਲਦੇ ਹਨ, ਪਰ ਹੁਣ ਉਹ ਕਿਸੇ ਤਰ੍ਹਾਂ ਦੀ ਮਜ਼ਦੂਰੀ ਨਹੀਂ ਕਰ ਸਕਦੇ। ਇਨ੍ਹਾਂ ਤੋਂ ਬਿਨਾਂ ਹੋਰ ਆਰਥਿਕ ਗਤੀਵਿਧੀਆਂ ਜਿਵੇਂ ਖਾਣਾਂ ਵਿਚ ਕੰਮ ਕਰਨ ਵਾਲੇ ਮਜ਼ਦੂਰ ਵੀ ਘਰਾਂ ਵਿਚ ਹਨ।

ਭਾਵੇਂ ਕਰੋਨਾ ਦੀ ਮਾਰ ਅਤੇ ਦਹਿਸ਼ਤ ਸਮਾਜ ਦੇ ਸਾਰੇ ਵਰਗਾਂ ਉੱਪਰ ਪੈ ਰਹੀ ਹੈ, ਪਰ ਕਿਰਤੀ ਕਿਰਤੀ ਵਰਗਾਂ ਉੱਪਰ ਇਸ ਦੀ ਅਸਿਹ ਮਾਰ ਇਸ ਲਈ ਪੈ ਰਹੀ ਹੈ ਕਿ ਇਕ ਪਾਸੇ ਤਾਂ ਇਹ ਮਜਦੂਰੀ ਨਹੀਂ ਕਰ ਸਕਦੇ ਅਤੇ ਦੂਜੇ ਪਾਸੇ ਆਪਣੇ ਇਲਾਜ ਵੀ ਨਹੀਂ ਕਰਵਾ ਸਕਦੇ। ਮਜ਼ਦੂਰੀ ਨਾ ਕਰਨ ਕਾਰਨ ਇਨ੍ਹਾਂ ਵਰਗਾਂ ਨੂੰ ਜਿੱਥੇ ਦੋ-ਡੰਗ ਦੀ ਰੋਟੀ ਦਾ ਵੀ ਔਖਾ ਹੈ, ਉੱਥੇ ਇਲਾਜ ਕਰਵਾਉਣ ਲਈ ਸਰਕਾਰੀ ਹਸਪਤਾਲਾਂ, ਉਨ੍ਹਾਂ ਵਿਚ ਕੰਮ ਕਰਨ ਵਾਲੇ ਡਾਕਟਰਾਂ ਅਤੇ ਹੋਰ ਪੈਰਾ-ਮੈਡੀਕਲ ਸਟਾਫ਼ ਦੀ ਭਾਰੀ ਘਾਟ ਕਾਰਨ ਇਹ ਵਰਗ ਨਿਰਾਸ਼ ਹਨ। ਭਾਵੇਂ ਮੁਲਕ ਵਿਚ ਅਪਣਾਈਆਂ ਗਈਆਂ 'ਨਵੀਆਂ ਆਰਥਿਕ ਨੀਤੀਆਂ' ਤੋਂ ਬਾਅਦ ਬਹੁ-ਸਟਾਰਾਂ ਵਾਲੇ ਹਸਪਤਾਲਾਂ ਦੀ ਹੋਂਦ ਨੂੰ ਇਨ੍ਹਾਂ ਦੇ ਮਾਲਕ ਅਤੇ ਮੁਲਕ ਦੇ ਹੁਕਮਰਾਨ ਆਪਣੀਆਂ ਪ੍ਰਾਪਤੀਆ ਵਜੋਂ ਬਹੁਤ ਪ੍ਰਚਾਰਦੇ ਥੱਕਦੇ ਨਹੀਂ ਹਨ। ਇਨ੍ਹਾਂ ਹਸਪਤਾਲਾਂ ਵਿਚ ਤਾਂ ਜਿੱਥੇ ਮੱਧ ਵਰਗੀ ਲੋਕ ਵੀ ਇਲਾਜ ਨਹੀਂ ਕਰਵਾ ਸਕਦੇ, ਉੱਥੇ ਕਿਰਤੀ ਵਰਗ ਇੱਥੇ ਇਲਾਜ ਕਰਵਾਉਣ ਦਾ ਸੁਪਨਾ ਵੀ ਨਹੀਂ ਲੈ ਸਕਦੇ। ਕਰੋਨਾ ਦਾ ਸੰਕਟ ਨੇ ਚਿੱਟੇ ਦਿਨ ਵਾਂ ਸਭ ਦੇ ਸਾਹਮਣੇ ਇਹ ਤੱਥ ਲਿਆਂਦਾ ਹੈ ਕਿ ਬਹੁ-ਸਟਾਰਾਂ ਵਾਲੇ ਨਿੱਜੀ ਹਸਪਤਾਲ ਰਾਸ਼ਟਰੀ ਪੱਧਰ ਉੱਤੇ ਕਿਸੇ ਵੀ ਤਰ੍ਹਾਂ ਸਿਹਤ-ਸੰਭਾਲ ਸਹੂਲਤਾਂ ਨਹੀਂ ਦੇ ਸਕਦੇ।

ਕਰੋਨਾ ਦੇ ਸੰਕਟ ਦੇ ਸੰਤਾਪ ਤੋਂ ਬਚਣ ਲਈ 'ਸਮਾਜਿਕ ਅਲਹਿਦਗੀ' ਸਮੇਂ ਦੀ ਲੋੜ ਜਿਸ ਉੱਤੇ ਸਖ਼ਤੀ ਨਾਲ ਅਮਲ ਕਰਨਾ ਬਣਦਾ ਹੈ। ਇਸ ਸੰਬੰਧ ਵਿਚ ਕੇਂਦਰ ਅਤੇ ਸੂਬਾ ਸਰਕਾਰਾਂ ਵੱਖ ਵੱਖ ਆਦੇਸ਼ ਜਾਰੀ ਕਰ ਰਹੀਆਂ ਹਨ। ਕਰੋਨਾ ਸੰਕਟ ਕਾਰਨ ਮੁਲਕ ਦੇ ਵੱਖ ਵੱਖ ਕਿਰਤੀ ਵਰਗਾਂ ਦੀ ਜ਼ਿੰਦਗੀ ਨੂੰ ਚਲਾਉਣ ਲਈ ਜ਼ਰੂਰੀ ਹੈ ਕਿ ਇਨ੍ਹਾਂ ਵਰਗਾਂ ਨੂੰ ਲੋੜੀਂਦੀ ਆਰਥਿਕ ਮਦਦ ਕੇਂਦਰ ਅਤੇ ਸੂਬਾ ਸਰਕਾਰਾਂ ਦੇਣ। ਭਾਵੇਂ ਕੁਝ ਸੂਬਾ ਸਰਕਾਰਾਂ ਨੇ ਇਸ ਸੰਬੰਧ ਵਿਚ ਕੁਝ ਆਰਥਿਥ ਮਦਦ ਦੇਣ ਦਾ ਐਲਾਨ ਵੀ ਕੀਤਾ ਹੈਇ, ਪਰ ਇਹ ਆਰਥਿਕ ਮਦਦ ਇਤਨੀ ਜਰੂਰ ਹੋਵੇ ਜਿਸ ਨਾਲ ਇਨ੍ਹਾਂ ਵਰਗਾਂ ਦੀਆਂ ਹੋਰ ਰੋਜ਼ ਦੀਆ ਲੋੜਾਂ ਸਹਿਜੇ ਹੀ ਪੂਰੀਆਂ ਹੋ ਸਕਣ। ਮੁਲਕ ਵਿਚ ਵੱਡੀ ਪੱਧਰ ਉੱਪਰ ਕਿਰਤੀ ਵਰਗਾਂ ਦੇ ਜਨ ਧਨ ਖਾਤੇ ਬੈਂਕਾਂ ਵਿਚ ਹਨ। ਇਹ ਆਰਥਿਕ ਮਦਦ ਸਿੱਧੀ ਇਨ੍ਹਾਂ ਕਿਰਤੀ ਵਰਗਾਂ ਦੇ ਬੈਂਕ ਖਾਤਿਆਂ ਵਿਚ ਜਮ੍ਹਾਂ ਕਰਵਾਈ ਜਾਵੇ। ਕਿਰਤੀ ਲੋਕਾਂ ਦੇ ਇਲਾਜ ਲਈ ਸਰਕਾਰੀ ਹਸਪਤਾਲਾਂ ਵਿਚ ਵਿਸ਼ੇਸ਼ ਪ੍ਰਬੰਧ ਕੀਤੇ ਜਾਣ।

1929-34 ਦਰਮਿਆਨ ਆਈ ਮਹਾਂ-ਮੰਦੀ ਨਾਲ ਨਜਿੱਠਣ ਲਈ ਜੇ.ਐਮ.ਕੇਨਜ਼ ਦੇ ਸੁਝਾਵਾਂ ਤੋਂ ਸਿੱਖਿਆ ਲੈਣ ਦੀ ਲੋੜ ਹੈ। ਕੇਨਜ ਨੇ ਮਹਾਂ-ਮੰਦੀ ਨਾਲ ਨਜਿੱਠਣ ਲਹੀ ਜਨਤਕ ਖੇਤਰ ਦੇ ਅਦਾਰਿਆਂ ਦੀ ਸਥਾਪਨਾ ਅਤੇ ਨਿੱਜੀ ਖੇਤਰ ਦੇ ਅਦਾਰਿਆਂ ਦੀ ਸਰਕਾਰ ਦੁਆਰਾ ਨਿਗਰਾਨੀ ਕਰਨ ਦੇ ਠੋਸ ਸੁਝਾਅ ਦਿੱਤੇ ਸਨ ਜਿਨ੍ਹਾਂ ਸਦਕਾ ਉਸ ਮੰਦੀ ਉੱਪਰ ਕਾਬੂ ਪਾਇਆ ਜਾ ਸਕਿਆ ਸੀ। ਭਾਰਤ ਦੇ ਆਜ਼ਾਦ ਹੋਣ ਤੋਂ ਬਾਅਦ 1951 ਤੋਂ ਯੋਜਨਾਬੰਦੀ ਸ਼ੁਰੂ ਕੀਤੀ ਗਈ ਜਿਸ ਦੇ ਸਾਰਥਿਕ ਨਤੀਜੇ ਸਭ ਦੇ ਸਾਹਮਣੇ ਹਨ। 1951-80 ਨੂੰ ਯੋਜਨਾਬੰਦੀ ਦਾ ਸਮਾਂ ਮੰਨਿਆ ਜਾਂਦਾ ਹੈ ਜਿਸ ਸਮੇਂ ਦੌਰਾਨ ਜਨਤਕ ਅਦਾਰੇ ਹੋਂਦ ਵਿਚ ਲਿਆਂਦੇ ਗਏ ਅਤੇ ਨਿੱਜੀ ਅਦਾਰਿਆਂ ਉੱਪਰ ਸਰਕਾਰਾਂ ਵੱਲੋਂ ਨਿਗਰਾਨੀ ਵੀ ਕੀਤੀ ਗਈ ਜਿਸ ਸਕਦਾ ਮੁਲਕ ਵਿਚ ਆਰਥਿਕ ਅਸਮਾਨਤਾਵਾਂ ਘਟੀਆਂ। ਜਦੋਂ ਮੁਲਕ ਦੇ ਹੁਕਮਰਾਨਾਂ ਨੇ ਯੋਜਨਾਬੰਦੀ ਵੱਲ ਪਿੱਠ ਕੀਤੀ ਹੈ, ਉਦੋਂ ਤੋਂ ਆਰਥਿਕ ਅਸਮਾਨਤਾਵਾਂ ਵਧ ਰਹੀਆਂ ਹਨ ਜਿਸ ਦੀ ਕੀਮਤ ਕਿਰਤੀ ਵਰਗਾਂ ਨੂੰ ਚੁਕਾਉਣੀ ਪੈ ਰਹੀ ਹੈ। ਕਰੋਨਾ ਦੇ ਸੰਕਟ ਨੇ ਇਕ ਵਾਰ ਮੁਲਕ ਦੇ ਹੁਕਮਰਾਨਾਂ ਲਈ ਜਨਤਕ ਖੇਤਰ ਦੇ ਅਦਾਰਿਆਂ ਦੀ ਸਥਾਪਨਾ, ਪਸਾਰ ਅਤੇ ਨਿੱਜੀ ਖੇਤਰ ਦੇ ਅਦਾਰਿਆਂ ਉੱਪਰ ਸਰਕਾਰੀ ਨਿਗਰਾਨੀ ਦੀ ਲੋੜ ਅੱਗੇ ਲਿਆਂਦੀ ਹੈ। ਜਨਤਕ ਲੋੜਾਂ (ਫ਼ਬਲਚਿ ੱਅਨਟਸ) ਵਾਲੇ ਕੰਮKਸੇਵਾਵਾਂ ਜਿਵੇਂ ਸਿੱਖਿਆ, ਸਿਹਤ-ਸੰਭਾਲ ਅਤੇ ਕੁਝ ਹੋਰ ਸੇਵਾਵਾਂ ਸਿਰਫ਼ ਜਨਤਕ ਅਦਾਰਿਆਂ ਵਿਚ ਸਭ ਲਈ ਮੁਫ਼ਤ ਹੋਣ। ਅਜਿਹਾ ਕਰਨ ਲਈ ਅੱਤ ਦੇ ਅਮੀਰ ਲੋਕਾਂ ਉੱਪਰ ਬਣਦੇ ਕਰ ਲਾਉਣੇ ਅਤੇ ਉਗਰਾਹੁਣੇ ਪੈਣਗੇ ਤਾਂ ਹੀ ਕਿਰਤੀ ਵਰਗ ਸੁਖੀ ਵੱਸ ਸਕਣਗੇ ਅਤੇ ਮੁਲਕ ਦੀ ਅਰਥਵਿਵਸਥਾ ਬਿਨਾਂ ਡਗਮਗਾਏ ਆਪਣੀ ਚਾਲ ਚੱਲ ਸਕੇਗੀ।

## ਕਰੋਨਾ ਵਾਇਰਸ-/ਬੋਲੀਆਂ

ਗੱਲ ਸੁਣ ਲੈ ਨੀ ਮਿੰਦੋ, ਸਿੰਦੋ, ਗੱਲ ਸੁਣ ਲੈ ਇੱਕ ਮੇਰੀ,
ਨੀ ਘਰ ਤੋਂ ਕਿਸੇ ਨੇ ਬਾਹਰ ਨਹੀਂ ਜਾਣਾ, ਸੂਈ ਮੱਝ ਲਵੇਰੀ,
ਨੀ ਮੈਂ ਸੁਣਿਆ ਇੱਕ ਰੋਗ ਅਵੱਲਾ।
ਭਾਰਤ ਬੰਦ ਕਰਾ ਨੀ ਗਿਆ।
ਕਰੋਨਾ ਆ ਨੀ ਗਿਆ, ਕਰੋਨਾ ਆ ਨੀ ਗਿਆ,
ਸਹਿਮ ਲੋਕਾਂ ਦੇ ਦਿਲਾਂ ਦੇ ਵਿੱਚ ਛਾ ਨੀ ਗਿਆ..

ਨੀ ਆਖਣ ਇਹ ਰੋਗ ਤਾਂ ਕਿਧਰੇ, ਦੂਜੇ ਮੁਲਕ 'ਚੋਂ ਆਇਆ,
ਦਿਹਾੜੀਦਾਰਾਂ, ਦਾ ਚੰਦਰੇ ਨੇ, ਬਹੁਤਾ ਈ ਮੰਦਾ ਬਿਠਾਇਆ,
ਢਾਬੇ, ਖੋਖੇ ਵਾਲਿਆਂ ਦਾ ਇਹ।
ਚੁੱਲ੍ਹਾ ਵੀ, ਬੰਦ, ਕਰਾ ਨੀ ਗਿਆ..
ਕਰੋਨਾ ਆ ਨੀ ਗਿਆ, ਕਰੋਨਾ ਆ ਨੀ ਗਿਆ,
ਸਹਿਮ ਲੋਕਾਂ ਦੇ ਦਿਲਾਂ ਦੇ ਵਿੱਚ ਛਾ ਨੀ ਗਿਆ..

ਆਖਣ ਸਾਰੇ ਕਰ ਲਓ ਆਪਣਾ, ਬਚਾ ਜਿੰਨਾ ਹੈ ਕਰਨਾ,
ਨੀ ਦਾਰੂ ਪੀ ਕੇ ਭਾਵੇਂ ਮਰੀਏ, ਕਰੋਨਾ ਨਾਲ ਨਹੀਂ ਮਰਨਾ,
ਨੀ ਇੱਕ ਸ਼ਰਾਬੀ, ਬੜ੍ਹਕ ਮਾਰ ਕੇ,
ਮਾਤ, ਕਰੋਨਾ ਤਾਈਂ, ਪਾ ਨੀ ਗਿਆ..
ਕਰੋਨਾ ਆ ਨੀ ਗਿਆ, ਕਰੋਨਾ ਆ ਨੀ ਗਿਆ,
ਸਹਿਮ ਲੋਕਾਂ ਦੇ ਦਿਲਾਂ ਦੇ ਵਿੱਚ ਛਾ ਨੀ ਗਿਆ..

ਕਿਸੇ ਨੂੰ ਹੈ ਬੁਖ਼ਾਰ ਜਾਂ ਖ਼ਾਸ਼ੀ, ਬੇਸ਼ੱਕ ਹੋਇਆ ਜ਼ੁਕਾਮ,
ਇਨ੍ਹਾਂ ਰੋਗਾਂ ਦਾ ਕਰੈਡਿਟ ਲੈ ਕੇ, ਕਰੋਨਾ ਲਿਆ ਇਨਾਮ,
ਨੀ ਇਹ ਚੰਦਰਾ, ਕੋਈ ਖੇਡ ਚਾਲਾਕੀ,
ਭੁਲੇਖਾ ਵੀ, ਆਪਣਾ, ਪਾ ਲਈ ਗਿਆ..
ਕਰੋਨਾ ਆ ਨੀ ਗਿਆ, ਕਰੋਨਾ ਆ ਨੀ ਗਿਆ,
ਸਹਿਮ ਲੋਕਾਂ ਦੇ ਦਿਲਾਂ ਦੇ ਵਿੱਚ ਛਾ ਨੀ ਗਿਆ..

ਮੂੰਹ ਨੂੰ ਢਕਣਾ, ਮਾਸਕ ਪਾਉਣ, ਗੱਲ ਜਹਾਨ 'ਚ ਉੱਡੀ,
ਦੁਨੀਆਂ ਦੀ ਇਹ ਹਾਲਤ ਕਰਕੇ, ਕਰੋਨਾ ਪਾਉਂਦਾ ਲੁੱਡੀ,
ਨੀ ਲੋਕਾਂ ਦੇ ਭਾਂਡੇ ਖਾਲ੍ਹੀ।
ਕਰਕੇ ਇਹ, ਖੜ੍ਹਕਾ ਨੀ ਗਿਆ..
ਕਰੋਨਾ ਆ ਨੀ ਗਿਆ, ਕਰੋਨਾ ਆ ਨੀ ਗਿਆ,
ਸਹਿਮ ਲੋਕਾਂ ਦੇ ਦਿਲਾਂ ਦੇ ਵਿੱਚ ਛਾ ਨੀ ਗਿਆ..

ਪਰਸ਼ੋਤਮ ਆਖੇ ਬਾਹਰਲੇ ਮੁਲਕਾਂ, ਵਿੱਚ ਵੀ ਇਹਦੀ ਝੰਡੀ,
ਕਰੋਨਾ ਕੋਲ ਨੇ ਸਾਧਨ ਬਹੁਤੇ, ਪੂਛ ਫਿਰੇ ਲੈ ਲੰਡੀ,
ਨੀ ਹਰ ਇੱਕ ਮੁਲਕ 'ਚ ਕਰੋਨਾ ਵਾਇਰਸ।
ਨਾਂ ਆਪਣਾ, ਚਮਕਾ ਨੀ ਗਿਆ..
ਕਰੋਨਾ ਆ ਨੀ ਗਿਆ, ਕਰੋਨਾ ਆ ਨੀ ਗਿਆ,
ਸਹਿਮ ਲੋਕਾਂ ਦੇ ਦਿਲਾਂ ਦੇ ਵਿੱਚ ਛਾ ਨੀ ਗਿਆ..



ਪਰਸ਼ੋਤਮ ਲਾਲ ਸਰੋਏ
91-92175-44348

## ਰੰਗਾਂ ਦਾ ਆਰਟਿਸਟ ਨਿਰਮਲ ਪੇਂਟਰ ਸਲੌਦੀ ਸਿੰਘਾਂ ਦੀ ਵਾਲਾ

ਕੁਦਰਤੀ ਨਜ਼ਾਰਿਆਂ ਨੂੰ ਚਿਤਰਨਾ ਹਰੇਕ ਦੇ ਵੱਸ ਦੀ ਗੱਲ ਨਹੀਂ, ਪਰ ਸਲੋਦੀ ਸਿੰਘਾਂ ਦੀ ਦਾ ਵਸਨੀਕ ਨਿਰਮਲ ਆਰਟਿਸਟ ਇਸ ਖੇਤਰ ਵਿੱਚ ਪੂਰੇ ਦਿਲ ਦਿਮਾਗ ਨਾਲ ਜੁਟਿਆ ਹੋਇਆ ਹੈ। ਜਿਲ੍ਹਾ ਲੁਧਿਆਣਾ ਦੇ ਪਿੰਡ ਸਲੋਦੀ ਸਿੰਘਾਂ ਦੀ ਦੇ ਵਸ਼ਿੰਦੇ ਇਸ ਆਰਟਿਸਟ ਦਾ ਪੂਰਾ ਨਾਂ ਨਿਰਮਲ ਸਿੰਘ ਹੈ। 23 ਮਈ 1984 ਨੂੰ ਪਿਤਾ ਬਹਾਦਰ ਸਿੰਘ ਦੇ ਘਰ ਮਾਤਾ ਰਣਜੀਤ ਕੌਰ ਦੀ ਕੁੱਖੋਂ ਜਨਮ ਲੈਣ ਵਾਲੇ ਇਸ ਲੋਕ-ਆਰਟਿਸਟ ਨੇ ਆਪਣੀ ਮੁੱਢਲੀ ਪੜ੍ਹਾਈ ਆਪਣੇ ਜੱਦੀ ਪਿੰਡ ਸਲੋਦੀ ਸਿੰਘਾਂ ਦੀ ਵਿਚ ਰਹਿ ਕੇ ਹੀ ਪੂਰੀ ਕੀਤੀ, ਫਿਰ ਨੌਵੀਂ ਤੇ ਦਸਵੀਂ ਜਮਾਤ ਨੇੜਲੇ ਪਿੰਡ ਚੱਕ ਮਾਫੀ ਵਿੱਚ ਅਤੇ



ਗਿਆਰਵੀਂ ਕਲਾਸ ਏ, ਐੱਸ, ਸੀਨੀਅਰ ਸੈਕੰਡਰੀ ਸਕੂਲ ਖੰਨਾ ਤੋਂ ਕਰ ਕੇ ਰੰਗਾਂ ਦੀ ਇਸ ਕਲਾ ਨਾਲ ਆਤਮਿਕ ਤੌਰ 'ਤੇ ਡੂੰਘਾਈ ਨਾਲ ਜੁੜ ਗਿਆ ਤੇ ਨਿੱਠ ਕੇ ਰੰਗਾਂ ਦੀ ਖੇਡ ਨੂੰ ਲੋਕਾਂ ਸਾਹਮਣੇ ਵੱਖ-ਵੱਖ ਚਿੱਤਰ ਬਣਾ ਕੇ ਉਜਾਗਰ ਕੀਤਾ। ਆਪਣੀ ਜ਼ਿੰਦਗੀ ਦੇ 36 ਬਸੰਤ ਦੇਖ ਤੇ ਮਾਣ ਚੁੱਕਿਆ ਇਹ ਕਲਾਕਾਰ ਡੇਢ ਦਹਾਕੇ ਤੋਂ ਲੋਕਾਂ ਦਾ ਕਲਾਕਾਰ ਬਣ ਕੇ ਜਿੱਥੇ ਧਾਰਮਿਕ ਰੁਚੀਆਂ ਅਨੁਸਾਰ ਦੇਵੀ-ਦੇਵਤਿਆਂ, ਗੁਰੂਆਂ, ਪੀਰਾਂ-ਫਕੀਰਾਂ, ਯੋਧਿਆ ਦੇ ਚਿੱਤਰ ਸਿਰਜ ਕੇ ਖੂਬ ਨਾਮਣਾ ਖੱਟ ਰਿਹਾ ਹੈ, ਉਥੇ ਪੇਂਡੂ ਸੱਭਿਆਚਾਰ ਦੇ ਵੱਖ-ਵੱਖ ਦ੍ਰਿਸ਼ਾਂ, ਚਿਹਰਿਆਂ ਨੂੰ ਸਿਰਜਣ ਵਿਚ ਵੀ ਉਸ ਨੇ ਆਪਣੀ ਮੁਹਾਰਤ ਦਾ ਜਲਵਾ ਦਿਖਾਇਆ ਹੈ। ਰੰਗਾਂ ਦੇ ਖੇਤਰ ਨੂੰ ਪੂਰੀ ਤਰ੍ਹਾਂ ਸਮਰਪਿਤ ਨਿਰਮਲ ਸਿੰਘ ਜਿਲ੍ਹਾ ਲੁਧਿਆਣਾ ਦੀ ਤਹਿਸੀਲ ਖੰਨਾ 'ਚ ਆਪਣੀ ਦੁਕਾਨ ਖੋਲ੍ਹ ਕੇ ਲੋਕਾਂ ਨੂੰ ਉਨ੍ਹਾਂ ਮੰਗ ਅਨੁਸਾਰ ਚਿੱਤਰ ਬਣਾ ਕੇ ਦੇਣ ਦਾ ਕਾਰਜ ਲਗਾਤਾਰ ਸੰਨ 2016 ਤੋਂ ਕਰਦਾ ਆ ਰਿਹਾ ਹੈ। ਇਸ ਦੇ ਨਾਲ-ਨਾਲ ਉਹ ਪੰਜਾਬ ਦੇ ਸਰਕਾਰੀ ਸਕੂਲਾਂ ਦੀਆਂ ਕੰਧਾਂ 'ਤੇ ਖੂਬਸੂਰਤ ਪੇਂਟਿੰਗਾਂ ਬਣਾ ਕੇ ਸਰਕਾਰੀ ਸਕੂਲਾਂ ਦੀ ਦਿੱਖ ਨੂੰ ਚਾਰ ਚੰਨ ਲਾ ਰਿਹਾ ਹੈ। ਬਿਜਲਈ ਖੰਭਿਆਂ 'ਤੇ



ਤਸਵਿੰਦਰ ਸਿੰਘ ਬੜੈਚ
91-75279-31887

ਲੋਕਾਂ ਨੂੰ ਜਾਗਰੂਕ ਕਰਨ ਵਾਲੇ ਸਲੋਗਨ ਲਿਖ ਕੇ ਸਮਾਜ ਭਲਾਈ 'ਚ ਵੀ ਆਪਣਾ ਬਣਦਾ ਯੋਗਦਾਨ ਪਾ ਰਿਹਾ ਹੈ। ਨਿਰਮਲ ਆਰਟਿਸਟ ਅਜਿਹੇ ਹੁਨਰਮੰਦ ਵਿਅਕਤੀਆਂ ਵਿੱਚ ਸ਼ੁਮਾਰ ਹੈ ਜੋ ਆਪਣੀ ਮਿਹਨਤ ਨਾਲ ਬੇਜਾਨ ਚੀਜ਼ਾਂ ਵਿੱਚ ਰੰਗਾਂ ਰਾਹੀਂ ਜਾਨ ਪਾ ਕੇ ਉਨ੍ਹਾਂ ਨੂੰ ਬੋਲਣ ਲਾ ਦਿੰਦਾ ਹੈ। ਇਸ ਕਾਰਜ ਕਰਕੇ ਨਿਰਮਲ ਨੂੰ ਅਨੇਕਾਂ ਸੰਸਥਾਵਾਂ ਵੱਲੋਂ ਬਣਦਾ ਮਾਣ- ਸਨਮਾਨ ਵੀ ਦਿੱਤਾ ਗਿਆ ਹੈ। ਨਿਰਮਲ ਸਿੰਘ ਨੇ ਇਸ ਕਲਾ ਦੇ ਦਾਅ ਪੇਚ ਆਪਣੇ ਗੁਰੂ ਉਸਤਾਦ ਐੱਸ ਬਿੱਲੂ ਖੰਨਾ ਤੋਂ ਸਿੱਖੇ ਹਨ। ਨਿਰਮਲ ਦੀ ਖ਼ਾਸੀਅਤ ਇਹ ਹੈ ਕਿ ਉਹ ਆਪਣੇ ਕੰਮ ਨੂੰ ਜਨੂੰਨੀ ਇਸ਼ਕ ਕਰਦਾ ਹੈ। ਉਹ ਇਸ ਕਲਾ ਨੂੰ ਰੋਜ਼ਾਨਾ ਦਸ ਤੋਂ ਬਾਰਾਂ ਘੰਟੇ ਦਾ ਸਮਾਂ ਜਰੂਰ ਦਿੰਦਾ ਹੈ। ਹਰ ਵਕਤ ਸਿੱਖਦੇ ਰਹਿਣਾ ਵੀ ਉਸ ਦੇ ਸੁਭਾਓ ਦਾ ਹਿੱਸਾ ਹੈ। ਨਵੇਂ ਆਰਟਿਸਟ ਤਰਾਸ ਕੇ ਉਸ ਦੀ ਰੂਹ ਨੂੰ ਸਕੂਨ ਮਿਲਦਾ ਹੈ। ਉਸ ਨੂੰ ਆਪਣੇ ਪਰਿਵਾਰ 'ਤੇ ਵੀ ਮਾਣ ਹੈ ਜਿਸ ਤੋਂ ਮਿਲਦੇ ਸਹਿਯੋਗ ਸਦਕਾ ਉਹ ਆਪਣੇ ਹਰ ਕੰਮ ਨੂੰ ਬਿਹਤਰ ਤਰੀਕੇ ਨਾਲ ਕਰ ਰਿਹਾ ਹੈ। ਪਰਮਾਤਮਾ ਇਸ ਕਲਾਕਾਰ ਨੂੰ ਲੰਮੀ ਉਮਰ ਬਖਸ਼ੇ ਤਾਂ ਜੋ ਉਹ ਆਪਣੀ ਉਮਰ ਦੇ ਹਰ ਪੜ੍ਹਾਅ ਵਿੱਚ ਖੁਸ਼ੀਆਂ ਮਾਣੇ ਤੇ ਤਰੱਕੀਆਂ ਕਰੇ।

# ਪੰਜਾਬ ’ਚ ਅਕਾਲੀ ਦਲ ਜਾ ਸਕਦਾ ਹੈ ਹਾਸ਼ੀਏ ‘ਤੇ



ਦਰਸ਼ਨ ਸਿੰਘ ਸ਼ੰਕਰ
91-99158-36543

ਸ਼ਾਨਾਮੱਤੇ ਇਤਿਹਾਸ ਵਾਲੀ ਪੰਜਾਬ ਦੀ ਮੁੱਖ ਰਾਜਸੀ ਪਾਰਟੀ ’ਸ਼੍ਰੋਮਣੀ ਅਕਾਲੀ ਦਲ’ ਸ਼ਤਾਬਦੀ ਵਰੇ ’ਚ ਗੰਭੀਰ ਸੰਕਟ ਨਾਲ ਦੋ ਚਾਰ ਹੋ ਰਹੀ ਹੈ। ਆਪਣਿਆਂ ਦਾ ਲਾਇਆ ਖੋਰਾ ਰੁੱਕਣ ਦਾ ਨਹੀਂ ਲੈ ਰਿਹਾ। ਸੁੱਖਬੀਰ ਬਾਦਲ ਦੇ ਅਕਾਲੀ ਦਲ ਵਿਚ ਪੰਥਕ ਦਿੱਖ, ਸੋਚ ਅਤੇ ਸਿਧਾਂਤ ਤਾਂ ਅਲੋਪ ਜਾਪਦੇ ਨੇ। ਸ਼੍ਰੋਮਣੀ ਕਮੇਟੀ ਅਤੇ ਪਾਰਟੀ ਤੇ ਬਾਦਲਾਂ ਦੀ ਤਾਨਾਸ਼ਾਹੀ ਦੀ ਗਲ ਕਰਨ ਵਾਲੇ ਗੱਦਾਰ ਦੱਸਕੇ ਲਾਂਭੇ ਕਰ ਦਿਤੇ। ਛੋਟੇ ਲੀਡਰ ਉੱਚੀ ਥਾਂ ਮੱਲਣ ਲਈ ਕਾਹਲੇ ਪਏ ਨੇ। ਪਾਰਟੀ ਦਾ ਸੰਕਟ ਦਿਨੋ ਦਿਨ ਗਹਿਰਾਅ ਰਿਹੈ।

**ਪਾਰਟੀ ਪਿਛੋਕੜ :**

ਰਾਜਸੀ ਏਜੰਡੇ ਦੀ ਪ੍ਰਾਪਤੀ ਲਈ1920 ’ਚ ਬਣਿਆ ਸ਼੍ਰੋਮਣੀ ਅਕਾਲੀ ਦਲ ਊਧਮ ਸਿੰਘ ਨਾਗੋਕੇ, ਮਾਸਟਰ ਤਾਰਾ ਸਿੰਘ, ਸੰਤ ਫਤਹਿ ਸਿੰਘ, ਮੋਹਣ ਸਿੰਘ ਤੁੜ, ਜਗਦੇਵ ਸਿੰਘ ਤਲਵੰਡੀ, ਸੰਤ ਹਰਚੰਦ ਸਿੰਘ ਲੌਂਗੋਵਾਲ, ਸੁਰਜੀਤ ਸਿੰਘ ਬਰਨਾਲਾ, ਪਰਕਾਸ਼ ਸਿੰਘ ਬਾਦਲ ਅਤੇ ਗੁਰਚਰਨ ਸਿੰਘ ਟੌਹੜਾ ਧੜੱਲੇਦਾਰ ਲੀਡਰਾਂ ਦੀ ਅਗਵਾਈ ਵਿਚ ਕੌਮੀ ਅਤੇ ਸੂਬਾਈ ਰਾਜਨੀਤੀ ਤੇ ਛਾਇਆ ਰਿਹਾ। ਅਣਗਿਣਤ ਕੁਰਬਾਨੀਆਂ ਪਿਛੋਂ 1966 ਮੌਜੂਦਾ ਪੰਜਾਬ ਹੋਂਦ ’ਚ ਆ ਤਾਂ ਗਿਆ, ਪਰ ਨਾਲ ਹੀ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ, ਪਾਣੀਆਂ ਦੀ ਵੰਡ ਵਰਗੇ ਮਸਲੇ ਖੜ੍ਹੇ ਹੋ ਗਏ, ਜੋ ਅੱਜ ਤਕ ਕਿਸੇ ਤਣ ਪੱਤਣ ਨਹੀਂ ਲੱਗੇ। ਧਰਮ ਅਤੇ ਸਿਆਸਤ ਇਕੱਠੇ ਰੱਖ ਕੇ ਸੂਬੇ ਵਿਚ 7 ਵਾਰ ਸਰਕਾਰਾਂ ਬਣਾਈਆਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਲਗਾਤਾਰ ਕਾਬਜ ਰਹੀ। 1967 ਅਤੇ 1969 ਅਕਾਲੀ ਦਲ ਦੇ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ’ਚ ਥੋੜ੍ਹੇ ਸਮੇਂ ਦੀਆਂ ਸਾਝੀਆਂ ਸਰਕਾਰਾਂ ਬਣੀਆਂ। 1971 ਵਿਚ ਪਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਬਣੇ ਤੇ ਸਰਕਾਰ ਸਿਰਫ ਸਵਾ ਸਾਲ ਹੀ ਚਲੀ।



**ਸਰਕਾਰੀ ਅਮਰਜੈਂਸੀ ਖਿਲਫ ਮੋਰਚਾ:**

1975 ਵਿਚ ਅਮਰਜੈਂਸੀ ਖਿਲਾਫ ਜੈਪ੍ਰਕਾਸ਼ ਨਾਰਾਇਣ ਦੀ ਅਗਵਾਈ ’ਚ ਅੰਦੋਲਨ ਦੌਰਾਨ ਅਕਾਲੀ ਦਲ ਦੇ ਮੋਰਚੇ ’ਚ ਹਜਾਰਾਂ ਪੰਜਾਬੀਆਂ ਨੇ ਗ੍ਰਿਫਤਾਰੀ ਦਿੱਤੀ, ਇਸ ਦੀ ਕੇਂਦਰੀ ਰਾਜਨੀਤੀ ਚੜਾਈ ਹੋ ਗਈ। ਵਿਰੋਧੀਆਂ ਨੇ ਜਨਤਾ ਪਾਰਟੀ ਬਣਾ ਕੇ 1977 ’ਚ ਕਾਂਗਰਸ ਨੂੰ ਸੱਤਾਹੀਣ ਕੀਤਾ। ਅਕਾਲੀ ਦਲ ਨੇ ਜਨਤਾ ਪਾਰਟੀ ਦਾ ਸਾਥ ਦਿੱਤਾ। 1977 ਦੀਆਂ ਅਸੈਂਬਲੀ ਚੋਣਾਂ ’ਚ ਵੱਡੀ ਜਿੱਤ ਨਾਲ ਬਾਦਲ ਦੀ ਅਗਵਾਈ ’ਚ ਸਾਂਝੀ ਸਰਕਾਰ ਬਣੀ। 1978 ਦੇ ਨਿਰੰਕਾਰੀ ਕਾਂਡ ਨਾਲ ਮਹੌਲ ਵਿਗੜਿਆ। ਇਹ ਸਰਕਾਰ ਫਰਵਰੀ 1980 ਤਕ ਚਲੀ। 1980ਵਿਆਂ ’ਚ ਪ੍ਰਧਾਨ ਹਰਚੰਦ ਸਿੰਘ ਲੌਂਗੋਵਾਲ ਦੀ ਅਗਵਾਈ ’ਚ ਕੇਂਦਰ ਖਿਲਾਫ ਕਈ ਮੋਰਚੇ ਲੱਗੇ ਅਤੇ 26 ਜਨਵਰੀ 1984 ਨੂੰ ਅਕਾਲੀਆਂ ਨੇ ਸੰਵਿਧਾਨ ਦੀ ਧਾਰਾ 25 ਫੂਕੀ। ਦਰਬਾਰ ਸਾਹਿਬ ਤੇ ਹਮਲੇ ਅਤੇ ਸਿੱਖਾਂ ਦੇ ਕਤਲੇਆਮ ਨੇ ਸਿੱਖ ਸਿਆਸਤ ਹੀ ਬਦਲ ਦਿੱਤੀ। 1985 ਵਿਚ ਐਸਵਾਈਐਲ ਅਤੇ ਹੋਰ ਮੰਗਾਂ ਸਬੰਧੀ ਲੌਂਗੋਵਾਲ ਅਤੇ ਰਾਜੀਵ ਗਾਂਧੀ ਸਮਝੌਤੇ ਪਿੱਛੋਂ ਸੰਤ ਲੌਂਗੋਵਾਲ ਦਾ ਕਤਲ ਹੋ ਗਿਆ ਅਤੇ ਸੁਰਜੀਤ ਸਿੰਘ ਬਰਨਾਲਾ ਪਾਰਟੀ ਪ੍ਰਧਾਨ ਬਣੇ । 1985 ਅਸੈਂਬਲੀ ਚੋਣਾਂ ’ਚ 73 ਸੀਟਾਂ ਜਿੱਤ ਕੇ ਬਰਨਾਲਾ ਮੁੱਖ ਮੰਤਰੀ ਬਣੇ। ਬਾਦਲ, ਤਲਵੰਡੀ ਅਤੇ ਟੌਹੜਾ ਬਰਨਾਲਾ ਦੇ ਲਾਂਭੇ ਹੋਣ ਤੇ ਬਰਨਾਲਾ ਸਰਕਾਰ ਕਾਂਗਰਸ ਦੀ ਹਮਾਇਤ ਨਾਲ ਡੇਢ ਸਾਲ ਚਲੀ। 1988 ’ਚ ਜਥੇਦਾਰ ਤਲਵੰਡੀ ਦੀ ਪ੍ਰਧਾਨਗੀ ਹੇਠ ਵੱਖਰਾ ਅਕਾਲੀ ਦਲ ਬਣਿਆ। 1992 ਤੱਕ ਗਵੱਰਨਰੀ ਰਾਜ ਰਿਹਾ। 1989 ਲੋਕ ਸਭਾ ਚੋਣਾਂ ’ਚ ਸਿਮਰਨਜੀਤ ਸਿੰਘ ਮਾਨ ਦੀ ਹਨੇਰੀ ਚਲੀ ਤੇ ਉਸ ਦੇ 8 ਐਮਪੀ ਜਿੱਤੇ। ਬਾਦਲ-ਟੌਹੜਾ-ਤਲਵੰਡੀ ਨੇ ਸ. ਮਾਨ ਨੂੰ ਪ੍ਰਧਾਨ ਮੰਨ ਲਿਆ।

**ਬਾਦਲਾਂ ਦੀ ਚੜ੍ਹਤ ਦਾ ਦੌਰ :**

1996 ਪਰਕਾਸ਼ ਸਿੰਘ ਬਾਦਲ ਅਕਾਲੀ ਦਲ ਦਾ ਪ੍ਰਧਾਨ ਚੁਣਿਆ ਗਿਆ। ਸ਼ਰਾਫਤ ਅਤੇ ਨਿੱਘੇ ਸੁਭਾਅ ਕਾਰਨ ਵਿਰੋਧੀ ਵੀ ਬਾਦਲ ਦਾ ਸਤਿਕਾਰ ਕਰਦੇ ਸਨ। 1997 ਵਿਚ ਅਕਾਲੀ ਅਕਾਲੀ- ਬੀਜੇਪੀ ਗੱਠਜੋੜ ਨੇ 93 ਸੀਟਾਂ ਜਿੱਤ ਕੇ ਬਾਦਲ ਦੀ ਅਗਵਾਈ ’ਚ ਸਰਕਾਰ ਬਣਾਈ ਜੋ 5 ਸਾਲ ਚੱਲੀ। 1999 ਦੀਆਂ ਲੋਕ ਸਭਾ ਚੋਣਾਂ ਵਿਚ ਗੱਠਜੋੜ ਨੇ 11 ਸੀਟਾਂ ਜਿੱਤੀਆਂ। ਸੁਖਬੀਰ ਬਾਦਲ ਵਾਜਪਾਈ ਦੀ ਸਰਕਾਰ ਵਿਚ ਸਨਅਤੀ ਰਾਜ ਮੰਤਰੀ ਬਣੇ, ਇਸੇ ਸਮੇਂ ਗਵਾਂਢੀ ਰਾਜਾਂ ’ਚ ਸਨਅਤਾਂ ਨੂੰ ਵਿਸ਼ੇਸ਼ ਰਿਆਇਤਾਂ ਮਿਲੀਆਂ ਤੇ ਪੰਜਾਬ ’ਚ ਸਨਅਤੀ ਵਿਕਾਸ ਠੱਪ ਹੋ ਗਿਆ। ਇਹ ਰਿਆਇਤਾਂ ਅਜੇ ਵੀ ਜਾਰੀ ਨੇ। ਅਕਾਲੀ ਦਲ ਨੇ ਸੱਤਾ ਤੋਂ ਬਾਹਰ ਹੁੰਦੇ ਕਾਂਗਰਸ ਤੇ ਪੰਜਾਬ ਨਾਲ ਮਾੜੇ ਸਲੂਕ ਦਾ ਹਮੇਸ਼ਾਂ ਰਾਗ ਅਲਾਪਿਆ, ਪਰ ਕੇਂਦਰ ਅਤੇ ਪੰਜਾਬ ਵਿਚ ਐਨਡੀਏ ਸਰਕਾਰਾਂ ਸਮੇਂ ਮਸਲੇ ਠੰਡੇ ਬਸਤੇ ’ਚ ਰੱਖ ਛੱਡੇ।

**ਟੌਹੜਾ ਦੀ ਬਗਾਵਤ :**

ਵੱਡੇ ਬਾਦਲ ਮੁੱਖ ਮੰਤਰੀ ਦੇ ਨਾਲ ਪਾਰਟੀ ਦੇ ਪ੍ਰਧਾਨ ਵੀ ਸਨ। 1998 ’ਚ ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਟੌਹੜਾ , ਬਾਦਲ ਨੂੰ ਪਾਰਟੀ ਦਾ ਇਕ ਕਾਰਜਕਾਰੀ ਪ੍ਰਧਾਨ ਬਣਾਉਣ ਦੀ ਸਲਾਹ ਦੇ ਬੈਠੇ। ਬਾਦਲ ਕਰੀਬੀਆਂ ਨੇ ਮੋਰਚਾ ਖੋਲ੍ਹ ਕੇ ਟੌਹੜਾ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਅਤੇ ਪਾਰਟੀ ਤੋਂ ਬਾਹਰ ਕਰਾ ਦਿਤਾ। ਟੌਹੜਾ ਦੇ ਹਮਾਇਤੀ ਅੱਧੀ ਦਰਜਨ ਮੰਤਰੀ ਵੀ ਅਸਤੀਫੇ ਦੇ ਗਏ। ਖਾਲਸੇ ਦੀ ਸਥਾਪਨਾ ਦੇ 300 ਸਾਲਾ ਸਮੇਂ ਅਨੰਦਪੁਰ ਸਾਹਿਬ ਵਿਖੇ ਵੱਖਰੀਆਂ ਸਟੇਜਾਂ ਤੇ ਇਕ ਦੂਜੇ ਨੂੰ ਗੱਦਾਰ ਦੱਸਦੇ ਖੂਬ ਮਿੱਟੀ ਪੁਲੀਤ ਕੀਤੀ । ਟੌਹੜਾ ਨੇ ਸਰਬ ਹਿੰਦ ਸ਼੍ਰੋਮਣੀ ਅਕਾਲੀ ਦਲ ਗੱਠਤ ਕਰਕੇ 2002 ਦੀਆਂ ਚੋਣਾਂ ਲੜੀਆਂ। ਬਾਦਲਾਂ ਖਿਲਾਫ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ। ਟੌਹੜਾ ਦੀ ਪਾਰਟੀ ਕੋਈ ਸੀਟ ਤਾਂ ਨਹੀਂ ਜਿੱਤੀ, ਬਾਦਲਾਂ ਸੱਤਾਹੀਣ ਹੋ ਗਏ। ਸ. ਬਾਦਲ ਨੇ ਮੁੜ ਜਥੇਦਾਰ ਟੌਹੜਾ ਨੂੰ ਨਾਲ ਮਿਲਾਕੇ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਾ ਦਿੱਤਾ। 2007 ’ਚ ਕੈਪਟਨ ਅਮਰਿੰਦਰ ਖਿਲਾਫ ਲੁਧਿਆਣਾ ਸਿਟੀ-ਸੈਂਟਰ ਘੁਟਾਲੇ ਦੇ ਦੋਸ਼ ਲਗਾ ਕੇ ਗੱਠਜੋੜ 67 ਸੀਟਾਂ ਜਿੱਤਿਆ ਤੇ ਵੱਡਾ ਬਾਦਲ ਮੁੱਖ ਮੰਤਰੀ ਬਣਿਆ। ਇਸ ਸਮੇਂ ਤਕ ਪਾਰਟੀ ਤੇ ਪੰਥਕ ਸੋਚ ਤੇ ਦਿੱਖ ਹਾਵੀ ਰਹੀ।

**ਪੰਥਕ ਦਿੱਖ ਤੋਂ ਕਿਨਾਰਾ:**

ਸੁਖਬੀਰ ਬਾਦਲ ਜਨਵਰੀ 2008 ’ਚ ਪਾਰਟੀ ਪ੍ਰਧਾਨ ਅਤੇ ਜਨਵਰੀ 2009 ’ਚ ਉਪ ਮੁੱਖ ਮੰਤਰੀ ਬਣੇ। ਪੰਥਕ ਆਗੂ ਅੰਦਰੇ ਵਿਸ ਘੋਲਦੇ ਰਹੇ। ਸੁਖਬੀਰ ਤੇ ਮਜੀਠੀਆ ਸਰਵੇ ਸਰਵਾ ਹੋ ਗਏ। ਵੱਡੇ ਬਾਦਲ ਔਖੇ ਸਮੇਂ ਡੈਮੇਜ ਕੰਟਰੋਲ ਕਰਦੇ ਰਹੇ। 2012 ਵਿਚ ਫਿਰ ਗੱਠਜੋੜ 68 ਸੀਟਾਂ ਜਿੱਤ ਕੇ ਸੱਤਾ ’ਚ ਆਇਆ। 5 ਸਾਲ ਸੁਖਬੀਰ ਅਤੇ ਮਜੀਠੀਆ ਦਾ ਸਿੱਕਾ ਚੱਲਿਆ।

**ਬੱਜਰ ਗਲਤੀਆਂ :**

ਝੂਠੇ ਮੁਕਾਬਲਿਆਂ ਲਈ ਬਦਨਾਮ ਸੁਮੇਧ ਸੈਣੀ ਨੂੰ ਡੀਜੀਪੀ ਬਣਾਉਣ ਤੇ ਸਿੱਖਾਂ ਹਿਰਦੇ ਵਲੂੰਦਰੇ ਗਏ। ਰੇਤ-ਬਜਰੀ, ਨਸ਼ੇ, ਟਰਾਂਸਪੋਰਟ, ਸ਼ਰਾਬ, ਪ੍ਰਾਪਰਟੀ ਮਾਫੀਆਂ ਰਾਹੀਂ ਸ਼ਰੇਆਮ ਅੰਨੀ ਲੁੱਟ ਮੱਚੀ। ਰੇਤਾ ਸੋਨਾ ਬਣਿਆ, ਗੁੰਡਾ ਟੈਕਸ ਸਿਰ ਚੜ੍ਹ ਬੋਲਿਆ। ਚਿੱਟੇ ਅਤੇ ਕੈਮੀਕਲ ਨਸ਼ੇ ਨੇ ਜਵਾਨੀ ਨਕਾਰਾ ਕਰਤੀ। ਵਜੀਰਾਂ ਦੇ ਨਾਮ ਮਾਫੀਆਂ ਨਾਲ ਜੁੜੇ। ਨਿੱਜੀ ਬਿਜਲੀ ਕੰਪਨੀਆਂ ਨਾਲ ਬਿਜਲੀ ਸਮਝੌਤਿਆਂ ’ਚ ਲੱਗੇ ਭ੍ਰਿਸ਼ਟਾਚਾਰ ਦੇ ਦੋਸ਼। ਕਰਜਾ 55 ਹਜਾਰ ਕਰੋੜ ਤੋਂ 1.80 ਲੱਖ ਕਰੋੜ ਪੁੱਜਾਆ। ਬੇਰੁਜਗਾਰ ਜਵਾਨੀ ਵਿਦੇਸ਼ਾਂ ਦੇ ਰਾਹ ਪਈ। ਸਾਲਾਨਾ 50 ਹਜ਼ਾਰ ਕਰੋੜ ਰੁਪਏ ਤੋਂ ਵੱਧ ਵਿਦੇਸ਼ਾਂ ’ਚ ਜਾ ਰਿਹੈ। ਆਰਥਿਕਤਾ ਬੱਦ ਤੋਂ ਬੱਦਤਰ ਹੋਈ।



**ਬੇਅਦਬੀ ਮਾਮਲਾ:**

ਗੁਰੂ ਗਰੰਥ ਸਾਹਿਬ ਦੀ ਬੇਅਦਬੀ ਅਤੇ ਦੋ ਸਿੰਘਾਂ ਦੀ ਹੱਤਿਆ ਦੇ ਮਾਮਲੇ ਰਫਾ ਦਫਾ ਕੀਤੇ ਗਏ। ਜ਼ੋਰਾ ਸਿੰਘ ਕਮਿਸ਼ਨ ਦੀ ਰਿਪੋਰਟ ਨਾਲ ਬਦਸਲੂਕੀ ਮਹਿੰਗੀ ਪਈ। ਸਿਰਸਾ ਸਾਧ ਨੂੰ ਅਕਾਲ ਤਖਤ ਤੋਂ ਮੁਆਫੀ ਅਤੇ ਸ਼੍ਰੋਮਣੀ ਕਮੇਟੀ ਵਲੋਂ 97 ਲੱਖ ਦੇ ਇਸ਼ਤਿਹਾਰਾਂ ਨੇ ਸਿੱਖ ਹਿਰਦੇ ਵਲੂੰਘਰੇ। ਭਾਰੀ ਵਿਰੋਧ ਪਿੱਛੋਂ ਫੈਸਲਾ ਵਾਪਿਸ ਲੈਣਾ ਪਿਆ। ਬਰਗਾੜੀ ਮੋਰਚੇ ਨੇ ਬਾਦਲਾਂ ਨੂੰ ਕੱਖੋਂ ਹੌਲੇ ਕੀਤਾ।

**ਗੱਠਜੋੜ ਦੀ ਹਾਰ ਤੇ ਹਾਰ:** ਬਾਦਲਾਂ ਵਿਰੁੱਧ ਗੁੱਸੇ ਕਾਰਨ 2014 ਲੋਕ ਸਭਾ ਚੋਣਾਂ ਦੌਰਾਨ ਮੋਦੀ ਹਨੇਰੀ ਪੰਜਾਬ ਵਿਚ ਠੁਸ ਹੋ ਗਈ, ਗੱਠਜੋੜ ਪੱਲੇ 5 ਸੀਟਾਂ ਹੀ ਪਈਆਂ ਅਤੇ ’ਆਪ’ ਨੇ ਪੰਜਾਬ ’ਚ ਦਸਤਕ ਦਿੱਤੀ। ਫਿਰ 2017 ਅਸੈਂਬਲੀ ਚੋਣਾਂ ਵਿਚ ਗੱਠਜੋੜ ਦੀ ਹੋਈ ਕਰਾਰੀ ਹਾਰ। ਅਕਾਲੀ ਵਿਰੋਧੀ ਧਿਰ ਵੀ ਨਾਂ ਬਣ ਸਕੇ।

ਬਾਲਾਕੋਟ ਹਮਲੇ ਪਿੱਛੋਂ 2019 ਦੀਆਂ ਲੋਕ ਸਭਾ ਚੋਣਾਂ ਵਿਚ ਮੋਦੀ ਦੇ ਤੁਫਾਨ ਦੀ ਹਵਾ ਪੰਜਾਬ ’ਚ ਨਿਕਲੀ। ਅਕਾਲੀ ਸੁਖਬੀਰ ਅਤੇ ਹਰਸਿਮਰਤ ਵਾਲੀਆਂ ਦੋ ਸੀਟਾਂ ਹੀ ਜਿੱਤੇ।

**ਮੋਦੀ ਸਰਕਾਰ ਦੀ ਬੇਰੁੱਖੀ:**

ਕੇਂਦਰ ਵਿਚ ਹਰਸਿਮਰਤ ਮੰਤਰੀ ਬਣੀ, ਸੀਨੀਅਰ ਨੇਤਾ ਗੁੱਸਾ ਪੀ ਕੇ ਰਹਿ ਗਏ। ਮੋਦੀ ਨੇ 6 ਸਾਲਾਂ ਦੌਰਾਨ ਨਾਂ ਤਾਂ ਕੋਈ ਵੱਡਾ ਪ੍ਰਾਜੈਕਟ ਦਿੱਤਾ, ਨਾਂ ਹੀ ਆਰਥਿਕ ਸੰਕਟ ਚੋਂ ਕੱਢਣ ਲਈ ਕੋਈ ਮੱਦਦ। ਕਰਜੱਈ ਕਿਸਾਨ ਖੁਦ-ਕੁਸ਼ੀਆਂ ਦੇ ਰਾਹ ਪਏ। ਫਸਲਾਂ ਦੀ ਐਮਐਸਪੀ ਤੋਂ ਹੱਥ ਖਿਚਣ ਦੇ ਸੰਕੇਤ ਆਏ। ਗਵਾਂਢੀ ਰਾਜਾਂ ਨੂੰ ਸਨਅਤਾਂ ਰਿਆਇਤਾਂ ’ਚ ਕੀਤਾ 10 ਸਾਲਾਂ ਦਾ ਵਾਧਾ।

ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਮੌਕੇ ਕਰਤਾਰਪੁਰ ਲਾਂਘੇ ਤੇ ਹਰਸਿਮਰਤ ਵਲੋਂ ਬਖੇੜੇ ਨੇ ਵੀ ਕਿਰਕਰੀ ਕਰਾਈ।

**ਨਾਰਾਜ਼ ਨੇਤਾਵਾਂ ਵਲੋਂ ਖੋਰਾ:**

ਬੇਅਦਬੀ ਮਾਮਲੇ ਤੇ ਪਾਰਟੀ ਸਫਾਂ ’ਚ ਬਾਦਲਾਂ ਵਿਰੁੱਧ ਸੁਰਾਂ ਉਠੀਆਂ। ਦੋਸ਼ੀਆਂ ਨੂੰ ਬਚਾਉਣ ਦੇ ਦੋਸ਼ਾਂ ਨਾਲ ਅਕਾਲੀ ਦਲ ਦੀ ਪੰਥਕ ਦਿੱਖ ਵਿਗੜੀ। ਖੂੰਜੇ ਲਗੇ ਪੰਥਕ ਲੀਡਰਾਂ ਨੇ ਲਗਾਤਾਰ ਹਾਰਾਂ ਲਈ ਸੁਖਬੀਰ ਨੂੰ ਜਿੰਮੇਵਾਰ ਦੱਸ ਕੇ ਅਸਤੀਫੇ ਦੀ ਮੰਗ ਕਰ ਦਿੱਤੀ। ਫੀਲਿਆਂ ਨੇ ਕੁਰਬਾਨੀਆਂ ਵਾਲਿਆਂ ਨੂੰ ਗੱਦਾਰ ਦੱਸ ਕੇ ਪਾਰਟੀ ’ਚੋਂ ਬਾਹਰ ਕਰਵਾ ਦਿੱਤਾ। ਬੇਇੱਜ਼ਤ ਹੋਏ ਪੰਥਕ ਆਗੂ ਰਣਜੀਤ ਸਿੰਘ ਬ੍ਰਹਮਪੁਰਾ, ਰਤਨ ਸਿੰਘ ਅਜਨਾਲਾ, ਸੇਵਾ ਸਿੰਘ ਸੇਖਵਾਂ ਅਤੇ ਹੋਰ ਵੱਖਰਾ ਅਕਾਲੀ ਦਲ (ਟਕਸਾਲੀ) ਬਣਾ ਕੇ ਲੋਕ ਸਭਾ ਚੋਣਾਂ ’ਚ ਆ ਨਿਤਰੇ, ਕੋਈ ਸੀਟ ਤਾਂ ਜਿੱਤ ਨਹੀਂ ਸਕੇ, ਪਰ ਗੱਠਜੋੜ ਦੀਆਂ ਜੜ੍ਹਾਂ ’ਚ ਜਰੂਰ ਬੈਠ ਗਏ। ਹਾਸ਼ੀਏ ਤੇ ਧੱਕੇ ਚੰਗੇ ਛਵੀ ਵਾਲੇ ਸੀਨੀਅਰ ਲੀਡਰ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ ਨੇ ਸੁਖਬੀਰ ਦੀ ਕਾਬਲੀਅਤ ਨੂੰ ਚੁਣੌਤੀ ਦੇ ਦਿੱਤੀ। ਉਨ੍ਹਾਂ ਦੇ ਪੁੱਤਰ ਸਾਬਕਾ ਖਜਾਨਾ ਮੰਤਰੀ ਪਰਮਿੰਦਰ ਢੀਂਡਸਾ ਵੀ ਖੁੱਲ ਕੇ ਸੁਖਬੀਰ ਖਿਲਾਫ ਆ ਨਿਤਰੇ। ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨੂੰ ਬਾਦਲਾਂ ਦੇ ਗਲਬੇ ਤੋਂ ਮੁਕਤ ਕਰਾਉਣ ਦਾ ਬਿਗਲ ਵਜਾ ਦਿਤਾ। ਸੁਖਬੀਰ ਨੇ ਮਨਾਉਣ ਦੀ ਬਜਾਏ’ ਉਨ੍ਹਾਂ ਵਿਰੁੱਧ ਸੰਗਰੂਰ ਵਿਚ ਸੂਬਾ ਪੱਧਰੀ ਰੈਲੀ ਕਰ ਦਿਤੀ। ਰੈਲੀ ਵਿਚ ਸੁਖਬੀਰ ਦੀ ਢੀਂਡਸਿਆਂ ਖਿਲਾਫ ਘਟੀਆ ਭਾਸ਼ਾ ਨੇ ਉਸ ਦਾ ਅਕਸ਼ ਧੁੰਦਲਾਇਆ।

ਢੀਂਡਸਾ ਦੇ ਅੱਗੇ ਲੱਗਣ ਤੇ ਵਿਰੋਧੀਆਂ ਦੇ ਹੌਸਲੇ ਬੁਲੰਦ ਹੋਏ। ਨਾਰਾਜ਼ ਬੈਠੇ ਅਕਾਲੀ ਬਾਦਲਾਂ ਨੂੰ ਛੱਡ ਢੀਂਡਸਾ ਵਲ ਹੋ ਤੁਰੇ। ਦਿੱਲੀ ਤੋਂ ਮਨਜੀਤ ਜੀਕੇ, ਲੁਧਿਆਣਾ ਤੋਂ ਗਰਚਾ ਪਰਵਾਰ, ਹਰਜੀਤ ਕੌਰ ਤਲਵੰਡੀ ਅਤੇ ਦੇਸਰਾਜ ਧੁੱਗਾ ਵਰਗੇ ਅਕਾਲੀ ਵੀ ਬਾਦਲਾਂ ਦਾ ਸਾਥ ਛੱਡ ਗਏ।

**ਸ਼੍ਰੋਮਣੀ ਕਮੇਟੀ ਚੋਣਾਂ:**

ਉਲਟ ਹਵਾ ਭਾਂਪਦੇ 2016 ’ਚ ਹੋਣ ਵਾਲੀ ਚੋਣ ਬਾਦਲਾਂ ਨੇ ਲਮਕਾ ਰੱਖੀ। ਢੀਂਡਸਾ ਨਾਲ ਪੰਥਕ ਧਿਰਾਂ ਬਾਦਲਾਂ ਦੇ ਗਲਬੇ ਨੂੰ ਤੋੜਨ ਲਈ ਇੱਕ ਜੁੱਟ ਨੇ। ਕਮੇਟੀ ਤੇ ਕਾਬਜ ਨੂੰ ਹੀ ਅਸਲੀ ਅਕਾਲੀ ਦਲ ਮੰਨਿਆ ਜਾਂਦੈ। ਪੰਥਕ ਹਲਕਿਆਂ ’ਚ ਢੀਂਡਸਾ ਦੀ ਮਜਬੂਤੀ ਬਾਦਲਾਂ ਲਈ ਖਤਰੇ ਦੀ ਘੰਟੀ। ਦਿੱਲੀ ’ਚ ਕੇਜਰੀਵਾਲ ਦੀ ਜਿੱਤ ਨਾਲ ਪੰਜਾਬ ਦੀ ’ਆਪ’ ਵਿਚ ਵੀ ਪਈ ਜਾਨ। ਜੇ ਸੁਖਬੀਰ ਧੜਾ ਹੈਂਕੜ ਤਿਆਗ ਕੇ ਬਾਗੀਆਂ ਨੂੰ ਨਾਲ ਜੋੜਨ ’ਚ ਸਫਲ ਨਹੀਂ ਹੁੰਦਾ ਤਾਂ ਅਕਾਲੀ ਦਲ ਪੰਜਾਬ ’ਚ ਹਾਸ਼ੀਏ ਤੇ ਜਾ ਸ਼ਕਦੈ।

# ਕੋਰੋਨਾ ਵਾਇਰਸ ਅਤੇ 22 ਮਾਰਚ ਦਾ ਕੁਦਰਤੀ ਦਿਨ



ਇੰਜੀਨੀਅਰ ਸਤਨਾਮ ਸਿੰਘ ਮੱਟੂ
91-97797-08257

ਕੋਰੋਨਾ ਵਾਇਰਸ ਨੇ ਪੂਰੀ ਦੁਨੀਆਂ ਨੂੰ ਭੈਅਭੀਤ ਕਰ ਦਿੱਤਾ ਹੈ। ਹਰ ਦੇਸ਼ ਸੰਕਟਮਈ ਸਥਿਤੀ ਤੋਂ ਗੁਜ਼ਰ ਰਿਹਾ ਹੈ। ਇਸਨੂੰ ਕੁਦਰਤੀ ਵਰਤਾਰਾ ਜਾਂ ਕੁਦਰਤੀ ਦੀ ਸ਼ਕਤੀ ਹੀ ਕਿਹਾ ਜਾ ਸਕਦਾ ਹੈ। ਵਿਗਿਆਨਕ ਖੋਜਾਂ ਅਤੇ ਤਕਨੀਕਾਂ ਨਾਲ ਮਨੁੱਖ ਨੇ ਕੁਦਰਤ ਨੂੰ ਕਾਬੂ ਕਰਨ ਲਈ ਪੂਰੀ ਵਾਹ ਲਗਾਈ ਅਤੇ ਵੱਡੀਆਂ ਵੱਡੀਆਂ ਟਾਹਰਾਂ ਮਾਰੀਆਂ, ਪਰ ਕੁਦਰਤੀ ਮਾਂਹਵਾਰੀ ਕੋਰੋਨਾ ਵਾਇਰਸ ਅੱਗੇ ਸਭ ਵਿਅੱਰਥ ਅਤੇ ਨਾਕਾਮ ਨਜ਼ਰ ਆ ਰਿਹਾ ਹੈ। ਕੁਦਰਤੀ ਵਰਤਾਰੇ ਨੂੰ ਆਪਣੀ ਸਥਿਤੀ ਚ ਚੱਲਣ ਦੇਣ ਲਈ ਮਨੁੱਖ ਨੇ ਉਤਪੰਨ ਕੀਤੇ ਸਾਧਨਾਂ ਤੇ ਖੁਦ ਪਾਬੰਦੀਆਂ ਲਗਾ ਦਿੱਤੀਆਂ ਹਨ।ਕੁਦਰਤ ਦੀ ਅਟੱਲਤਾ ਅੱਗੇ ਮਨੁੱਖ ਨੂੰ ਗੋਡੇ ਟੇਕਣ ਲਈ ਮਜਬੂਰ ਹੋਣਾ ਪੈ ਗਿਆ ਹੈ। ਕੋਰੋਨਾ ਵਾਇਰਸ ਦੇ ਫੈਲਾਅ ਦੀ ਲੜੀ ਤੋੜਨ ਲਈ 24 ਮਾਰਚ ਨੂੰ ਦੇਸ਼ ਦੀ ਸਰਕਾਰ ਨੇ ਜਨਤਾ ਕਰਫਿਊ ਲਗਾਇਆ ਹੈ। ਦੇਸ਼ ਦਾ ਹਰ ਨਾਗਰਿਕ ਆਪਣੇ-ਆਪਣੇ ਘਰਾਂ ਚ ਰਹਿਣ ਲਈ ਮਜਬੂਰ ਹੈ। ਕੋਰੋਨਾ ਵਾਇਰਸ ਦਾ ਡਰ ਅਤੇ ਸਰਕਾਰੀ ਹਦਾਇਤਾਂ ਅਨੁਸਾਰ ਹਦਾਇਤਾਂ ਕਾਰਣ ਮਨੁੱਖ ਦੀ ਜ਼ਿੰਦਗੀ ‘ਚ ਬਿਲਕੁਲ ਖੜੋਤ ਆਈ ਹੈ। ਕੁਦਰਤੀ ਕ੍ਰਿਸ਼ਮਾ ਦੇਖੋ, ਘਰ ਤੋਂ ਬਾਹਰ ਨਿਕਲਣ ਦੀ ਕਿਸੇ ਦੀ ਹਿੰਮਤ ਨਹੀਂ ਪਈ। ਮਨੁੱਖ ਨੇ ਆਪਣੀ ਮਾਇਆਧਾਰੀ ਲਾਲਸਾ ਅਤੇ ਲਾਲਚਵੱਸ ਕੁਦਰਤੀ ਸੁੰਦਰਤਾ, ਹਰਿਆਵਲ, ਨਿਆਂਮਤਾਂ ਨਾਲ ਖੂਬ ਖਿਲਵਾੜ ਕੀਤਾ ਹੈ। ਪ੍ਰਦੂਸ਼ਣ ਪੈਦਾ ਕਰਕੇ ਕੁਦਰਤੀ ਸੰਤੁਲਨ ਨੂੰ ਵਿਗਾੜਨ ਚ ਕੋਈ ਕਸਰ ਬਾਕੀ ਨਹੀਂ ਛੱਡੀ, ਸੋ ਲੱਗਦਾ ਹੈ ਬਲਵਾਨ ਕੁਦਰਤ ਨੇ ਵਾਤਾਵਰਣ ਦੀ ਮੁੜ ਕੁਦਰਤੀ ਸੰਤੁਲਨਤਾ ਲਈ ਮਨੁੱਖ ਦੇ ਹੰਕਾਰ ਨੂੰ ਤੋੜਨ ਲਈ ਇਸ ਮਹਾਂਵਾਰੀ ਨੂੰ ਜਨਮ ਦਿੱਤਾ ਹੋਵੇ। ਅਸਮਾਨੀ ਉਡਾਰੀਆਂ ਮਾਰਦੇ ਹਵਾਈ ਜਹਾਜ਼ਾਂ, ਸਮੁੰਦਰੀ ਬੇੜਿਆਂ, ਧਰਤੀ ਤੇ ਘੁੰਮਦੇ ਵਹੀਕਲਜ਼, ਫੈਕਟਰੀਆਂ, ਭੱਠਿਆਂ ਆਦਿ ਦੇ ਧੂਏਂ ਅਤੇ ਹਾਨੀਕਾਰਕ ਗੈਸਾਂ, ਫਸਲਾਂ ਤੇ ਲੋੜੋਂ ਵੱਧ ਪੈਸਟੀਸਾਈਡ ਦੀ ਵਰਤੋਂ ਨੇ ਓਜ਼ੋਨ ਦੀ ਪਰਤ ਨੂੰ ਕਮਜ਼ੋਰ ਕਰਨ ਚ ਅਤਿ ਅਹਿਮ ਭੂਮਿਕਾ ਨਿਭਾਈ ਹੈ। ਸ਼ਾਇਦ ਕੁਦਰਤ ਨੇ ਉਸਦੀ ਮੁਰੰਮਤ ਅਤੇ ਮਨੁੱਖ ਨੂੰ ਸਬਕ ਸਿਖਾਉਣ ਲਈ ਇਹ ਵਰਤਾਰਾ ਕੀਤਾ ਹੈ। ਅੱਜ ਨਾ ਆਸਮਾਨ ਚ ਜਹਾਜ਼ ਉੱਡ ਰਹੇ ਹਨ, ਨਾ ਸੜਕਾਂ ਦੇ ਵਹੀਕਲਜ਼, ਨਾ ਸਮੁੰਦਰੀ ਬੇੜੇ, ਨਾ ਟ੍ਰੇਨਾਂ,ਨਾ ਫੈਕਟਰੀਆਂ ਚੱਲ ਰਹੀਆਂ ਹਨ, ਬਾਜ਼ਾਰ, ਵੱਡੇ ਵੱਡੇ ਮਾਲ, ਧਾਰਮਿਕ ਸਥਾਨ ਆਦਿਕ ਸਭ ਸੁੰਨ ਸਾਨ ਪਏ ਹਨ। ਗਲੀਆਂ, ਸੜਕਾਂ ਬਾਜ਼ਾਰ ਭਾਂਅ ਭਾਂਅ ਕਰ ਰਹੇ ਹਨ।ਇੱਕ ਗੀਤ ਦੀਆਂ ਸਤਰਾਂ "ਗਲੀਆਂ ਹੋ ਜਾਣ ਸੁੰਨੀਆਂ ਵਿੱਚ ਮਿਰਜ਼ਾ ਯਾਰ ਫਿਰੇ" ਕੁੱਤੇ ਅਤੇ ਆਵਾਰਾ ਪਸ਼ੂ ਨਿਡਰ ਹੋਕੇ ਘੁੰਮ ਰਹੇ ਹਨ। ਗੱਡੀਆਂ ਦੇ ਹਾਰਨ, ਟੈਂਪੂਆਂ, ਸਪੀਕਰਾਂ ਦੀਆਂ ਕੰਨ ਪਾੜਵੀਆਂ ਆਵਾਜ਼ ਦੀ ਥਾਂ ਮੁੱਦਤ ਬਾਅਦ ਅੱਜ ਚਿੜੀਆਂ ਦੀ ਚਹਿਚਹਾਟ ,ਕਾਵਾਂ ਦੀ ਕਾਂਕਾਂ, ਘੁੱਗੀਆਂ ਦੀ ਗੁਟਰਗੂੰ ਆਦਿ ਪੰਛੀਆਂ ਦੀਆਂ ਮਿੱਠੀਆਂ ਆਵਾਜ਼ਾਂ ਸੁਣਨ ਨੂੰ ਮਿਲੀਆਂ। ਧਾਰਮਿਕ ਸੰ-ਸਥਾਵਾਂ ਅਤੇ ਜਥੇਬੰਦੀਆਂ ਵੱਲੋਂ ਹਰ ਗਰੀਬ ਦੀ ਹਰ ਸੰਭਵ ਮੱਦਦ ਲਈ ਆਪਣੇ ਗੋਲਕ ਖੋਲ ਦਿੱਤੇ ਹਨ। ਸਰਕਾਰਾਂ ਨੇ ਹਰ ਸਰਕਾਰੀ ਮੱਦਦ ਲਈ ਮਨੁੱਖਾਂ ਨੂੰ ਹਸਪਤਾਲਾਂ ਚ ਬੇਝਿਜਕ ਆਉਣ ਦਾ ਸੱਦਾ ਦਿੱਤਾ ਹੈ। ਚਾਰੇ ਪਾਸੇ ਮਨੁੱਖਤਾਵਾਦੀ ਸੋਚ ਦਾ ਫੈਲਾਅ ਦੇਖਣ ਨੂੰ ਮਿਲ ਰਿਹਾ ਹੈ। ਸਰਕਾਰੀ ਦਫ਼ਤਰਾਂ, ਹਸਪਤਾਲਾਂ, ਬੈਂਕਾਂ, ਪਿੰਡਾਂ, ਸ਼ਹਿਰਾਂ ਚ ਆਉਣ ਵਾਲੇ ਹਰ ਸ਼ਖਸ ਨੂੰ ਸੈਨੀਟਾਈਜ਼ ਕੀਤਾ ਜਾਂਦਾ ਹੈ। ਹੱਥ ਜੋੜ ਕੇ ਸਤਿ ਸ਼੍ਰੀ ਆਕਾਲ ਜਾਂ ਨਮਸਤੇ ਕਹਿਣ ਤੇ ਜ਼ੋਰ ਦਿੱਤਾ ਜਾਂਦਾ ਹੈ।ਹਰ ਪੱਧਰ ਤੇ ਪ੍ਰਹੇਜ਼ ਰੱਖਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਇਹੀ ਇਨਸਾ-ਨੀਅਤ ਹੈ। ਕੁਦਰਤ ਨੇ ਤਾਂ ਮਨੁੱਖ ਨੂੰ ਜ਼ਿਆਦਾ ਨੁਕਸਾਨ ਤੋਂ ਬਚਾਅ ਕੇ ਸਬਕ ਸਿਖਾਉਣ ਦੀ ਪੂਰੀ ਕੋਸ਼ਿਸ਼ ਕੀਤੀ ਹੈ, ਮਨੁੱਖ ਨੂੰ ਆਪਣੀ ਸੋਚ ਬਦਲੇ ਸਬਕ ਸਿੱਖਣ ਦੀ ਲੋੜ੍ਹ ਹੈ। ਮਨੁੱਖ ਨੂੰ ਭਵਿੱਖ ਚ ਇਹ ਵੀ ਸੋਚਣ ਲਈ ਮਜਬੂਰ ਕਰਦਾ ਹੈ ਕਿ ਦਾਨੀ ਧਾਰਮਿਕ ਸਥਾਨਾਂ ਦੀ ਬਜਾਏ ਹਸਪਤਾਲਾਂ ਦੀ ਉਸਾਰੀ ਲਈ ਦੇਣ ਦੀ ਲੋੜ ਹੈ। ਸਾਨੂੰ ਸਭ ਨੂੰ ਇਹ ਜ਼ਰੂਰ ਸਮਝਣਾ ਪਵੇਗਾ ਕਿ ਕੁਦਰਤ ਤੋਂ ਉੱਪਰ ਕੋਈ ਚੀਜ਼ ਨਹੀਂ ਹੈ। ਆਉ ਸਾਰੇ ਰਲਕੇ ਕੁਦਰਤੀ ਦੀ ਸੰਪੰਤੀ ਦੀ ਸੰਭਾਲ ਕਰਨ ਦਾ ਪ੍ਰਣ ਕਰੀਏ।



# ਪਿੰਡਾਂ ਨੂੰ ਪੰਚਾਇਤਾਂ ਚਲਾਉਣ, ਸਰਕਾਰ ਕਿਉਂ ਚਲਾਵੇ?



ਗੁਰਮੀਤ ਸਿੰਘ ਪਲਾਹੀ
91-98158-02070

ਭਾਰਤੀ ਸੰਵਿਧਾਨ ਵਿੱਚ 73ਵੀਂ ਸੋਧ ਅਨੁਸਾਰ ਦੇਸ਼ ਭਰ ਦੀਆਂ ਪੰਚਾਇਤਾਂ ਨੂੰ ਵੱਡੇ ਹੱਕ ਦਿੱਤੇ ਗਏ ਸਨ ਤਾਂ ਕਿ ਉਹ ਪਿੰਡਾਂ ਨਾਲ ਸੰਬੰਧਤ, ਸਰਕਾਰੀ ਮਹਿਕਮਿਆਂ ਦੇ ਕੰਮ-ਕਾਜ ਨੂੰ ਆਪਣੇ ਹੱਥਾਂ 'ਚ ਲੈ ਕੇ ਸੁਚਾਰੂ ਢੰਗ ਨਾਲ ਚਲਾ ਸਕਣ। ਪਰ ਇਹ ਸੋਧ, ਬੱਸ ਸਿਰਫ ਸੋਧ ਬਣਕੇ ਹੀ ਰਹਿ ਗਈ, ਪੰਚਾਇਤਾਂ ਪੱਲੇ ਸਰਕਾਰੀ ਅਧਿਕਾਰੀਆਂ ਅਤੇ ਹਾਕਮਾਂ ਕੁਝ ਵੀ ਨਾ ਪਾਇਆ। ਬਾਵਜੂਦ ਇਸਦੇ ਕਿ ਇਸ ਸੋਧ ਦਾ ਮੰਤਵ ਇਹ ਸੀ ਕਿ ਪਿੰਡਾਂ ਵਿੱਚ ਸਾਸ਼ਨ ਹੋਵੇ, ਪ੍ਰਸ਼ਾਸ਼ਨ ਨਹੀਂ।

ਪੰਜਾਬ ਵਿੱਚ ਪਿੰਡਾਂ ਦੇ ਪ੍ਰਬੰਧ ਅਤੇ ਵਿਕਾਸ ਲਈ ਪਿੰਡ ਪੰਚਾਇਤਾਂ ਹਨ, ਪੰਚਾਇਤ ਸੰਮਤੀਆਂ ਹਨ, ਜ਼ਿਲਾ ਪ੍ਰੀਸ਼ਦਾਂ ਹਨ, ਪਰ ਇਹਨਾ ਸਭਨਾਂ ਲੋਕਤੰਤਰੀ ਸੰਸਥਾਵਾਂ ਨੂੰ ਹਾਕਮਾਂ ਅਤੇ ਉੱਚ ਅਧਿਕਾਰੀਆਂ ਨੇ ਆਪਣੇ ਹੱਥ ਦਾ ਖਿਡੌਣਾ ਬਣਾਇਆ ਹੋਇਆ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਨੇਤਾ ਨਹੀਂ ਚਾਹੁੰਦੇ ਕਿ ਪੰਚਾਇਤਾਂ ਸਾਸ਼ਨ ਦੀ ਇਕਾਈ ਬਨਣ, ਕਿਉਂਕਿ ਇੰਜ ਕਰਨ ਨਾਲ ਉਹਨਾ ਦੀ ਨੇਤਾਗਿਰੀ ਹਲਕੀ ਪੈ ਜਾਏਗੀ। ਦੂਜੀ ਗੱਲ ਇਹ ਹੈ ਕਿ ਅਧਿਕਾਰੀ, ਜਿਹੜੇ ਆਪਣੇ ਉੱਚ ਅਧਿਕਾਰੀਆਂ ਦੇ ਥੱਲੇ ਕੰਮ ਕਰਦਾ ਹੈ ਅਤੇ ਜੋ ਹੁਕਮ ਉਸਨੂੰ ਉਪਰੋਂ ਆਉਂਦੇ ਹਨ, ਉਹ ਉਹਨਾ ਦੀ ਪਾਲਣਾ ਕਰਦਾ ਹੈ ਤਾਂ ਕਿ ਉਸਦੀ ਤਰੱਕੀ ਨਾ ਰੁਕੇ। ਉਹ ਪੰਚਾਇਤੀ ਰਾਜ ਐਕਟ ਅਨੁਸਾਰ ਬਣਾਏ ਨਿਯਮਾਂ ਨੂੰ ਛਿੱਕੇ ਟੰਗਕੇ ਆਪਣੀਆਂ ਮਨ ਆਈਆਂ ਕਰਦਾ ਹੈ। ਉਦਾਹਰਨ ਦੇ ਤੌਰ 'ਤੇ ਕੁਝ ਲੋਕ/ਸੰਸਥਾਵਾਂ ਨੇ ਪੰਚਾਇਤੀ ਜ਼ਮੀਨਾਂ ਉਤੇ ਆਪਣੇ ਸਵਾਰਥ ਲਈ ਕਬਜ਼ੇ ਕੀਤੇ ਹੋਏ ਹਨ। ਪੰਚਾਇਤਾਂ ਜਦੋਂ ਇਹ ਕਬਜ਼ੇ ਛੁਡਵਾਉਣ ਲਈ ਯਤਨ ਕਰਦੀਆਂ ਹਨ ਤਾਂ ਪਹਿਲਾਂ ਜ਼ਿਲੇ ਦਾ ਜ਼ਿਲਾ ਵਿਕਾਸ ਅਤੇ ਪੰਚਾਇਤ ਅਧਿਕਾਰੀ ਤਾਰੀਖਾਂ ਤੇ ਤਰੀਖਾਂ ਪਾਈ ਜਾਂਦਾ ਹੈ ਅਤੇ ਜਿਹੜਾ ਕੰਮ ਉਸਨੇ ਛੇ ਮਹੀਨਿਆਂ 'ਚ ਕਰਨਾ (ਐਕਟ ਅਨੁਸਾਰ) ਹੁੰਦਾ ਹੈ, ਉਸ ਲਈ ਦੋ ਤਿੰਨ ਸਾਲ ਲਗਾ ਦਿੱਤੇ ਜਾਂਦੇ ਹਨ। ਇਹੀ ਹਾਲ ਅੱਗੋਂ ਅਪੀਲ ਉਪਰੰਤ ਡਾਇਰੈਕਟਰ ਪੰਚਾਇਤਾਂ ਦੇ ਅਧਿਕਾਰੀ ਕਰਦੇ ਹਨ। ਜੇਕਰ ਅਪੀਲ ਹਾਈਕੋਰਟ ਵਿੱਚ ਚਲੀ ਜਾਵੇ ਤਾਂ ਫਿਰ ਤਾਂ ਉਸ ਜ਼ਮੀਨ ਉਤੇ ਕੀਤੇ ਕਬਜ਼ੇ ਛੁਡਾਉਣ ਲਈ ਤਾਂ "ਰੱਬ ਹੀ ਰਾਖਾ" ਹੈ।

ਪਿੰਡ ਪੰਚਾਇਤਾਂ ਦੇ ਕੰਮ ਕਾਰ ਆਮ ਤੌਰ ਤੇ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਦੇ ਦਫ਼ਤਰਾਂ ਦੇ ਪੰਚਾਇਤ ਸਕੱਤਰ, ਗ੍ਰਾਮ ਸੇਵਕ ਆਦਿ ਹੀ ਕਰਦੇ ਹਨ, ਜਿਹਨਾ ਕੋਲ ਇਕੋ ਵੇਲੇ 10 ਤੋਂ 15 ਪੰਚਾਇਤਾਂ ਦਾ ਕੰਮ ਹੁੰਦਾ ਹੈ। ਜੇਕਰ ਹਿਸਾਬ ਲਾਈਏ ਤਾਂ ਇਹ ਕਰਮਚਾਰੀ ਪਿੰਡ ਪੰਚਾਇਤਾਂ ਦੀ ਮਹੀਨੇ, ਦੋ ਮਹੀਨੇ 'ਚ ਹੋਣ ਵਾਲੀਆਂ ਮੀਟਿੰਗਾਂ 'ਚ ਹਾਜ਼ਰ ਹੀ ਨਹੀਂ ਹੋ ਪਾਉਂਦੇ, ਦਫ਼ਤਰਾਂ 'ਚ ਬੈਠਕੇ ਪੰਚਾਇਤੀ ਮਤੇ ਲਿਖਦੇ ਹਨ, ਸਰਪੰਚਾਂ, ਪੰਚਾਂ ਦੇ ਦਸਤਖ਼ਤ ਘਰੋਂ ਘਰੀਂ ਜਾਕੇ ਸਰਪੰਚ ਰਾਹੀਂ ਕਰਵਾਉਂਦੇ ਹਨ ਅਤੇ ਇੰਜ ਕਾਰਵਾਈ ਪੂਰੀ ਹੋ ਗਈ ਸਮਝਦੇ ਹਨ। ਇਹੋ ਹਾਲ ਪਿੰਡਾਂ 'ਚ ਹੁੰਦੇ ਜਨਰਲ ਇਜਲਾਸਾਂ ਆਦਿ ਦਾ ਹੈ। ਗ੍ਰਾਮ ਸਭਾਵਾਂ ਦੀਆਂ ਮੀਟਿੰਗਾਂ ਦੀ ਤਾਂ ਗੱਲ ਹੀ ਛੱਡੋ ਕਿਉਂਕਿ ਪਿੰਡਾਂ 'ਚ ਸਿਆਸੀ ਸ਼ਹਿ ਉਤੇ ਧੜੇਬੰਦੀ ਹੀ ਇਤਨੀ ਹੈ ਕਿ ਕੁਝ ਦਰਜਨ ਪਿੰਡਾਂ ਨੂੰ ਛੱਡਕੇ ਪੂਰੇ ਪੰਜਾਬ ਦੀਆਂ 13000 ਤੋਂ ਵੱਧ ਪੰਚਾਇਤਾਂ ਦੇ ਜਨਰਲ ਇਜਲਾਸ ਕਾਗਜ਼ੀਂ, ਪੱਤਰੀਂ ਹੀ ਹੁੰਦੇ ਹਨ। ਉਪਰੋਂ ਜਿਥੇ ਲੇਡੀ ਸਰਪੰਚ ਹਨ, ਉਹਨਾ ਵਲੋਂ ਆਪ ਨਹੀਂ, ਸਗੋਂ ਉਹਨਾ ਦੇ ਪਤੀ, ਪੁੱਤਰ ਜਾਂ ਹੋਰ ਕੋਈ ਉਹਨਾ ਦੇ ਪਰਿਵਾਰ ਦਾ ਨਜ਼ਦੀਕੀ ਹੀ ਸਰਪੰਚੀ ਦਾ ਕੰਮ ਕਰਦੇ ਹਨ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਪਿੰਡਾਂ ਦੇ ਚੁਣੇ ਹੋਏ ਸਰਪੰਚ, ਬੀਡੀਪੀਓ ਦਫ਼ਤਰਾਂ 'ਚ ਕਾਰਵਾਈ ਰਜਿਸਟਰ ਚੈਕ ਬੁੱਕਾਂ, ਆਪਣੇ ਪਿੰਡਾਂ ਦੇ ਵਿਕਾਸ ਦੇ ਮਤੇ ਪੁਆਉਣ ਲਈ ਚੁੱਕੀ ਫਿਰਦੇ ਦਿਖਾਈ ਦਿੰਦੇ ਹਨ। ਪਿੰਡਾਂ ਨੂੰ ਸਰਕਾਰੀ ਗ੍ਰਾਂਟਾਂ ਹਾਕਮਾਂ ਵਲੋਂ ਆਮ ਤੌਰ 'ਤੇ ਸਿਆਸੀ ਸਾਂਝ ਭਿਆਲੀ ਦੇ ਅਧਾਰ 'ਤੇ "ਬਖਸ਼ਿਸ਼" ਕੀਤੀਆਂ ਜਾਂਦੀਆਂ ਹਨ, ਤਾਂ ਕਿ ਲੋੜ ਵੇਲੇ ਵੋਟਾਂ ਲਈਆਂ ਜਾ ਸਕਣ। ਅਸਲ ਵਿੱਚ ਤਾਂ ਪਿੰਡ ਪੰਚਾਇਤਾਂ ਦਾ ਇਸ ਢੰਗ ਨਾਲ ਸਿਆਸੀਕਰਨ ਕਰ ਦਿੱਤਾ ਗਿਆ ਹੈ ਕਿ ਉਹਨਾ ਦੇ ਕੋਲ ਕੋਈ ਅਧਿਕਾਰ ਰਹਿਣ ਹੀ ਨਹੀਂ ਦਿੱਤਾ ਗਿਆ। ਇਹਨਾ ਅਧਿਕਾਰਾਂ ਦੀ ਵਰਤੋਂ ਸਰਕਾਰੀ ਅਮਲਾ ਜਾਂ ਫਿਰ ਸਿਆਸੀ ਲੋਕ ਕਰਦੇ ਹਨ, ਜਿਹੜੇ ਆਪਣੇ ਮੁੱਠੀ ਭਰ ਕਾਰਕੁਨਾਂ ਰਾਹੀਂ ਪਿੰਡ ਸ਼ਾਮਲਾਟਾਂ ਉਤੇ ਕਬਜ਼ੇ ਕਰਵਾਉਂਦੇ ਹਨ, ਉਹਨਾ ਦੇ ਕਹਿਣ ਉਤੇ ਪੈਨਸ਼ਨਾਂ,ਨੀਲੇ ਕਾਰਡ ਆਦਿ ਜਾਰੀ ਕਰਵਾਉਂਦੇ ਹਨ। ਇਸ ਤੋਂ ਵੱਡੀ ਹੋਰ ਤ੍ਰਾਸਦੀ ਕੀ ਹੋ ਸਕਦੀ ਹੈ ਕਿ ਪਿੰਡ ਪੰਚਾਇਤ, ਜਿਸਨੂੰ ਖੁਦਮੁਖਤਿਆਰ ਸੰਸਥਾ ਦਾ ਦਰਜ਼ਾ ਪੰਚਾਇਤੀ ਰਾਜ ਐਕਟਾਂ ਵਿੱਚ ਦਿੱਤਾ ਗਿਆ ਹੋਵੇ, ਉਸ ਲਈ ਪੰਚਾਇਤੀ ਰਾਜ ਮਹਿਕਮੇ ਵਲੋਂ ਵੱਖੋ-ਵੱਖਰੇ ਨਿਯਮ ਬਣਾਕੇ ਸਾਰੇ ਅਧਿਕਾਰ ਸੀਮਤ ਕਰਕੇ, ਸਰਕਾਰੀ ਕਰਮਚਾਰੀ, ਅਧਿਕਾਰੀਆਂ ਦਾ ਉਸਨੂੰ ਹੱਥ ਚੋਕਾ ਬਣਾ ਦਿੱਤਾ ਗਿਆ ਹੋਵੇ, ਜਿਹੜੇ ਹਾਕਮ ਧਿਰ ਦੇ ਇਸ਼ਾਰੇ ਤੋਂ ਬਿਨ੍ਹਾਂ ਇੱਕ ਇੱਟ ਵੀ ਪਿੰਡ 'ਚ ਨਹੀਂ ਲਗਾਉਣ ਦਿੰਦੇ। ਪੰਚਾਇਤਾਂ ਨੂੰ ਮਿਲੀਆਂ ਗ੍ਰਾਂਟਾਂ ਹੋਣ, ਪਿੰਡ ਦੀ ਪੰਚਾਇਤ ਦਾ ਸਰਪੰਚ ਜਾਂ ਪੰਚਾਇਤ ਆਪਣੀ ਮਰਜ਼ੀ ਨਾਲ ਇੱਕ ਪੈਸਾ ਵੀ ਪੰਚਾਇਤ ਫੰਡਾਂ 'ਚੋਂ ਕਢਵਾ ਨਹੀਂ ਸਕਦਾ, ਸਾਰੇ ਖਰਚੇ ਬੀਡੀਪੀਓ ਪੰਚਾਇਤ ਸਕੱਤਰਾਂ, ਗ੍ਰਾਮ ਸੇਵਾਕਾਂ ਦੇ ਰਹਿਮੋ-ਕਰਮ ਉਤੇ ਖਰਚੇ ਦੀ ਹੱਦ ਮਿਥਕੇ ਕਰ ਦਿੱਤੇ ਗਏ ਹੋਏ ਹਨ। ਅਸਲ 'ਚ ਪੰਚਾਇਤੀ ਰਾਜ ਸਿਰਫ਼ ਨਿਯਮ ਜਾਂ ਕਾਇਦੇ-ਕਾਨੂੰਨ ਨਾਲ ਨਹੀਂ ਨੌਕਰਸ਼ਾਹੀ ਦੇ ਬਲਬੂਤੇ ਉਤੇ ਚੱਲ ਰਿਹਾ ਹੈ। ਕੀ ਪੰਚਾਇਤਾਂ ਵਲੋਂ ਉਹਨਾ ਲੋਕਾਂ ਨੂੰ ਸਮਾਜਿਕ ਇਨਸਾਫ ਮਿਲ ਰਿਹਾ ਹੈ, ਜਿਹਨਾਂ ਨੂੰ ਇਹ ਇਨਸਾਫ ਚਾਹੀਦਾ ਹੈ? ਕੀ ਉਹਨਾ ਲੋਕਾਂ ਨੂੰ ਬੁਢਾਪਾ,ਵਿਧਵਾ ਪੈਨਸ਼ਨ ਮਿਲ ਰਹੀ ਹੈ, ਜਿਹਨਾ ਨੂੰ ਚਾਹੀਦੀ ਹੈ? ਕੀ ਆਂਗਨਵਾੜੀ ਕੇਂਦਰਾਂ ਵਿੱਚ ਬੱਚੇ ਜਾ ਰਹੇ ਹਨ? ਕੀ ਜ਼ਰੂਰਤਮੰਦਾਂ ਨੂੰ ਮਕਾਨ ਮਿਲ ਰਹੇ ਹਨ? ਇਹਨਾ ਸਵਾਲਾਂ ਦੇ ਜਵਾਬ ਹੈ ਹੀ ਕੋਈ ਨਹੀਂ।

ਪੰਚਾਇਤੀ ਰਾਜ ਵਿਵਸਥਾ ਦਾ ਮੁੱਖ ਕੰਮ ਸਮਾਜਿਕ ਇਨਸਾਫ ਅਮਲ ਵਿੱਚ ਲਿਆਉਣਾ ਹੈ। ਪਰ ਪੰਚਾਇਤ ਇਸ "ਪਵਿੱਤਰ ਕੰਮ" ਨੂੰ ਛੱਡਕੇ ਹੋਰ ਕੰਮ ਕਰ ਰਹੀਆਂ ਹਨ। ਕਿੰਨੀਆਂ ਕੁ ਪੰਚਾਇਤਾਂ ਹਨ,ਜੋ ਆਪਣੇ ਤੌਰ 'ਤੇ ਪਿੰਡਾਂ ਵਿੱਚ ਸਿੱਖਿਆ, ਸਿਹਤ ਸਹੂਲਤ ਪਿੰਡ ਵਾਸੀਆਂ ਨੂੰ ਪ੍ਰਦਾਨ ਕਰਨ ਲਈ ਯਤਨਸ਼ੀਲ ਹਨ। ਹਾਂ, ਪੰਜਾਬ ਦੇ ਪ੍ਰਵਾਸੀ ਪੰਜਾਬੀਆਂ ਨੇ ਪੰਚਾਇਤਾਂ ਨਾਲ ਰਲਕੇ ਪਿੰਡਾਂ 'ਚ ਵਰਨਣ ਯੋਗ ਕੰਮ ਕੀਤਾ ਹੈ। ਹਸਪਤਾਲਾਂ, ਸਕੂਲਾਂ ਦੀਆਂ ਇਮਾਰਤਾਂ ਉਸਾਰੀਆਂ ਹਨ। ਅੰਡਰ ਗਰਾਊਂਡ ਸੀਵਰੇਜ ਸਿਸਟਮ, ਸਟੇਡੀਅਮ, ਸ਼ਮਸ਼ਾਨ ਘਾਟ ਆਦਿ ਉਸਾਰੇ ਹਨ। ਕੁਝ ਪਿੰਡਾਂ ਨੂੰ ਮਾਡਲ ਪਿੰਡ ਬਣਾਇਆ ਹੈ। ਪਰ ਪੰਜਾਬ ਦਾ ਕੋਈ ਵੀ ਮੈਂਬਰ ਪਾਰਲੀਮੈਂਟ ਇਹੋ ਜਿਹਾ ਨਹੀਂ, ਜਿਸਨੇ ਕੇਂਦਰੀ ਸਕੀਮ ਅਧੀਨ ਕਿਸੇ ਪਿੰਡ ਨੂੰ ਵਿਕਸਤ ਕਰਨ ਲਈ ਚੁਣਿਆ ਹੋਵੇ ਅਤੇ ਉਥੇ ਵਿਕਾਸ ਦੇ ਉਹ ਸਾਰੇ ਕੰਮ ਕਰਵਾਏ ਹੋਣੇ, ਜਿਸਦੀ ਤਵੱਕੋਂ ਮੋਦੀ ਸਰਕਾਰ ਨੇ ਇਹਨਾ ਮੈਂਬਰ ਪਾਰਲੀਮੈਂਟਾਂ ਤੋਂ ਕੀਤੀ ਸੀ।

ਹਰ ਪਿੰਡ ਦੀ ਆਪਣੀ ਗ੍ਰਾਮ ਸਭਾ ਹੈ। ਜਿਸਦੀ ਬਣਤਰ ਅਤੇ ਹੱਕ ਇਹੋ ਜਿਹੇ ਹਨ ਕਿ ਪਿੰਡ ਦਾ ਹਰ ਵੋਟਰ ਇਸਦਾ ਮੈਂਬਰ ਹੈ ਅਤੇ ਉਹ ਪੰਚਾਇਤ ਮੀਟਿੰਗ ਵਿੱਚ ਆਪਣੀ ਰਾਏ ਰੱਖ ਸਕਦਾ ਹੈ। ਇਸ ਗ੍ਰਾਮ ਸਭਾ (ਭਾਵ ਵੋਟਰਾਂ) ਵਿਚੋਂ ਹੀ ਪਿੰਡ ਪੰਚਾਇਤ ਚੁਣੀ ਜਾਂਦੀ ਹੈ। ਭਾਵੇਂ ਕਿ ਗ੍ਰਾਮ ਸਭਾ ਨੂੰ ਇਹ ਅਧਿਕਾਰ ਹੈ ਕਿ ਉਹ ਪਿੰਡ ਪੰਚਾਇਤ ਦਾ ਬਜ਼ਟ ਪਾਸ ਕਰੇ, ਪਿੰਡਾਂ ਦੇ ਵਿਕਾਸ ਕਾਰਜਾਂ ਦੀ ਰੂਪ-ਰੇਖਾ ਤਿਆਰ ਕਰੇ ਅਤੇ ਪੰਚਾਇਤ ਦੀ ਆਮਦਨ ਖ਼ਰਚ ਬਾਰੇ ਪਿੰਡ ਪੰਚਾਇਤ ਤੋਂ ਲੋੜੀਂਦੀ ਜਾਣਕਾਰੀ ਹਾਸਲ ਕਰੇ। ਪਰ ਜ਼ਮੀਨੀ ਤੌਰ 'ਤੇ ਪਿੰਡਾਂ 'ਚ ਵੱਡੇ ਅਧਿਕਾਰ ਹੋਣ ਦੇ ਬਾਵਜੂਦ ਵੀ ਇਸ ਗ੍ਰਾਮ ਸਭਾ ਦੀ ਕੋਈ ਪੁੱਛ-ਗਿੱਛ ਹੀ ਨਹੀਂ ਰਹਿਣ ਦਿੱਤੀ ਗਈ। ਪਿੰਡ ਦੀ ਪੰਚਾਇਤ, ਜਿਸਨੂੰ ਫੌਜ਼ਦਾਰੀ ਕੇਸ ਸੁਣਨ ਦੇ ਅਧਿਕਾਰ ਹਨ, ਪਿੰਡ ਦੀ ਸ਼ਾਮਲਾਟ ਜ਼ਮੀਨ ਤੋਂ ਕਬਜ਼ਾ ਛੁਡਾਉਣ ਦੇ ਹੱਕ ਹਨ, ਪਿੰਡ ਦੇ ਨਸ਼ਾ ਬੰਦੀ ਦਾ ਹੱਕ ਹੈ, ਪਰ ਇਹ ਸਾਰੇ ਹੱਕ ਸਿਰਫ਼ ਕਾਗਜ਼ਾਂ ਵਿੱਚ ਹੀ ਹਨ, ਅਮਲੀ ਤੌਰ 'ਤੇ ਤਾਂ ਇਹਨਾ ਦੀ ਵਰਤੋਂ ਪੁਲਿਸ ਪ੍ਰਸ਼ਾਸ਼ਨ, ਵਿਕਾਸ ਅਫ਼ਸਰ, ਜਾਂ ਐਸ.ਡੀ.ਐਮ. ਆਦਿ ਕਰਦੇ ਹਨ। ਫੌਜਦਾਰੀ ਦੇ ਮਾਮਲਿਆਂ 'ਚ ਬਹੁਤੀ ਵੇਰ ਪੰਚਾਇਤਾਂ ਦੀ ਥਾਣਿਆਂ 'ਚ ਸੁਣਵਾਈ ਤੱਕ ਨਹੀਂ ਹੁੰਦੀ। ਵਿਕਾਸ ਦਫ਼ਤਰਾਂ ਜਾਂ ਪ੍ਰਬੰਧਕੀ ਦਫ਼ਤਰਾਂ ਜਾਂ ਮਹਿਕਮਿਆਂ ਦੇ ਦਫ਼ਤਰਾਂ 'ਚ ਸਹੀ ਮਾਅਨਿਆਂ 'ਚ ਉਹਨਾ ਨੂੰ ਪੁੱਛਿਆ ਤੱਕ ਨਹੀਂ ਜਾਂਦਾ। ਅਸਲ ਵਿੱਚ ਪੰਚਾਇਤਾਂ ਸਿਆਸਤਦਾਨਾਂ ਲਈ ਵੋਟਾਂ ਵਟੋਰਨ ਦਾ ਅਤੇ ਅਧਿਕਾਰੀਆਂ ਲਈ ਪੰਚਾਇਤਾਂ ਦੇ ਹੱਕਾਂ ਦਾ ਹਰਨ ਕਰਕੇ, ਉੱਚ ਅਧਿਕਾਰੀਆਂ ਅਤੇ ਹਾਕਮਾਂ ਨੂੰ ਖੁਸ਼ ਕਰਨ ਦਾ ਸਾਧਨ ਬਣਕੇ ਰਹਿ ਗਈਆਂ ਹਨ।

ਪੰਜਾਬ ਦੇ ਗਿਣਵੇਂ ਪਿੰਡਾਂ ਨੂੰ ਛੱਡਕੇ, ਬਾਕੀ ਪਿੰਡਾਂ ਦੀ ਹਾਲਤ ਬਹੁਤ ਭੈੜੀ ਹੈ। ਆਜ਼ਾਦੀ ਤੋਂ ਸੱਤਰ ਵਰ੍ਹਿਆਂ ਬਾਅਦ ਵੀ , ਗੰਦੇ ਪਾਣੀ ਜਾਂ ਛੱਪੜਾਂ ਕਾਰਨ ਪਿੰਡਾਂ 'ਚ ਸਫਾਈ ਦੇ ਹਾਲਾਤ ਬਦਤਰ ਹਨ। ਹੁਣ ਤੱਕ ਵੀ ਪਿੰਡਾਂ ਦੇ ਵਿਕਾਸ ਨੂੰ ਸਿਰਫ ਗਲੀਆਂ, ਨਾਲੀਆਂ ਪੱਕੀਆਂ ਕਰਨ, ਛੱਪੜਾਂ ਨੂੰ ਗਰਾਊਂਡਾਂ 'ਚ ਬਦਲਣ, ਜਾਂ ਫਿਰ ਸ਼ਮਸ਼ਾਨ ਘਾਟ ਉਸਾਰਨ ਤੱਕ ਸੀਮਤ ਕਰਕੇ ਰੱਖ ਦਿੱਤਾ ਗਿਆ। ਗਿਣਤੀ ਦੇ ਪਿੰਡਾਂ 'ਚ ਅੰਡਰਗਰਾਉਂਡ ਸੀਵਰੇਜ ਸਿਸਟਮ ਜਾਂ ਟਰੀਟਮੈਂਟ ਪਲਾਂਟ ਹਨ। ਬਰਸਾਤੀ ਪਾਣੀ ਦੀ ਰੀਚਾਰਚਿੰਗ ਲਈ ਛੱਪੜਾਂ ਦੀ ਕਮੀ ਹੈ, ਜਿਹੜੇ ਛੱਪੜ ਹੈ ਵੀ ਹਨ, ਉਹਨਾ ਉਤੇ ਕਬਜੇ ਹੋ ਰਹੇ ਹਨ, ਜਾਂ ਉਹਨਾ ਨੂੰ ਮਿੱਟੀ ਪਾਕੇ ਪੂਰਿਆ ਜਾ ਰਿਹਾ ਹੈ। ਪਿੰਡਾਂ ਦੀਆਂ ਸਕੂਲ ਇਮਰਤਾਂ ਦੇ ਹਾਲਤ ਮੰਦੇ ਹਨ। ਸਿਹਤ ਸਹੂਲਤਾਂ ਲਈ ਬਣਾਈਆਂ ਡਿਸਪੈਂਸਰੀਆਂ ਦੀਆਂ ਇਮਾਰਤਾਂ ਅਤੇ ਹੋਰ ਬੁਨਿਆਦੀ ਢਾਂਚਾ ਨਾ ਹੋਣ ਬਰੋਬਰ ਹੈ। ਖੇਡ ਮੈਦਾਨ, ਸਟੇਡੀਅਮ ਤਾਂ ਸਿਰਫ਼ ਕੁਝ ਪਿੰਡਾਂ 'ਚ ਹੀ ਹਨ। ਅਨਾਜ ਸਟੋਰੇਜ ਲਈ ਕੋਲਡ ਸਟੋਰੇਜ ਦੀ ਕਮੀ ਹੈ। ਪਿੰਡਾਂ ਦੀਆਂ ਸਹਿਕਾਰੀ ਸੁਸਾਇਟੀਆਂ ਕੁਝ ਲੋਕਾਂ ਦੇ ਹੱਥਾਂ ਵਿੱਚ ਹੋਣ ਕਾਰਨ, ਲੋਕਾਂ ਨੂੰ ਜ਼ਰੂਰੀ ਸੁਵਿਧਾਵਾਂ ਦੇਣ ਤੋਂ ਆਕੀ ਹਨ। ਪਿੰਡਾਂ 'ਚ ਸਟਰੀਟ ਲਾਈਟਾਂ ਨਹੀਂ ਹਨ। ਪਸ਼ੂਆਂ ਦੇ ਹਸਪਤਾਲ ਨਹੀਂ ਹਨ। ਇਸ ਤੋਂ ਵੀ ਵੱਡੀ ਗੱਲ ਤਾਂ ਇਹ ਹੈ ਕਿ ਲੋਕਾਂ ਕੋਲ ਪੂਰੇ ਸਮੇਂ ਦਾ ਰੁਜ਼ਗਾਰ ਹੀ ਨਹੀਂ ਹੈ।

ਇਹੋ ਜਿਹੇ ਹਾਲਾਤਾਂ ਵਿੱਚ ਪੰਚਾਇਤਾਂ ਦੇ ਫ਼ਰਜ਼, ਪਿੰਡ ਸਾਸ਼ਨ ਲਈ ਵਧੇਰੇ ਹਨ। ਜੇਕਰ ਪਿੰਡ ਪੰਚਾਇਤਾਂ ਨੂੰ ਸੱਚੀਂ-ਮੁੱਚੀਂ ਖੁੱਲ੍ਹੇ ਅਧਿਕਾਰ ਹੋਣ, ਪੰਚਾਇਤਾਂ ਖੁਲ੍ਹੇ ਇਜਲਾਸ ਵਿੱਚ ਪਿੰਡਾਂ ਦੇ ਵਿਕਾਸ ਕਾਰਜਾਂ ਦਾ ਖਾਕਾ ਤਿਆਰ ਕਰਨ। ਨੌਜਵਾਨਾਂ ਦੇ ਸਵੈ-ਰੁਜ਼ਗਾਰ ਲਈ ਛੋਟੇ-ਛੋਟੇ ਸਹਿਕਾਰੀ ਗਰੁੱਪ ਬਣਕੇ ਕੰਮ ਖੋਲੇ ਜਾਣ। ਪੰਚਾਇਤਾਂ ਵਾਜਬ ਲੋੜੀਂਦੇ ਟੈਕਸ ਲਗਾਉਣ। ਆਪਣੀ ਸ਼ਾਮਲਾਟ ਜ਼ਮੀਨ ਠੇਕੇ ਤੇ ਦੇਕੇ ਜਾਂ ਸਹਿਕਾਰੀ ਖੇਤਰ 'ਚ ਲਿਆਕੇ ਉਸਦੀ ਬੀਜ ਬਿਜਾਈ ਕਰਕੇ ਕੁਝ ਨੌਜਵਾਨਾਂ ਨੂੰ ਰੁਜ਼ਗਾਰ ਦੇਵੇ। ਆਮਦਨ ਦੇ ਸਾਧਨ ਵੀ ਪੈਦਾ ਕਰੇ। ਇਸੇ ਆਮਦਨ ਨੂੰ ਲੋਕ ਭਲਾਈ ਕੰਮਾਂ ਜਿਸ ਵਿੱਚ ਸਿਹਤ, ਸਿੱਖਿਆ ਸਹੂਲਤਾਂ ਅਤੇ ਵਾਤਾਵਰਨ ਸੁਧਾਰ ਸ਼ਾਮਲ ਹਨ, ਲਈ ਵਰਤੇ।

ਇਹ ਤਦੇ ਸੰਭਵ ਹੋ ਸਕੇਗਾ ਜੇ ਪੰਚਾਇਤਾਂ ਨੂੰ ਸ਼ਾਸ਼ਨ ਦਾ ਹੱਕ ਮਿਲੇ ਅਤੇ ਪ੍ਰਸ਼ਾਸ਼ਨ ਪੰਚਾਇਤਾਂ ਦੇ ਅਧਿਕਾਰ 'ਚ ਬਿਨ੍ਹਾਂ ਵਜਾਹ ਦਖ਼ਲ ਨਾ ਦੇਵੇ। ਮਹਾਤਮਾ ਗਾਂਧੀ, ਰਾਮ ਮਨੋਹਰ ਲੋਹੀਆ ਅਤੇ ਜੈ ਪ੍ਰਕਾਸ਼ ਨਰਾਇਣ ਦੀ ਮਨਸ਼ਾ ਸੀ ਕਿ ਪਿੰਡ ਵਿੱਚ ਸ਼ਾਸ਼ਨ ਹੋਵੇ, ਪ੍ਰਸ਼ਾਸ਼ਨ ਨਹੀਂ।

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE.
WE PROVIDE ALL TRUCKING RELATED PERMITS AND SERVICES
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
2680 N TRACY BLVD, SUITE 4, TRACY, CA 95376

# ਸੇਵਾ-ਮੁਕਤ ਦਲਿਤ ਅਫਸਰਾਂ ਦੇ ਸਰੋਕਾਰ

ਪੰਜਾਬ ਦੇ ਵਧੇਰੇ ਸੀਨੀਅਰਦਲਿਤ ਅਧਿਕਾਰੀ ਸੇਵਾ-ਮੁਕਤੀ ਤੋਂ ਬਾਅਦਪੰਜਾਬ ਦੇ ਅਤਿਅਧੁਨਿਕ ਸ਼ਹਿਰ ਮੋਹਾਲੀ ਵਿੱਚ ਵਸੇ ਹੋਏ ਹਨ। ਕੁਝ ਕੁ ਚੰਡੀਗੜ੍ਹ ਅਤੇ ਪੰਚਕੂਲਾ ਵਿੱਚ ਵੀ ਵਸੇ ਹਨ। ਜਿਆਦਾਤਰ ਅਫਸਰ ਆਪਣੇ ਘਰਾਂ ਵਿੱਚ ਟੀ.ਵੀ. ਦੇਖਣ, ਤਾਸ਼ ਖੇਡਣ ਅਤੇ ਸ਼ਾਮ ਨੂੰ ਦਾਰੂ ਪੀਣ ਵਿੱਚ ਮਸਤ ਦੇਖੇ ਗਏ ਹਨ। ਇਹ ਹਾਲ ਪੰਜਾਬ ਦੇ ਰਿਟਾਇਰਡ ਦਲਿਤ ਅਫਸਰਾਂ ਦਾ ਹੀ ਨਹੀਂ ਪੂਰੇ ਭਾਰਤ ਵਿੱਚ ਇਹੀ ਹਾਲ ਹੈ। ਜੇਕਰ ਕੁਝ ਲੋਕ ਸਰਗਰਮ ਹਨਤਾਂ ਉਹ ਸਮੇਂ ਦੀਆਂ ਸਰਕਾਰਾਂ ਵਿੱਚ ਕੋਈ ਨਾ ਕੋਈ ਜੁਗਾੜਲਾ ਕੇ ਸੇਵਾ-ਮੁਕਤੀ ਤੋਂ ਬਾਅਦ ਅਹੁਦੇ ਦੀ ਝਾਕ ਰੱਖਦੇ ਹਨ। ਕਈ ਰਾਜਨੀਤੀ ਵਿੱਚ ਐਮ.ਐਲ.ਏ. ਅਤੇ ਐਮ.ਪੀ.ਬਣਨਾ ਲੋਚਦੇ ਹਨ। ਜੇਕਰ ਇਹੋ ਜਿਹਾ ਕੋਈ ਵਿਅਕਤੀ ਚੁਣਿਆ ਵੀ ਜਾਂਦਾ ਹੈ ਤਾਂ ਸਮਾਜ ਭਲਾਈ ਦਾ ਕੰਮ ਕਰਦਾ ਕਿਧਰੇ ਵੀ ਨਜਰ ਨਹੀਂ ਆਉਂਦਾ। ਡਾ. ਐਮ. ਐਲ. ਪ੍ਰੀਹਾਰ ਨੇ ਜੈਪੁਰ ਤੋਂ ਦੱਸਿਆ ਕਿ ਬਹੁਤ ਸਾਰੇ ਸੇਵਾ-ਮੁਕਤ ਅਫਸਰ ਅੰਬੇਡਕਰ ਪਾਰਕ ਵਿੱਚ ਵੀਹ-ਵੀਹ ਲੋਕਾਂ ਦੇ ਝੁੰਡ ਵਿੱਚ ਤਾਸ਼ ਖੇਲਦੇ ਨਜ਼ਰ ਆਉਂਦੇ ਹਨ। ਸਮਾਜਿਕ ਸਰੋਕਾਰਾਂ ਤੋਂ ਦੂਰ ਉਨ੍ਹਾਂ ਲੋਕਾਂ ਦੀ ਦੁਨੀਆਂ ਤਾਸ਼ ਦੇ ਪੱਤਿਆਂ ਦੁਆਲੇ ਘੁੰਮਦੀ ਰਹਿੰਦੀ ਹੈ। ਇਹ ਦਾਸਤਾਨ ਇਕੱਲੇ ਜੈਪੁਰ ਦੀ ਨਹੀਂ ਹੈ, ਭਾਰਤ ਦੇ ਬਹੁਤ ਸਾਰੇ ਸ਼ਹਿਰਾਂ ਦੀ ਹੈ।

ਕੋਈ ਸਮਾਂ ਸੀ ਜਦੋਂ ਡਾ. ਅੰਬੇਡਕਰ ਵਰਗੇ ਸ਼ਖਸ਼ ਨੂੰ ਵੀ ਕਲਾਸ ਰੂਮ ਦੇ ਦਰਵਾਜੇ ਕੋਲ ਬੈਠ ਕੇ ਬਾਕੀ ਵਿਦਿਆਰਥੀਆਂ ਤੋਂ ਦੂਰ ਵਿੱਦਿਆ ਗ੍ਰਹਿਣ ਕਰਨੀ ਪਈ ਸੀ। ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਬਾਬਾ ਸਾਹਿਬ ਡਾ. ਅੰਬੇਡਕਰ ਪੂਰੇ ਭਾਰਤ ਵਿੱਚ ਦਸਵੀਂ ਪਾਸ ਕਰਨ ਵਾਲੇ ਪਹਿਲੇ ਦਲਿਤ ਵਿਦਿਆਰਥੀ ਬਣੇ। ਤੰਗੀਆਂ-ਤੁਰਸ਼ੀਆਂ, ਵਿਤਕਰਾ, ਛੂਆ-ਛਾਤ ਅਤੇ ਥੋੜਾਂ ਸਹਿੰਦਿਆਂ ਬਾਲਕ ਭੀਮਰਾਓ ਅੰਬੇਡਕਰ ਸਕੂਲ, ਕਾਲਜ ਅਤੇ ਵਿਦੇਸ਼ੀ ਯੂਨੀਵਰਸਿਟੀਆਂ ਤੋਂ ਅਜਿਹੀ ਵਿੱਦਿਆ ਹਾਸਲ ਕਰਨ ਵਿੱਚ ਕਾਮਯਾਬ ਹੋ ਗਿਆ ਜਿਹੋ ਜਿਹੀ ਪੂਰੇ ਭਾਰਤ ਵਿੱਚ ਕਿਸੇ ਸਵਰਨ ਜਾਤੀ ਦਿਦਿਆਰਥੀ ਕੋਲ ਵੀ ਨਹੀਂ ਸੀ। ਫਿਰ ਸਿਲਸਿਲਾ ਸ਼ੁਰੂ ਹੋਇਆ ਸਮਾਜ ਸੁਧਾਰ ਦਾ, ਦੇਸ਼ ਦੇ ਸੰਵਿਧਾਨ ਲਿਖਣ ਦਾ, ਦੇਸ਼ ਵਿੱਚ ਅਨੇਕਾਂ ਕਾਨੂੰਨੀ ਸੁਧਾਰ ਲਿਆਉਣ ਦਾ, ਔਰਤਾਂ ਦੀ ਅਜ਼ਾਦੀ ਦਾ ਅਤੇ ਅਛੂਤਾ ਦੀ ਅਜ਼ਾਦੀ ਦਾ। ਬਾਬਾ ਸਾਹਿਬ ਨੇ ਇਕੱਲਿਆਂ ਹੀ ਮਾਨਵਤਾ, ਔਰਤਾਂ ਅਤੇ ਅਛੂਤਾਂ ਲਈ ਇਤਨਾ ਕੁਝ ਕਰ ਦਿਖਾਇਆ ਜਿੰਨਾ ਸਾਰੇ ਅਜ਼ਾਦੀ ਘੁਲਾਟੀਏ ਮਿਲ ਕੇ ਵੀ ਨਾ ਕਰ ਪਾਏ।

ਬਾਬਾ ਸਾਹਿਬ ਨੇ ਹਿੰਦੂ ਬਨਾਰਸ ਯੂਨੀਵਰਸਿਟੀ ਅਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਪੈਟਰਨ ਤੇ ਦਲਿਤਾਂ ਲਈ ਯੂਨੀਵਰਸਿਟੀ ਖੋਲ੍ਹਣ ਦੀ ਬਿਜਾਏ ਦੋ ਬੈਚ ਦਲਿਤ ਵਿਦਿਆਰਥੀਆਂ ਦੇ ਵਿਦੇਸ਼ ਪੜ੍ਹਨ ਭੇਜੇ ਤਾਂ ਜੋ ਉਹ ਸਾਰੇ ਵਾਪਸ ਆ ਕੇ ਆਪਣੇ ਸਮਾਜ ਨੂੰ ਜ਼ਿੱਲ੍ਹਣ 'ਚੋਂ ਕੱਢਣ ਲਈ ਕੰਮ ਕਰਨ। ਬਹੁਤੇ ਦਲਿਤ ਵਿਦਿਆਰਥੀ ਪੜ੍ਹ ਕੇ ਵਿਦੇਸ਼ਾਂ ਵਿੱਚ ਹੀ ਸੈਟਲ ਹੋ ਗਏ ਜਾਂ ਵਾਪਸ ਆ ਕੇ ਕਾਂਗਰਸ ਨੇ ਉਨ੍ਹਾਂ ਨੂੰ ਲਪਕ ਲਿਆ ਅਤੇ ਉਹ ਆਪਣੇ ਸੁੱਖ ਅਰਾਮ ਵਿੱਚ ਮਸਤ ਹੋ ਗਏ। ਡਾ. ਅੰਬੇਡਕਰ ਨੇ ਸੋਚਿਆ ਸੀ ਕਿ ਜੇਕਰ ਉਹ ਵਿਦੇਸ਼ਾਂ ਦੀ ਅਜ਼ਾਦ ਫਿਜ਼ਾ ਵਿੱਚ ਜਾਤੀਵਾਦੀ ਅਤੇ ਮਨੂੰਵਾਦੀ ਸਿਸਟਮ ਤੋਂ ਦੂਰ ਰਹਿ ਕੇ, ਪੜ੍ਹ ਕੇ ਆਪਣੇ ਸਮਾਜ ਲਈ ਇਤਨਾ ਕੁਝ ਕਰ ਸਕਦਾ ਹੈ ਤਾਂ ਦਸ-ਵੀਹ ਦਲਿਤ ਵਿਦਿਆਰਥੀ ਤਾਂ ਸਮਾਜਿਕ ਪ੍ਰੀਵਰਤਨ ਦਾ ਹੜ੍ਹ ਲੈ ਆਉਣਗੇ। ਪਰ ਬਾਬਾ ਸਾਹਿਬ ਦੀ ਇਸ ਉਮੀਦ ਨੂੰ ਬੂਰ ਨਾ ਪਿਆ ਅਤੇ ਉਨ੍ਹਾਂ ਨੂੰ ਭਰੇ ਮਨ ਨਾਲ ਕਹਿਣਾ ਪਿਆ ਸੀ ਕਿ "ਮੈਨੂੰ ਮੇਰੇ ਪੜ੍ਹੇ-ਲਿਖੇ ਲੋਕਾਂ ਨੇ ਧੋਖਾ ਦਿੱਤਾ ਹੈ"।

ਇਹੀਹਾਲਅੱਜਦਲਿਤਅਫਸਰਾਂ ਦਾ ਹੈ। ਨੌਕਰੀਆਂ ਵਿੱਚ ਰਹਿੰਦਿਆਂ ਉਹ ਆਪਣੀ ਜਾਤ ਛੁਪਾਉਣ ਵਿੱਚ ਲੱਗੇ ਰਹਿੰਦੇ ਹਨ। ਭਾਵੇਂ ਉਨ੍ਹਾਂ ਦੀ ਜਾਤੀ ਬਾਰੇ ਉੱਪਰ-ਥੱਲੇ ਸਭ ਨੂੰ ਪਤਾ ਹੁੰਦਾ ਹੈ ਪਰ ਉਹ ਭਰਮ ਪਾਲਦੇ ਰਹਿੰਦੇ ਹਨ ਕਿ ਕਿਸੇ ਨੂੰ ਨਹੀਂ ਪਤਾ। ਕਈ ਤਾਂ ਆਪਣੇ ਸਮਾਜ ਦੇ ਹੋਰ ਅਫਸਰਾਂ ਤੱਕ ਵੀ ਘੁਲਦੇ ਮਿਲਦੇ ਨਹੀਂ, ਕਈ ਜਾਤੀ ਅਧਾਰਤ ਵਿਸ਼ਿਆਂ ਤੇ ਚੁੱਪ ਰਹਿੰਦੇ ਹਨ ਅਤੇ ਕਿਸੇ ਵੀਤਰਾਂ ਦੀ ਟਿੱਪਣੀ ਤੋਂ ਗੁਰੇਜ਼ ਕਰਦੇ ਹਨਤਾਂ ਕਿ ਉਨ੍ਹਾਂ ਦੀ ਜਾਤੀ ਨਸ਼ਰ ਨਾ ਹੋ ਜਾਵੇ। ਪੰਜਾਬ ਵਿੱਚ ਪੈਦਾ ਹੋਏ ਦਲਿਤ ਸਿੱਖ ਬਾਹਰਲੇ ਸੂਬਿਆਂ ਵਿੱਚ 'ਸਿੰਘ ਸਾਹਿਬ' ਦੇ ਨਾਂ ਨਾਲ ਜਾਣੇ ਜਾਣਾ ਵਧੇਰੇ ਪਸੰਦ ਕਰਦੇ ਹਨ। ਇੱਕ ਸੀਨੀਅਰ ਰਿਟਾਇਰਡ ਅਧਿਕਾਰੀ ਨੇ ਬੜੇ ਫਖ਼ਰ ਨਾਲ ਦੱਸਿਆ ਕਿ ਕਈ ਦੱਖਣ ਭਾਰਤ ਦੇ ਮੰਦਰਾਂ ਵਿੱਚ ਜਦੋਂ ਉਸ ਦੀ ਜਾਤ ਪੁੱਛੀ ਗਈ ਤਾਂ ਉਸ ਨੇ ਸਿਰਫ ਇਹੀ ਕਿਹਾ ਕਿ ਉਸ ਦੀ ਜਾਤੀ ਸਿੰਘ ਹੈ। ਅਜਿਹੇ ਅਫਸਰਾਂ ਦੀ ਮਾਨਸਿਕਤਾ ਦੇਖ ਕੇ ਗੁਰੂ ਰਵਿਦਾਸ ਜੀ ਦੀ ਦਲੇਰੀ ਅਤੇ ਸਚਾਈ ਵਾਰ-ਵਾਰ ਸਾਹਮਣੇ ਆਉਂਦੀ ਹੈ ਜਦੋਂ ਉਹ ਗੁਰਬਾਣੀ ਵਿੱਚ ਕਹਿੰਦੇ ਹਨ, ਕਹਿ ਰਵਿਦਾਸ ਚਮਾਰਾ, ਮੇਰੀ ਜਾਤ ਕੁਟ ਬਾਂਢਲਾ ਢੋਰ ਢਵੰਤਾ, ਕਹਿ ਰਵਿਦਾਸ ਖਲਾਸ ਚਮਾਰਾ ਆਦਿ ॥ ਕੀ ਬਾਬਾ ਸਾਹਿਬ ਦੀ ਜਾਤ ਬਾਰੇ ਡਾ. ਸਵਿਤਾ ਭਾਰਦਵਾਜ ਨੂੰ ਨਹੀਂ ਸੀ ਪਤਾ ਜਦੋਂ ਉਨ੍ਹਾਂ 1948 ਵਿੱਚ ਬਾਬਾ ਸਾਹਿਬ ਨਾਲ ਵਿਆਹ ਕਰਵਾ ਲਿਆ। ਡਾ. ਸਵਿਤਾ ਅੰਬੇਡਕਰ (ਵਿਆਹ ਤੋਂ ਬਾਅਦ) ਜਨਮ ਤੋਂ ਇੱਕ ਉੱਚ ਜਾਤੀ ਬ੍ਰਾਹਮਣ ਸੀ।

ਦਲਿਤ ਸਮਾਜ ਵਿੱਚ ਜਨਮੇ ਅਫਸਰਾਂ ਦਾ ਫਰਜ ਬਣਦਾ ਸੀ ਕਿ ਉਹ ਧੰਨ ਦੌਲਤ ਦਾ ਸੁੱਖ, ਕੋਠੀਆਂ ਦਾ ਸੁੱਖ, ਕਾਰਾਂ ਦਾ ਸੁੱਖ ਅਤੇ ਹੋਰ ਸੁੱਖ ਸੁਵਿਧਾਵਾਂ ਵਿੱਚ ਨਾ ਫਸ ਕੇ ਸਮਾਜ ਦੇ ਲੋਕਾਂ ਦੀ ਉੱਗਲੀ ਫੜਦੇ। ਉਨ੍ਹਾਂ ਨੂੰ ਅਨਪੜ੍ਹਤਾ, ਅੰਧ-ਵਿਸ਼ਵਾਸ਼, ਗਰੀਬੀ ਅਤੇ ਬੇਰੁਜਗਾਰੀ ਵਿੱਚੋਂ ਕੱਢਦੇ। ਅੱਜ ਵੀ ਦਲਿਤਾਂ ਨਾਲ ਸਕੂਲਾਂ, ਕਾਲਜਾਂ ਅਤੇ ਦਫਤਰਾਂ ਵਿੱਚ ਬੇ-ਇਨਸਾਫੀ ਅਤੇ ਅਨਿਆਂ ਹੋ ਰਿਹਾ ਹੈ। ਦਲਿਤ ਅਫਸਰ ਅਜਿਹੇ ਅਨਿਆਂ ਖਿਲਾਫ ਅਵਾਜ਼ ਨਹੀਂ ਉਠਾਉਂਦੇ ਅਤੇ ਨਾ ਹੀ ਆਪਣੇ ਸਮਾਜ ਨਾਲ ਖੜ੍ਹਦੇ ਹਨ। ਕਈ ਦਲਿਤ ਅਫਸਰ ਤਾਂ ਆਪਣੇ ਸਮਾਜ ਦੇ ਮੁਲਾਜ਼ਮਾਂ ਅਤੇ ਮਤਾਹਿਤ ਅਫਸਰਾਂ ਦਾ ਨੁਕਸਾਨ ਜਾਣ ਬੁੱਝ ਕੇ ਕਰਦੇ ਹਨ ਤਾਂ ਜੋ ਉਨ੍ਹਾਂ ਤੇ ਦਲਿਤ ਹਮਾਇਤੀ ਹੋਣ ਦਾ ਠੱਪਾ ਨਾ ਲੱਗੇ। ਅਜਿਹੇ ਅਫਸਰਾਂ ਹੱਥੋਂ ਕਈ ਉੱਚ ਸਿਆਸਤਦਾਨ ਦਲਿਤ ਵਿਰੋਧੀ ਫੈਸਲੇ ਵੀ ਕਰਵਾਉਂਦੇ ਹਨ ਜਿਵੇਂ ਕਿ ਪੰਜਾਬ ਵਿੱਚ ਹਾਲੇ ਤੱਕ 85ਵੀਂ ਸੰਵਿਧਾਨਿਕ ਸੋਧ ਲਾਗੂ ਨਾ ਕਰਨਾ, 35 ਪ੍ਰਤੀਸ਼ਤ ਦਲਿਤ ਵਸੋਂ ਨੂੰ 25 ਪ੍ਰਤੀਸ਼ਤ ਨੌਕਰੀਆਂ ਅਤੇ ਦਾਖਲਿਆਂ ਵਿੱਚ ਪ੍ਰਤੀਨਿਧਤਾ ਦੇਣੀ, 20 ਪ੍ਰਤੀਸ਼ਤ ਅਤੇ 14 ਪ੍ਰਤੀਸ਼ਤ ਤਰੱਕੀਆਂ ਵਿੱਚ ਪ੍ਰਤੀਨਿਧਤਾ ਦੇਣੀ ਸ਼ਾਮਲ ਹਨ। ਇਹ ਸਭ ਸਮੇਂ ਦੀਆਂ ਸਰਕਾਰਾਂ ਨੇ ਦਲਿਤ ਅਫਸਰਾਂ ਦੇ ਹੱਥੋਂ ਹੀ ਕਰਵਾਇਆ ਜਦੋਂ ਕਿ ਦੇਸ਼ ਦਾ ਸੰਵਿਧਾਨ ਵਸੋਂ ਮੁਤਾਬਿਕ ਪ੍ਰਤੀਨਿਧਤਾ ਦੇਣ ਦੀ ਗੱਲਕਰਦਾ ਹੈ। ਦਲਿਤ ਅਫਸਰ ਆਪਣੀਆਂ ਜੜ੍ਹਾਂ ਨਾਲੋਂ ਟੁੱਟ ਕੇ ਪੂਜਾ-ਪਾਠ, ਬਾਬੇ ਦੇ ਲੜ ਲੱਗ ਕੇ, ਸ਼ਰਾਬ ਪੀ ਕੇ, ਕ੍ਰਿਕਟ ਮੈਚ ਦੇਖ ਕੇ, ਗੋਲਫ ਖੇਡ ਕੇ, ਤੀਰਥ ਯਾਤਰਾ ਕਰਕੇ ਜਾਂਤਾਸ਼ ਖੇਲ ਕੇ ਆਪਣਾ ਕੀਮਤੀ ਵਕਤ ਜ਼ਾਇਆ ਕਰਦੇ ਹਨ।

ਜਿਨ੍ਹਾਂ ਜਾਤੀਆਂ ਨੂੰ ਅਸੀਂ ਦਿਨ ਰਾਤ ਕੋਸਦੇ ਹਾਂ, ਉਨ੍ਹਾਂ ਦੇ ਰਿਟਾਇਰਡ ਲੋਕ ਸਮਾਜਿਕ, ਵਿੱਦਿਅਕ, ਆਰਥਿਕ ਅਤੇ ਧਾਰਮਿਕ ਗਤੀਵਿਧੀਆਂ ਵਿੱਚ ਵਿਅਸਤ ਨਜ਼ਰ ਆਉਂਦੇ ਹਨ। ਕਈ ਤਾਂ ਆਪਣੇ ਪ੍ਰੀਵਾਰ, ਆਪਣੇ ਪੁੱਤਰ ਦੇ ਬਿਜਨਸ ਵਿੱਚ ਹੱਥ ਵਟਾਉਂਦੇ ਹਨ, ਕਈ ਸਮਾਜਿਕ ਸੰਗਠਨ ਜਾਂ ਧਾਰਮਿਕ ਸੰਗਠਨ ਵਿੱਚ ਬਹੁਤ ਕ੍ਰਿਆਸ਼ੀਲ ਹਨ। ਪਿੱਛੇ ਜਿਹੇ ਇੱਕ ਸੰਘੀ ਨੂੰ ਅੱਤਵਾਦੀਆਂ ਨੇ ਗੋਲੀ ਮਾਰ ਦਿੱਤੀ। ਅਖਬਾਰ ਤੋਂ ਪਤਾ ਲੱਗਾ ਕਿ ਉਹ ਆਰਮੀ ਦਾ ਰਿਟਾਇਰ ਬ੍ਰਿਗੇਡੀਅਰ ਸੀ। ਮੇਰਾ ਇੱਕ ਕਾਲਜ ਦਾ ਸਹਿਪਾਠੀ ਚੀਫ ਇੰਜਨੀਅਰ ਰਿਟਾਇਰ ਹੋਣ ਤੋਂ ਬਾਅਦ ਆਪਣੇ ਬੇਟੇ ਦੇ ਰੈਸਟੋਰੈਂਟ ਤੇ ਬੈਠ ਕੇ ਉਸ ਦਾ ਬਿਜਨਸ ਦੇਖਦਾ ਹੈ। ਇੱਕ ਡਾਇਰੈਕਟਰ ਲੈਵਲ ਦਾ ਡਾਕਟਰ ਰਿਟਾਇਰ ਹੋ ਕੇ ਆਪਣੇ ਬੇਟੇ ਦੀ ਗਹਿਣਿਆਂ ਦੀ ਦੁਕਾਨ ਤੇ ਬੈਠ ਕੇ ਗਾਹਕਾਂ ਨੂੰ ਅਟੈਂਡ ਕਰਦਾ ਹੈ। ਲੈ ਦੇ ਕੇ ਦਲਿਤ ਸਮਾਜ ਦੇ ਰਿਟਾਇਰਡ ਅਫਸਰ ਸਮਾਜ ਨੂੰ ਦਿਸ਼ਾ ਦੇਣ ਦੀ ਬਿਜਾਏ ਘਰਾਂ ਵਿੱਚ ਬੈਠ ਜਾਂਦੇ ਹਨ। ਮੇਰਾ ਇੱਕ ਰਿਸ਼ਤੇਦਾਰ ਮਹਾਂਰਾਸ਼ਟਰ ਵਿੱਚ ਇੱਕ ਉੱਚ ਅਧਿਕਾਰੀ ਰਿਟਾਇਰ ਹੋਇਆ ਹੈ, ਇੱਕ ਦਿਨ ਮੋਹਾਲੀ ਆਇਆ ਅਤੇ ਮੈਨੂੰ ਲੈ ਕੇ ਇੱਕ ਰਿਟਾਇਰਡ ਅਫਸਰ ਦੀ ਕੋਠੀ ਮਿਲਣ ਚਲਾ ਗਿਆ। ਅਸੀਂ ਪਹੁੰਚੇ ਤਾਂ ਨੌਕਰਾਣੀ ਨੇ ਗੇਟ ਖੋਲ੍ਹਿਆ। ਅਸੀਂ ਡਰਾਇੰਗ ਰੂਮ ਵਿੱਚ ਪਹੁੰਚੇ ਤਾਂ ਉਹ ਰਿਟਾਇਰਡ ਅਫਸਰ ਇੱਕ ਹੋਰ ਅਫਸਰ ਨੂੰ ਲੈ ਕੇ ਰੰਮੀ (ਤਾਸ਼) ਖੇਲ ਰਿਹਾ ਸੀ। ਉਸ ਨੇ ਇਸ਼ਾਰਾ ਕੀਤਾ, ਅਸੀਂ ਬੈਠ ਗਏ, ਉਸ ਨੇ ਆਪਣੀ ਗੇਮ ਖਤਮ ਕਰਕੇ, ਆਪਣੇ ਦੋਸਤ ਨੂੰ ਅਲਵਿਦਾ ਕਹਿ ਕੇ ਸਾਨੂੰ ਹੈਲੋ ਕੀਤੀ। ਇਹ ਵਾਕਿਆ ਸਵੇਰੇ ਗਿਆਰਾਂ ਵਜੇ ਦਾ ਸੀ। ਸਾਰਾ ਦਿਨ ਇਹ ਲੋਕ ਕੀ ਕਰਦੇ ਹੋਣਗੇ, ਭਲੀ ਭਾਂਤ ਅੰਦਾਜ਼ਾ ਲਾਇਆ ਜਾ ਸਕਦਾ ਹੈ।



ਐਸ. ਆਰ. ਲੱਧੜ, ਆਈ. ਏ. ਐਸ. (ਰਿਟਾ.)
91-94175-00610

ਦਲਿਤ ਸਮਾਜ ਦੇ ਅਫਸਰ ਸਮਾਜ ਸੇਵਾ ਤੋਂ ਬਹੁਤ ਦੂਰ ਭੱਜਦੇ ਹਨ। ਰਿਟਾਇਰਡ ਅਧਿਕਾਰੀ ਬਾਬਾ ਸਾਹਿਬ ਡਾ. ਅੰਬੇਡਕਰ ਬਾਰੇ ਕਾਫੀ ਗੱਲਾਂ ਕਰਦੇ ਹਨ ਪਰ ਪ੍ਰੈਕਟੀਕਲੀ ਕੁਝ ਨਹੀਂ ਕਰਦੇ। ਮੋਹਾਲੀ, ਚੰਡੀਗੜ੍ਹ ਤੋਂ ਬਾਹਰ ਪੰਜਾਬ ਵਿੱਚ ਜੇਕਰ ਕਿਧਰੇ ਉਨ੍ਹਾਂ ਨੂੰ ਕਿਸੇ ਸਮਾਜਿਕ ਸਮਾਗਮ ਵਿੱਚ ਜਾਣ ਲਈ ਬੇਨਤੀ ਕੀਤੀ ਜਾਵੇ ਤਾਂ ਉਹ ਮੁਫਤ ਦੀ ਸਵਾਰੀ ਭਾਲਦੇ ਹਨ। ਜੇਕਰ ਉਨ੍ਹਾਂ ਨੂੰ ਦੱਸਿਆ ਜਾਵੇ ਕਿ ਜਾਣ ਵਾਲੀਕਾਰ ਵਿੱਚ ਪਹਿਲਾਂ ਹੀ ਸਵਾਰੀਆਂ ਪੂਰੀਆਂ ਹਨ ਤਾਂ ਉਹ ਪਿੱਠ ਦਰਦ ਦਾ ਬਹਾਨਾ ਜਾਂ ਕੋਈ ਪ੍ਰੀਵਾਰਕ ਸ਼ੋਸ਼ਲ ਫੰਕਸ਼ਨ ਦਾ ਬਹਾਨਾ ਬੜੀ ਸਫਾਈ ਨਾਲ ਲਾ ਦਿੰਦੇ ਹਨ। ਜੇਕਰ ਕੋਈ ਕੋਈ ਸਮਾਜ ਵਿਚਜਾਂਦਾ ਹੈ ਤਾ ਉਹ ਇਸ ਉਮੀਦ ਨਾਲ ਕਿ ਉਸ ਨੂੰ ਮੁੱਖ ਮਹਿਮਾਨ ਬਣਾਇਆ ਜਾਵੇ ਅਤੇ ਸਾਰੇ ਉਸ ਦੀ ਗੱਲ ਬੜੇ ਧਿਆਨ ਨਾਲ ਸੁਣਨ। ਰਿਟਾਇਰਡ ਅਫਸਰਾਂ ਨੂੰ ਧੰਨ, ਦੌਲਤ, ਤਜਰਬੇ ਅਤੇ ਸਮੇਂ ਦੀ ਕੋਈ ਘਾਟ ਨਹੀਂ ਹੈ। ਕਈਆਂ ਨੂੰ ਜ਼ਮੀਨਾਂ, ਫਲੈਟਾਂ, ਦੁਕਾਨਾਂ ਅਤੇ ਕੋਠੀਆਂ ਤੋਂ ਵਾਹਵਾ ਕਿਰਾਇਆ ਜਾਂਦਾ ਹੈ, ਕਈਆਂ ਦੇ ਬੱਚੇ ਉੱਚੇ ਅਹੁਦਿਆਂ ਤੇ

(ਬਾਕੀ ਅਗਲੇ ਸਫੇ 'ਤੇ)






## ਸ਼ਹੀਦ ਭਗਤ ਸਿੰਘ ਤੇ ਦਲਿਤ ਸਵਾਲ

# ਤੁਸੀ ਅਸਲੀ ਕਿਰਤੀ ਹੋ



ਸਵਰਾਜਬੀਰ

ਜੂਨ 1928 ਭਗਤ ਸਿੰਘ ਨੇ 'ਵਿਦਰੋਹੀ' ਦੇ ਕਲਮੀ ਨਾਂ ਹੇਠ 'ਕਿਰਤੀ' ਅਖ਼ਬਾਰ ਵਿਚ ''ਅਛੂਤ ਦਾ ਸਵਾਲ'' ਨਾਂ ਦਾ ਲੇਖ ਲਿਖਿਆ। ਇਸ ਲੇਖ ਦੇ ਅੰਤ ਵਿਚ ਉਸ ਨੇ ਉਨ੍ਹਾਂ ਲੋਕਾਂ ਜਿਨ੍ਹਾਂ ਨੂੰ ਤਥਾਕਥਿਤ ਉੱਚੀਆਂ ਜਾਤਾਂ ਦੇ ਲੋਕ 'ਅਛੂਤ' ਕਹਿੰਦੇ ਸਨ, ਨੂੰ ਸੰਬੋਧਿਤ ਹੁੰਦਿਆਂ ਕਿਹਾ, ''ਤੁਸੀਂ ਅਸਲੀ ਕਿਰਤੀ ਹੋ।



ਸ਼ਹੀਦ ਭਗਤ ਸਿੰਘ



ਬਾਬੂ ਮੰਗੂ ਰਾਮ

ਕਿਰਤੀਓ ਜਥੇਬੰਦ ਹੋ ਜਾਓ। ਤੁਹਾਡਾ ਕੁਝ ਨੁਕਸਾਨ ਨਹੀਂ ਹੋਵੇਗਾ। ਕੇਵਲ ਗੁਲਾਮੀ ਦੀਆਂ ਜ਼ੰਜੀਰਾਂ ਕੱਟੀਆਂ ਜਾਣਗੀਆਂ।'' ਭਗਤ ਸਿੰਘ ਉਸ ਗੁਲਾਮੀ ਦੀ ਗੱਲ ਕਰ ਰਿਹਾ ਸੀ ਜਿਹੜੀ ਸਦੀਆਂ ਤੋਂ ਦਲਿਤ ਲੋਕਾਂ ਦੀ ਹੋਣੀ ਬਣ ਚੁੱਕੀ ਹੈ ਅਤੇ ਜਿਸ ਕਾਰਨ ਸਦੀਆਂ ਦੀਆਂ ਸਦੀਆਂ ਤਥਾਕਥਿਤ ਉੱਚੀ ਜਾਤਾਂ ਦੇ ਲੋਕਾਂ ਨੇ ਕੁਝ ਜਾਤਾਂ ਦੇ ਲੋਕਾਂ ਨੂੰ ਨੀਵੇਂ ਗਰਦਾਨਿਆਂ ਉਨ੍ਹਾਂ ਨਾਲ ਅਮਨੁੱਖੀ ਵਿਹਾਰ ਕੀਤਾ; ਉਨ੍ਹਾਂ ਨੂੰ ਗਿਆਨKਵਿੱਦਿਆ ਤੇ ਮਨੁੱਖੀ ਹੱਕਾਂ ਤੋਂ ਮਹਿਰੂਮ ਕੀਤਾ। ਭਗਤ ਸਿੰਘ ਬਹੁਤ ਸਪੱਸ਼ਟ ਸੀ ਕਿ ਸਿਆਸੀ ਤੇ ਆਰਥਿਕ ਇਨਕਲਾਬ ਪਹਿਲਾਂ ਜਾਂ ਨਾਲ ਨਾਲ ਸਮਾਜਿਕ ਇਨਕਲਾਬ ਦੀ ਜ਼ਰੂਰਤ ਹੈ। ਏਸੇ ਲੇਖ ਵਿਚ ਉਹ ਦਲਿਤਾਂ ਨੂੰ ਏਦਾਂ ਵੰਗਾਰਦਾ ਹੈ, ''ਸਮਾਜਿਕ (Social) ਐਜੀਟੇਸ਼ਨ ਇਨਕਲਾਬ, ਪੈਦਾ ਕਰ ਦਿਓ ਅਤੇ ਸਿਆਸੀ ਤੇ ਆਰਥਿਕ ਇਨਕਲਾਬ ਵਾਸਤੇ ਕਮਰ ਕੱਸੇ ਕਰ ਲਵੋ।''

ਭਗਤ ਸਿੰਘ ਦੇ ਇਹ ਲੇਖ ਲਿਖਣ ਦੇ ਵੇਲਿਆਂ ਵਿਚ ਪੰਜਾਬ ਦੇ ਦਲਿਤ ਆਪਣਾ ਮੋਰਚਾ ਲਾ ਚੁੱਕੇ ਸਨ। ਗਦਰੀ ਬਾਬਾ ਮੰਗੂ ਰਾਮ ਪੰਜਾਬ ਪਹੁੰਚ ਚੁੱਕੇ ਸਨ। ਮੰਗੂ ਰਾਮ ਨੇ ਬਾਬਾ ਸੋਹਨ ਸਿੰਘ ਨਾਲ ਕੰਮ ਕੀਤਾ ਸੀ ਤੇ ਗ਼ਦਰ ਪਾਰਟੀ ਦਾ ਸਕੱਤਰ ਰਿਹਾ ਸੀ। 1915 ਵਿਚ ਉਸ ਨੂੰ ਹਰੀ ਸਿੰਘ, ਗੰਭੀਰ ਸਿੰਘ, ਹਰਚਰਨ ਦਾਸ ਤੇ ਹਰਨਾਮ ਸਿੰਘ ਨਾਲ ਹਿੰਦੋਸਤਾਨ ਵਿਚ ਹਥਿਆਰ ਤੇ ਗੋਲਾ ਬਾਰੂਦ ਪਹੁੰਚਾਉਣ ਦਾ ਕੰਮ ਦਿੱਤਾ ਗਿਆ। ਉਹ ਰਸਤੇ ਵਿਚ ਕਈ ਥਾਵਾਂ 'ਤੇ ਰੁਕਿਆ ਤੇ ਗ੍ਰਿਫ਼ਤਾਰ ਹੋਇਆ। ਸਿੰਗਾਪੁਰ ਵਿਚ ਇਕ ਗ਼ਦਰੀ ਸਾਥੀ, ਜਿਸ ਨੇ ਆਪਣਾ ਨਾਂ, ਮੰਗੂ ਰਾਮ ਦੱਸਿਆ, ਨੂੰ ਫ਼ਾਂਸੀ ਦੇ ਦਿੱਤੀ ਗਈ ਤੇ ਪੰਜਾਬ ਵਿਚ ਇਹ ਖ਼ਬਰ ਪਹੁੰਚੀ ਕਿ ਮੰਗੂ ਰਾਮ ਨੂੰ ਫ਼ਾਂਸੀ ਹੋ ਗਈ ਹੈ। ਉਹ ਕਈ ਸਾਲ ਫਿਲਪੀਨਜ਼ ਦੇ ਟਾਪੂਆਂ ਵਿਚ ਲੁਕਿਆ ਰਿਹਾ। 1925-26 ਵਿਚ ਉਹ ਹਿੰਦੋਸਤਾਨ ਪਰਤਿਆ। ਰਸਤੇ ਵਿਚ ਉਸ ਨੇ ਦੱਖਣ ਭਾਰਤ ਵਿਚ ਦਲਿਤਾਂ ਦੇ ਹਾਲਾਤ ਵੇਖੇ। ਉਹ ਤਾਮਿਲ ਨਾਡੂ ਵਿਚ ਰਾਮੇਸ਼ਵਰ, ਮਦਰਾਸ (ਚੇਨਈ) ਤੇ ਮਹਾਂਰਾਸ਼ਟਰ ਦੇ ਇਲਾਕਿਆਂ ਵਿਚ ਗਿਆ। ਉਸ ਵੇਲੇ ਤਾਮਿਲ ਨਾਡੂ ਤੇ ਆਂਧਰਾ ਪ੍ਰਦੇਸ਼ ਵਿਚ ਗ਼ੈਰ-ਬ੍ਰਾਹਮਣ ਭਾਈਚਾਰਿਆਂ ਵਿਚ ਆਦਿ-ਲਹਿਰ ਜੜ੍ਹਾਂ ਫੜ ਰਹੀ ਸੀ, ਭਾਵ ਇਸ ਵਿਚਾਰਧਾਰਾ ਦਾ ਪ੍ਰਚਾਰ ਹੋ ਰਿਹਾ ਸੀ ਕਿ ਗ਼ੈਰ-ਬ੍ਰਾਹਮਣ ਭਾਈਚਾਰੇ ਦੇ ਲੋਕ ਹਿੰਦੋਸਤਾਨ ਦੇ ਮੂਲ ਨਿਵਾਸੀ ਸਨ ਤੇ ਆਰੀਆ ਬਾਹਰੋਂ ਆਏ ਲੋਕ। ਆਂਧਰਾ ਵਿਚ ਇਸ ਨੂੰ ਆਦਿ-ਆਂਧਰਾ ਲਹਿਰ ਵਜੋਂ ਜਾਣਿਆ ਜਾਂਦਾ ਸੀ। ਮਹਾਂਰਾਸ਼ਟਰ ਵਿਚ ਇਸ ਵਿਚਾਰਧਾਰਾ ਦਾ ਪ੍ਰਚਾਰ ਜਿਓਤਰਾ ਫੂਲੇ ਨੇ ਕੀਤਾ ਸੀ।

1925 ਵਿਚ ਬਾਬੂ ਮੰਗੂ ਰਾਮ ਨੇ ਆਪਣੇ ਪਿੰਡ ਮੁੱਗੋਵਾਲ (ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ) ਵਿਚ ਆਦਿ ਧਰਮ ਸਕੂਲ ਸਥਾਪਿਤ ਕਰਕੇ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕੀਤਾ। ਉਨ੍ਹਾਂ ਨੇ ਜਾਤ-ਪਾਤ ਅਤੇ ਛੂਆ-ਛਾਤ ਵਿਰੁੱਧ ਪੈਂਤੜਾ ਸੰਭਾਲਿਆ। ਪੰਜਾਬੀ ਵਿਚ ਉਸ ਦੀ ਜੀਵਨੀ ਲਿਖਣ ਵਾਲੇ ਬਲਬੀਰ ਮਾਧੋਪੁਰੀ ਅਨੁਸਾਰ ਉਨ੍ਹਾਂ ਦੇ ਪ੍ਰਚਾਰ ਦੀ ਸਾਰ ਇਹ ਸੀ, ''ਉਹ ਪ੍ਰਚਾਰ ਕਰਦੇ ਕਿ ਜੇ ਅਸੀਂ ਅਛੂਤ ਹਿੰਦੂ ਹਾਂ ਤਾਂ ਸਾਡੇ ਮੁਹੱਲੇ-ਬਸਤੀਆਂ ਪਿੰਡਾਂ ਦੇ ਬਾਹਰ ਅਲੱਗ ਕਿਉਂ ਹਨ? ਜੇ ਅਸੀਂ ਹਿੰਦੂ ਹਾਂ ਤਾਂ ਸਾਡੀ ਛੋਹ ਨਾਲ ਉਹ ਭਿੱਟ ਕਿਵੇਂ ਹੋ ਜਾਂਦੇ ਹਨ? ਜੇ ਅਸੀਂ ਹਿੰਦੂ ਹਾਂ ਤਾਂ ਉਹ ਸਾਨੂੰ ਖੂਹਾਂ 'ਤੇ ਕਿਉਂ ਚੜ੍ਹਨ ਨਹੀਂ ਦਿੰਦੇ। ਛੱਪੜਾਂ ਉੱਤੇ ਕਿਉਂ ਨਹੀਂ ਜਾਣ ਦਿੰਦੇ? ਜੇ ਅਸੀਂ ਹਿੰਦੂ ਹਾਂ ਤਾਂ ਉਹ ਸਾਨੂੰ ਮੰਦਰਾਂ ਵਿਚ ਕਿਉਂ ਨਹੀਂ ਜਾਣ ਦਿੰਦੇ? ਜੇ ਅਸੀਂ ਹਿੰਦੂ ਹਾਂ ਤਾਂ ਉਹ ਸਾਨੂੰ ਸਕੂਲਾਂ ਵਿਚ ਪੜ੍ਹਨ ਕਿਉਂ ਨਹੀਂ ਦਿੰਦੇ? ਜੇ ਅਸੀਂ ਹਿੰਦੂ ਹਾਂ ਤਾਂ ਸਾਡੇ ਸਿਵੇ ਅਲੱਗ ਕਿਉਂ ਹਨ? ... ਸਾਡੀ ਹਿੰਦੂਆਂ ਨਾਲ ਕੋਈ ਸਾਂਝ ਨਹੀਂ-ਸਾਂਝ ਰੋਟੀ-ਬੇਟੀ ਨਾਲ ਹੁੰਦੀ ਹੈ ਤੇ ਉਹ ਹਿੰਦੂ ਸਮਾਜ ਵਿਚ ਅਛੂਤਾਂ ਲਈ ਅਸੰਭਵ ਹੈ। ਹਿੰਦੂਆਂ ਨਾਲ ਸਾਡੀ ਕਾਹਦੀ ਸਾਂਝ ਤੇ ਕਾਹਦਾ ਰਿਸ਼ਤਾ? ਗੁਲਾਮੀ ਦਾ? ਹਿੰਦੂ ਸਾਨੂੰ ਆਪਣੇ ਗੁਲਾਮਾਂ ਤੋਂ ਵੱਧ ਕੁਝ ਨਹੀਂ ਸਮਝਦੇ। ਸਾਨੂੰ ਗੁਲਾਮਾਂ ਨੂੰ ਹਮੇਸ਼ਾਂ ਲੁੱਟਿਆ ਜਾਂਦਾ ਹੈ। ਜੱਟ-ਸਿੱਖ ਹਿੰਦੂ ਸਮਾਜ ਦਾ ਹੀ ਹਿੱਸਾ ਹਨ। ਉਨ੍ਹਾਂ ਸਿਰਫ਼ ਭੇਸ ਬਦਲਿਆ ਹੈ ਤੇ ਸਾਡੇ ਉੱਤੇ ਹਿੰਦੂਆਂ ਵਾਂਗ ਜ਼ੁਲਮ ਕਰਦੇ ਹਨ। ਬੇਗ਼ਾਰ ਕਰਾਉਂਦੇ ਹਨ, ਸਾਡੇ ਹੱਕ ਮਾਰਦੇ ਹਨ। ਗੁਰੂਆਂ ਦੀ ਇਨਸਾਨੀਅਤ ਦੀ ਵਿਚਾਰਧਾਰਾ ਨੂੰ ਮੰਨਣ ਦਾ ਢੌਂਗ ਕਰਦੇ ਹਨ ਤੇ ਗੁਰਮਤਿ ਤੋਂ ਉਲਟ ਚੱਲਦੇ ਹਨ।''

ਆਦਿ-ਧਰਮ ਦੇ ਪ੍ਰਚਾਰਕ ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿਚ ਆਪਣੀ ਇਕੋ ਸੁਰ ਰੱਖਦੇ ਕਿ ਹਿੰਦੂ ਲੋਕ ਆਰੀਆ ਹਨ, ਬਾਹਰੋਂ ਆਏ ਹੋਏ ਜਦੋਂਕਿ ਉਹ ਇਸ ਧਰਤੀ ਦੇ ਮੂਲ ਵਾਸੀ ਹਨ। ਬਲਬੀਰ ਮਾਧੋਪੁਰੀ ਅਨੁਸਾਰ ਆਦਿ ਧਰਮ ਲਹਿਰ ਦੇ ਮਜ਼ਬੂਤ ਹੋਣ ਦਾ ਕਾਰਨ ਇਹ ਵੀ ਸੀ ਕਿ ਉਹ ਅੰਗਰੇਜ਼ੀ ਕਾਨੂੰਨ (ਇੰਤਕਾਲ ਇਰਾਜ਼ੀ ਕਾਨੂੰਨ) ਕਾਰਨ ਗ਼ੈਰ ਕਾਸ਼ਤਕਾਰ ਜਾਤਾਂ ਦੇ ਲੋਕ ਜ਼ਮੀਨ ਨਹੀਂ ਖ਼ਰੀਦ ਸਕਦੇ ਸਨ। ਉਹਦੇ ਅਨੁਸਾਰ ''ਮਨੂੰ ਦੇ ਵਿਧਾਨ ਤੇ ਬਰਤਾਨਵੀ ਸਰਕਾਰ ਨੇ ਮੋਹਰ ਲਾ ਦਿੱਤੀ ਸੀ।'' ਵੱਡੇ ਵਿਰੋਧ ਦੇ ਬਾਵਜੂਦ ਬਾਬੂ ਮੰਗੂ ਰਾਮ ਨੇ 11-12 ਜੂਨ 1926 ਵਿਚ ਮੁੱਗੋਵਾਲ ਵਿਚ ਵੱਡੀ ਕਾਨਫ਼ਰੰਸ ਕੀਤੀ ਜਿਸ ਵਿਚ ਉਨ੍ਹਾਂ ਕਿਹਾ ''ਇਕ ਪਾਸੇ ਤਾਂ ਅਸੀਂ ਅੰਗਰੇਜ਼ਾਂ ਦੇ ਗ਼ੁਲਾਮ ਹਾਂ ਤੇ ਦੂਸਰੇ ਪਾਸੇ ਅਸੀਂ ਹਿੰਦੂਆਂ ਦੇ ਗੁਲਾਮ ਹਾਂ ਅਤੇ ਰਿਆ-ਸਤਾਂ ਵਿਚ ਤੀਸਰੀ ਗੁਲਾਮੀ ਰਾਜਿਆਂ ਦੀ ਕਰਨੀ ਪੈਂਦੀ ਹੈ! ਆਓ, ਇਕੱਠੇ ਹੋ ਕੇ ਇਸ ਲਾਹਣਤ ਨੂੰ ਦੂਰ ਕਰੀਏ ਤੇ ਇਸ ਤੋਂ ਛੁਟਕਾਰਾ ਪਾਉਣ ਲਈ ਆਦਿ ਧਰਮੀ ਬਣ ਜਾਈਏ।''



ਇਸ ਤਰ੍ਹਾਂ ਬਾਬੂ ਮੰਗੂ ਰਾਮ ਭਗਤ ਸਿੰਘ ਦਾ ਲੇਖ ਛਪਣ ਦੇ ਵੇਲਿਆਂ ਵਿਚ ਲੰਮੇ ਪੈਂਡੇ ਤਹਿ ਕਰ ਚੁੱਕਾ ਸੀ; ਉਹ ਇਹ ਸਮਝ ਚੁੱਕਾ ਸੀ ਕਿ ਸਿਆਸੀ ਇਨਕਲਾਬ ਤੋਂ ਪਹਿਲਾਂ ਸਮਾਜਿਕ ਇਨਕਲਾਬ ਜ਼ਰੂਰੀ ਸੀ। ਆਦਿ ਧਰਮੀਆਂ ਲਈ ਵੱਖਰੇ ਲਿਬਾਸ, ਵੱਖਰਾ ਝੰਡਾ, ਵੱਖਰੇ ਜੈਕਾਰਿਆਂ (ਜੋ ਬੋਲੇ ਸੋ ਨਿਰਭੈ- ਆਦਿ ਧਰਮ ਦੀ ਜੈ ਆਦਿ), ਮਿਲਣ ਸਮੇਂ ਦੇ ਵੱਖਰੇ ਬੋਲਿਆਂ (ਜੈ ਗੁਰਦੇਵ-ਧੰਨ ਜੈ ਗੁਰੂਦੇਵ) ਦੀ ਚੋਣ ਕੀਤੀ ਗਈ। ਉਨ੍ਹਾਂ ਨੇ ਰਿਸ਼ੀ ਬਾਲਮੀਕ, ਰਵਿਦਾਸ, ਕਬੀਰ ਤੇ ਨਾਮਦੇਵ ਨੂੰ ਸਤਿਗੁਰੂ ਮੰਨਿਆ। ਬਾਬਾ ਮੰਗੂ ਰਾਮ ਦੀ ਇਹ ਨਜ਼ਮ ਸਮਾਜਿਕ ਇਨਕਲਾਬ ਦੇ ਫ਼ਿਕਰ ਨੂੰ ਬਿਆਨ ਕਰਦੀ ਹੈ:

ਆਦਿ ਧਰਮੀਓ ਸੁਣੋ ਖਿਆਲ ਕਰ ਕੇ,<br>
ਸਾਡੀ ਕੌਮ ਦੇ ਕਿਉਂ ਮੰਦੇ ਹਾਲ ਹੋ ਗਏ।<br>
ਵਾਂਗਰ ਪਸ਼ੂਆਂ ਬੇ-ਮੁਹਾਰ ਫਿਰਦੇ,<br>
ਧੱਕੇ ਖਾਂਦਿਆਂ ਨੂੰ ਕਈ ਸਾਲ ਹੋ ਗਏ।<br>
ਸਾਡੀ ਦੇਖ ਗ਼ਰੀਬੀ ਦਾ ਦਾਗ਼ ਮੱਥੇ,<br>
ਹਿੰਦੂ ਸਾਡੇ ਨਾਂਹ ਰਖਵਾਲ ਹੋ ਗਏ।<br>
ਸਾਡੀ ਅਣ ਗ਼ਰੀਬੀ ਨੇ ਧੌਣ ਭੰਨੀ,<br>
ਢੋਰ ਖਿੱਚਦਿਆਂ ਦੇ ਢੁੰਡਰ ਲਾਲ ਹੋ ਗਏ।<br>
ਕਈ ਜ਼ਿਮੀਂਦਾਰਾਂ, ਜੱਟਾਂ ਨਾਲ ਯਾਰੋ,<br>
ਗੋਡੀ ਕਰਦਿਆਂ ਦੇ ਗੋਡੇ ਲਾਲ ਹੋ ਗਏ।<br>
ਵਾਢੀ ਕਰਦਿਆਂ-ਕਰਦਿਆਂ ਦੇ ਹੱਥ ਰਹਿ ਗਏ,<br>
ਮੰਗ ਖਾਣ ਦੇ ਸਾਡੇ ਖਿਆਲ ਹੋ ਗਏ।<br>
ਜੇਕਰ ਅਜੇ ਵੀ ਵਕਤ ਵਿਚਾਰਿਆ ਨਾ<br>
ਮੰਗੂ ਰਾਮ ਫਿਰ ਨੀਚ ਚੰਡਾਲ ਹੋ ਗਏ।

ਬਾਬੂ ਮੰਗੂ ਰਾਮ ਦੀ ਜੱਦੋਜਹਿਦ ਸਮਾਜਿਕ ਇਕਨਲਾਬ ਲਿਆਉਣ ਵਾਲੀ ਸੀ। 1927 ਵਿਚ ਆਦਿ ਧਰਮ ਦਾ ਹਫ਼ਤਾਵਾਰੀ ਅਖ਼ਬਾਰ ਆਦਿ-ਡੰਕਾ ਪ੍ਰਕਾਸ਼ਿਤ ਹੋਣਾ ਸ਼ੁਰੂ ਹੋਇਆ। ਉਦੋਂ ਬੀਆਰ ਅੰਬੇਡਕਰ ਦਲਿਤਾਂ ਦੇ ਆਗੂ ਵਜੋਂ ਉੱਭਰ ਰਹੇ ਸਨ। ਜਦ ਵੱਖ ਵੱਖ ਧਿਰਾਂ ਅੰਗਰੇਜ਼ਾਂ ਤੋਂ ਚੋਣਾਂ ਵਿਚ ਆਪਣੇ ਆਪਣੇ ਧਰਮਾਂ ਲਈ ਵੱਖਰੀਆਂ ਵੱਖਰੀਆਂ ਸੀਟਾਂ ਮੰਗ ਰਹੀਆਂ ਸਨ ਤਾਂ ਦਲਿਤਾਂ ਨੂੰ ਲੱਗਦਾ ਸੀ ਕਿ ਬਰਤਾਨਵੀ ਸਰਕਾਰ ਦੀ ਮਦਦ ਨਾਲ ਉਨ੍ਹਾਂ ਦੇ ਹਿੱਤ ਸੁਰੱਖਿਅਤ ਹੋ ਸਕਦੇ ਹਨ। ਇੰਜ ਮਹਿਸੂਸ ਕਰਨਾ ਸੁਭਾਵਿਕ ਸੀ ਕਿਉਂਕਿ ਬਾਕੀ ਧਰਮਾਂ (ਹਿੰਦੂ, ਇਸਲਾਮ, ਸਿੱਖ) ਵਿੱਚ ਚੱਲੀਆਂ ਸੁਧਾਰ ਲਹਿਰਾਂ ਨੇ ਵੀ ਅੰਗਰੇਜ਼ ਸਰਕਾਰ ਨਾਲ ਸਾਂਝ ਪਾਈ ਸੀ।

1932-32 ਵਿਚ ਰਾਇਸ ਕਮਿਸ਼ਨ ਦੀ ਹਿੰਦੋਸਤਾਨ ਫੇਰੀ ਦੌਰਾਨ ਲਾਰਡ ਲੋਥੀਅਨ ਸਾਹਮਣੇ ਬਾਬੂ ਮੰਗੂ ਰਾਮ ਦੀ ਅਗਵਾਈ ਵਿਚ ਇਹ ਪੱਖ ਪੇਸ਼ ਕੀਤਾ ਗਿਆ ਕਿ ਦਲਿਤ ਆਦਿ ਧਰਮੀ ਹਿੰਦੂਆਂ ਤੋਂ ਵੱਖਰੇ ਹਨ। ਬਾਬੂ ਮੰਗੂ ਰਾਮ ਨੇ ਆਪਣੀਆਂ ਮੰਗਾਂ ਮਨਾਉਣ ਲਈ ਮਰਨ ਵਰਤ ਰੱਖਿਆ ਅਤੇ ਸਰਕਾਰ ਨੇ ਪੰਜਾਬ ਅਸੈਂਬਲੀ ਦੀਆਂ ਅੱਠ ਸੀਟਾਂ ਦਲਿਤਾਂ ਲਈ ਰਾਖਵੀਆਂ ਰੱਖੀਆਂ। 1937 ਵਿਚ ਹੋਈਆਂ ਚੋਣਾਂ ਵਿਚ ਇਨ੍ਹਾਂ ਅੱਠਾਂ 'ਚੋਂ ਸੱਤ ਉੱਤੇ ਆਦਿ ਧਰਮੀ ਉਮੀਦਵਾਰ ਕਾਮਯਾਬ ਹੋਏ। ਇਹ ਵੱਡੀ ਕਾਮਯਾਬੀ ਸੀ ਅਤੇ ਇਸ ਨੇ ਆਦਿ ਧਰਮੀ ਲਹਿਰ ਨੂੰ ਨਵੀਂ ਊਰਜਾ ਦਿੱਤੀ। 1946 ਵਿਚ ਹੋਈਆਂ ਚੋਣਾਂ ਤਕ ਫ਼ਿਰਕੂ ਸਿਆਸਤ ਦਾ ਰੰਗ ਗੂੜ੍ਹਾ ਹੋ ਚੁੱਕਾ ਸੀ। ਇਨ੍ਹਾਂ ਚੋਣਾਂ ਵਿਚ ਆਦਿ ਧਰਮੀ ਉਮੀਦ ਯੂਨੀਅਨਇਸਟ ਪਾਰਟੀ ਦੀਆਂ ਟਿਕਟਾਂ 'ਤੇ ਚੋਣਾਂ ਲੜੇ ਅਤੇ ਚਾਰ ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ।

ਆਜ਼ਾਦੀ ਤੋਂ ਬਾਅਦ ਆਦਿ ਧਰਮ ਲਹਿਰ ਬਿਖਰ ਗਈ। ਬਹੁਤ ਸਾਰੇ ਆਗੂ ਕਾਂਗਰਸ ਅਤੇ ਸ਼ਡਿਊਲਡ ਕਾਸਟ ਫੈਡਰੇਸ਼ਨ ਵਿਚ ਚਲੇ ਗਏ। ਕਈ ਮਨਿਸਟਰ ਬਣੇ ਤੇ ਕਈ ਹੋਰ ਉੱਚੇ ਅਹੁਦਿਆਂ 'ਤੇ ਲੱਗੇ। 1970 ਵਿਚ ਆਦਿ ਧਰਮ ਨੂੰ ਦੁਬਾਰਾ ਸੁਰਜੀਤ ਕਰਨ ਦੇ ਉਪਰਾਲੇ ਹੋਏ ਅਤੇ ਕੁਝ ਸਫ਼ਲਤਾ ਵੀ ਮਿਲੀ ਪਰ ਸਫ਼ਲਤਾ ਥੋੜ੍ਹੀ ਦੇਰ ਹੀ ਰਹੀ।

ਆਦਿ ਧਰਮ ਲਹਿਰ ਦੇ ਬਾਨੀ ਬਾਬਾ ਮੰਗੂ ਰਾਮ ਤੇ ਹੋਰ ਆਗੂਆਂ ਦੀ ਭੂਮਿਕਾ ਨੂੰ ਇਤਿਹਾਸਕ ਸੰਦਰਭ ਵਿਚ ਦੇਖਿਆ ਜਾਣਾ ਚਾਹੀਦਾ ਹੈ। ਬਾਬੂ ਮੰਗੂ ਰਾਮ ਦਾ ਸੰਘਰਸ਼, ਬਲਬੀਰ ਮਾਧੋਪੁਰੀ ਦੇ ਸ਼ਬਦਾਂ ਵਿਚ ''ਹਿੰਦੂ ਸਮਾਜਿਕ, ਵਿਵਸਥਾ ਦੇ ਸ਼ਿਕੰਜੇ ਵੱਲ ਵਧੇਰੇ ਸੇਧਿਤ ਸੀ।'' ਹੈਰਾਨੀ ਦੀ ਗੱਲ ਇਹ ਹੈ ਕਿ ਪੰਜਾਬ ਦੇ ਖੱਬੇ ਪੱਖੀਆਂ ਨਾ ਤੇ ਆਦਿ ਧਰਮ ਦੇ ਇਤਿਹਾਸਕ ਮਹੱਤਵ ਨੂੰ ਪਛਾਣਿਆ ਅਤੇ ਨਾ ਹੀ ਇਸ ਦੇ ਬਾਣੀਆਂ ਨਾਲ ਸਾਂਝ ਪਾਉਣ ਦਾ ਉਪਰਾਲਾ ਕੀਤਾ। ਖੱਬੇ ਪੱਖੀਆਂ ਲਈ ਉਨ੍ਹਾਂ ਦੁਆਰਾ ਲਿਆਂਦੇ ਜਾਣ ਵਾਲੇ ਇਨਕਲਾਬ ਨੇ ਸਭ ਵਿਤਕਰਿਆਂ, ਮੁਸ਼ਕਿਲਾਂ ਤੇ ਦੁੱਖਾਂ ਦਾ ਹੱਲ ਕਰ ਦੇਣਾ ਹੈ। ਉਨ੍ਹਾਂ ਲਈ ਦਲਿਤ ਸਮੱਸਿਆ ਸਮਾਜ ਦੀ ਕੇਂਦਰੀ ਸਮੱਸਿਆ ਨਹੀਂ ਹੈ। ਪੰਜਾਬ ਦੀ ਤੀਹ ਫ਼ੀਸਦੀ ਤੋਂ ਜ਼ਿਆਦਾ ਵਸੋਂ ਜਿਨ੍ਹਾਂ ਨੂੰ ਭਗਤ ਸਿੰਘ ਨੇ ਅਸਲੀ ਕਿਰਤੀ ਕਿਹਾ ਹੈ, ਲਈ ਇਹ ਸਮੱਸਿਆ ਜੀਵਨ ਦੀ ਬੁਨਿਆਦੀ ਸਮੱਸਿਆ ਹੈ। ਆਦਿ ਧਰਮ ਦੇ ਇਕ ਹੋਰ ਖੋਜਕਾਰ ਮਾਰਕ ਜਗਸਨਮੇਅਰ ਅਨੁਸਾਰ ਖੱਬੇ ਪੱਖੀ ਤੇ ਆਧੁਨਿਕ ਵਾਦੀ ਇਸ ਤਰ੍ਹਾਂ ਇਸ ਲਈ ਸੋਚਦੇ ਹਨ ਕਿਉਂਕਿ ਉਨ੍ਹਾਂ ਦੇ ਵਿਚਾਰ ਪੱਛਮੀ ਸਮਾਜਿਕ ਵਿਚਾਰਧਾਰਾ ਤੋਂ ਪ੍ਰਭਾਵਿਤ ਹਨ ਅਤੇ ਉਸ ਚਿੰਤਨ-ਧਾਰਾ ਵਿਚ ਧਾਰਮਿਕ ਵਿਚਾਰਾਂ ਅਤੇ ਸਮਾਜਿਕ ਅਸਲੀਅਤਾਂ ਨੂੰ ਇਕ ਦੂਜੇ ਨੂੰ ਨਿਖੇੜ ਕੇ ਵੇਖਿਆKਸਮਝਿਆ ਜਾਂਦਾ ਹੈ। ਇਨ੍ਹਾਂ ਹਾਲਾਤ ਵਿਚ ਸਮਾਜਿਕ ਇਨਕਲਾਬ ਜਿਵੇਂ ਭਗਤ ਸਿੰਘ ਨੇ ਕਿਹਾ ਸੀ, ਬੁਨਿਆਦੀ ਹੈ; ਸਿਆਸੀ ਤੇ ਆਰਥਿਕ ਇਕਨ-ਕਲਾਬ ਸਮਾਜਿਕ ਇਨਕਲਾਬ ਦੇ ਆਧਾਰ 'ਤੇ ਉਸਰਨੇ ਹਨ ਹੈ। ਭਗਤ ਸਿੰਘ ਦਾ ਚਿਤਵਿਆ ਅਤੇ ਬਾਬੂ ਮੰਗੂ ਰਾਮ ਦੁਆਰਾ ਸ਼ੁਰੂ ਕੀਤਾ ਸਮਾਜਿਕ ਇਨਕਲਾਬ ਅਜੇ ਅਧੂਰਾ ਹੈ; ਹਿੰਦੋਸਤਾਨੀ ਬਰੇ-ਸਗੀਰ (ਉਪ-ਮਹਾਂਦੀਪ) ਅਜੇ ਅਧੂਰਾ ਹੈ; ਵੱਖ ਵੱਖ ਸਮਾਜ ਅਜੇ ਵੀ ਜਾਤੀਵਾਦ ਦੀ ਜਕੜ ਵਿਚ ਹਨ; ਦਲਿਤ ਜਾਤਾਂ ਦੇ ਲੋਕਾਂ ਵਿਚ ਵੀ ਆਪਸ ਵਿਚ ਊਚ-ਨੀਚ ਦੀ ਭਾਵਨਾ ਹੈ।

ਇਨ੍ਹਾਂ ਹਾਲਾਤ ਵਿਚ ਭਗਤ ਸਿੰਘ, ਰਾਜਗੁਰੂ, ਸੁਖਦੇਵ, ਬਾਬੂ ਮੰਗੂ ਰਾਮ ਅਤੇ ਹੋਰ ਆਜ਼ਾਦੀ ਸੰਗਰਾਮੀਆਂ ਨੂੰ ਯਾਦ ਕਰਨ ਤੇ ਇਸ ਅਧੂਰੇ ਇਨਕਲਾਬ ਨੂੰ ਜਾਰੀ ਰੱਖਣ ਦੀ ਜ਼ਰੂਰਤ ਹੈ। ਇਹ ਇਨ-ਕਲਾਬ ਰੁਕਿਆ ਨਹੀਂ ਹੈ; ਇਹ ਜਾਰੀ ਹੈ; ਕਿਤੇ ਸਿੱਧੇ ਅਤੇ ਅਸਿੱਧੇ ਰੂਪ ਵਿਚ। ਦਲਿਤ ਆਗੂਆਂ ਵਿਚ ਏਕਤਾ ਦੀ ਅਣਹੋਂਦ, ਅੰਦਰੂਨੀ ਜਾਤੀਵਾਦ ਤੇ ਜਾਤੀ ਹਉਮੈ ਦੇ ਅੜਿੱਕੇ ਦਲਿਤ ਲੋਕਾਂ ਦਾ ਮੁਹਾਜ਼ ਬਨਣ ਵਿਚ ਰੁਕਾਵਟਾਂ ਹਨ।

ਇਸ ਸਬੰਧ ਵਿਚ ਭਗਤ ਸਿੰਘ ਦਾ ਇਹ ਕਥਨ 'ਤੁਸੀਂ ਅਸਲੀ ਕਿਰਤੀ ਹੋ' ਏਕਤਾ ਦਾ ਸੂਤਰ ਬਣ ਸਕਦਾ ਹੈ; ਭਾਵ ਦਲਿਤ ਆਪਣੇ ਆਪ ਨੂੰ ਦਲਿਤ ਹੋਣ ਦੇ ਨਾਲ ਨਾਲ ਕਿਰਤੀਆਂ ਵਜੋਂ ਪਛਾਨਣ।

ਹਿੰਦੂ ਧਰਮ 'ਚੋਂ ਹੁਦਾਰੇ ਲਏ ਸੰਸਕਾਰਾਂ ਅਨੁਸਾਰ ਆਪੋ ਆਪਣੀ ਜਾਤ ਬ੍ਰਾਹਮਣਵਾਦੀ ਧਰਮ ਅੰਦਰ ਵਿਸ਼ੇਸ਼ ਪਛਾਣ (ਕਿਸੇ ਜਾਤ ਦਾ ਕਹਿਣਾ ਕਿ ਅਸੀਂ ਪੁਰਾਣੇ ਕਸ਼ੱਤਰੀ ਸਾਂ ਜਾ ਪੁਰਾਣੇ ਬ੍ਰਾਹਮਣ ਸਾਂ) ਬਨਾਉਣ ਦੇ ਹੱਥਕੰਡਿਆਂ ਤੋਂ ਬਚ ਕੇ ਦਲਿਤਾਂ ਦੀ ਕਿਰਤੀਆਂ ਵਜੋਂ ਪਛਾਣ ਸਿਰਜਣ ਦਾ ਯਤਨ ਹੀ ਸਾਰਥਿਕ ਯਤਨ ਹੋ ਸਕਦਾ ਹੈ।.



R. L. No.

(Organ of the Panjab Ad-Dharam (Depressed Classes Fedration Jullundur.)

ਹਫ਼ਤਾਵਾਰੀ

RAM CHAND

ਆਦੀ ਡੰਕਾ

ਜਾਲੰਧਰ ਸ਼ਹਿਰ

WEEKLY ADI-DANKA, JULLUNDUR CITY.

ਅਪਨਾ ਹੀ ਦੇਸ਼ ਪਿਆਰਾ ਹੈ

ਪੰਜਾਬ ਆਦਿ ਧਰਮ ਵੱਲੋਂ ਕੱਢੇ ਹਫ਼ਤਾਵਾਰੀ ਪਰਚੇ 'ਆਦੀ ਡੰਕਾ' ਦਾ 29 ਅਪਰੈਲ, 1942 ਦਾ ਅੰਕ।

# ਸੇਵਾ-ਮੁਕਤ ਦਲਿਤ ਅਫਸਰਾਂ ਦੇ ਸਰੋਕਾਰ

(ਸਫਾ 17 ਦੀ ਬਾਕੀ)

ਬਿਰਾਜਮਾਨ ਹਨ, ਕਈ ਵਿਦੇਸ਼ਾਂ ਵਿੱਚ ਸੈਟਲ ਹਨ ਪਰ ਸਮਾਜ ਲਈ ਉਹ ਕੁਝ ਵੀ ਨਹੀਂ ਕਰਦੇ। ਜੋ ਥੋੜ੍ਹੇ ਜਾਗਰੁਕ ਹਨ ਉਹ ਐਮ. ਪੀ. ਅਤੇ ਐਮ.ਐਲ.ਏ. ਬਣ ਕੇ, ਜਾਤੀਵਾਦੀ ਲੋਕਾ ਦੀ ਜਮਾਤ ਦਾ ਹਿੱਸਾ ਬਣ ਕੇ ਆਪਣੇ ਲੋਕਾਂ ਤੇ ਜ਼ੁਲਮ ਦਾ ਹਿੱਸਾ ਬਣਦੇ ਹਨ ਅਤੇ ਆਪਣੇ ਸਮਾਜ ਦੇ ਜਾਇਜ ਕੰਮ ਵੀ ਨਹੀਂ ਕਰਦੇ।

ਸਮਾਜ ਨੂੰ ਇਨ੍ਹਾਂ ਤੋਂ ਕਾਫੀ ਆਸ ਸੀ, ਇਨ੍ਹਾਂ ਨੂੰ ਨੌਕਰੀ ਦੌਰਾਨ ਸੁਨਹਿਰੀ ਮੌਕਾ ਵੀ ਮਿਲਿਆ ਸੀ ਪਰ ਇਨ੍ਹਾਂ ਸਰਕਾਰੀ ਨੌਕਰੀ ਦੌਰਾਨ ਸਮੇਂ ਦੀ ਕਮੀ ਦੱਸੀ ਅਤੇ ਸੇਵਾ-ਮੁਕਤੀ ਬਾਅਦ ਅੱਖਾਂ ਦੀ ਰੋਸ਼ਨੀ ਘੱਟ ਹੋ ਗਈ ਹੈ ਦਾ ਬਹਾਨਾ, ਗੋਡੇ ਜਵਾਬ ਦੇ ਗਏ ਹਨ ਦਾ ਬਹਾਨਾ, ਬੱਚੇ ਅਜੇ ਸੈਟਲ ਨਹੀਂ ਹੋਏ ਦਾ ਬਹਾਨਾ, ਮੈਨੂੰ ਗੱਡੀ ਚਲਾਉਣੀ ਨਹੀਂ ਆਉਂਦੀ ਦਾ ਬਹਾਨਾ, ਸਮਾਜ ਦਾ ਕੁਝ ਨਹੀਂ ਹੋ ਸਕਦਾ ਵਰਗੀਆਂ ਟਿੱਪਣੀਆਂ ਦੇ ਕੇ ਪੱਲਾ ਝਾੜ ਲੈਂਦੇ ਹਨ।

ਖੈਰ, ਪੰਜੇ ਉਂਗਲਾਂ ਇੱਕੋ ਜਿਹੀਆਂ ਨਹੀਂ ਹੁੰਦੀਆਂ। ਬਾਬਾ ਸਾਹਿਬ ਅੰਬੇਡਕਰ ਦੀ ਵਿਚਾਰਧਾਰਾ ਨੂੰ ਅੱਜ ਦਾ ਪੜ੍ਹਿਆ-ਲਿਖਿਆ ਦਲਿਤ ਵਰਗ ਸਮਝਣ ਲੱਗ ਪਿਆ ਹੈ। ਕੁਝ ਪੜ੍ਹੇ-ਲਿਖੇ ਨੌਕਰੀ ਕਰ ਰਹੇ ਅਤੇ ਸੇਵਾ-ਮੁਕਤ ਅਧਿਕਾਰੀ ਸਮਾਜ ਸੇਵਾ ਦੇ ਕੰਮ ਵਿੱਚ ਜੁੱਟ ਗਏ ਹਨ। ਇਹ ਮੁੱਠੀ ਭਰ ਲੋਕ ਨਿਰਾਸ਼ਾ ਦੇ ਆਲਮ ਵਿੱਚੋਂ ਸਮਾਜ ਨੂੰ ਕੱਢਣ ਲਈ ਹੰਭਲਾ ਮਾਰ ਰਹੇ ਹਨ। ਇਹ ਲੋਕ ਆਪਣਾ ਸਮਾਂ, ਧੰਨ ਅਤੇ ਗਿਆਨ ਸਮਾਜ ਲਈ 'ਪੇ ਬੈਕ ਟੂ ਸੋਸਾਇਟੀ' ਦੇ ਸਿਧਾਂਤ ਤੇ ਅਮਲ ਕਰਦੇ ਹੋਏ ਅੱਗੇ ਅੱਗੇ ਵਧ ਰਹੇ ਹਨ। ਆਮ ਲੋਕ ਇਨ੍ਹਾਂ ਦਾ ਸਾਥ ਦੇ ਰਹੇ ਹਨ।

ਉਹ ਦਿਨ ਦੂਰ ਨਹੀਂ ਜਦੋਂ ਬਾਬਾ ਸਾਹਿਬ ਦੇ ਵਿਚਾਰਾਂ ਦਾ ਲਾਇਆ ਹੋਇਆ ਪੌਦਾ ਇਨ੍ਹਾਂ ਲੋਕਾਂ ਦੇ ਯਤਨਾਂ ਸਦਕਾ ਸਮਾਜ ਲਈ ਫਲ ਦੇਣ ਦੇ ਕਾਬਲ ਹੋ ਜਾਵੇ। ਇਹ ਸਫਰ ਔਖਾ ਜਰੂਰ ਹੈ ਪਰ ਅਸੰਭਵ ਨਹੀਂ ਹੈ। ਮੰਜਲ ਉਨ੍ਹਾਂ ਨੂੰ ਮਿਲਦੀ ਹੈ, ਜਿਨ੍ਹਾਂ ਨੂੰ ਆਪਣੇ ਆਪ ਤੇ ਵਿਸ਼ਵਾਸ਼ ਹੁੰਦਾ ਹੈ। ਕੁਝ ਕੁ ਬੁੱਧੀਜੀਵੀ ਦਲਿਤ ਇਸ ਔਖੇ ਸਫਰ ਤੇ ਨਿਕਲੇ ਹਨ, ਕਾਫਲਾ ਦਨ-ਬ-ਦਿਨ ਵੱਡਾ ਹੁੰਦਾ ਜਾ ਰਿਹਾ ਹੈ। ਸ਼ਹੀਦ ਭਗਤ ਸਿੰਘ ਦੀ ਮਨ ਪਸੰਦ ਕਵਿਤਾ ਦੀ ਵਾਰਵਾਰ ਯਾਦਆਉਂਦੀ ਹੈ,

''ਵਕਤ ਆਨੇ ਦੇ ਬਤਾ ਦੇਂਗੇ ਤੁਝੇ ਐ ਆਸਮਾਂ<br>
ਹਮ ਅਬੀ ਸੇ ਕਿਆ ਬਤਾਏਂ ਕਿਆ ਹਮਾਰੇ ਦਿਲ ਮੇਂ ਹੈ''।




# ਨਵਾਂਸ਼ਹਿਰ ਵਿਚ ਨਹੀਂ ਟੁੱਟ ਰਹੀ ਕਰੋਨਾ ਦੀ ਚੇਨ, 18 ਮਰੀਜ਼ ਹੋਏ

ਨਵਾਂਸ਼ਹਿਰ ਵਿਚ ਮੰਗਲਵਾਰ ਨੂੰ ਕੋਰੋਨਾ ਦੇ 3 ਨਵੇਂ ਪਾਜੇਟਿਵ ਮਾਮਲੇ ਪਾਏ ਗਏ ਹਨ। ਨਾਲ ਹੀ ਜ਼ਿਲ੍ਹੇ ਵਿਚ ਮਰੀਜ਼ਾਂ ਦੀ ਗਿਣਤੀ 18 ਹੋ ਗਈ ਹੈ। ਮੰਗਲਵਾਰ ਨੂੰ ਮਿਲੇ 3 ਨਵੇਂ ਮਾਮਲਿਆਂ ਵਿਚੋਂ ਦੋ ਲੋਕ 70 ਸਾਲਾ ਮ੍ਰਿਤਕ ਰਾਗੀ ਬਜ਼ੁਰਗ ਦੇ ਪੋਤੇ ਅਤੇ ਇਕ ਦੋਹਤਾ ਹੈ। ਹੁਣ ਤੱਕ ਜ਼ਿਲ੍ਹੇ ਵਿਚ ਮਿਲੇ ਸਾਰੇ ਮਾਮਲੇ ਰਾਗੀ ਬਜ਼ੁਰਗ ਨਾਲ ਹੀ ਸਬੰਧਤ ਹਨ।

ਇਸ ਕਰਕੇ ਸਿਹਤ ਵਿਭਾਗ ਬਜ਼ੁਰਗ ਦੇ ਨਜ਼ਦੀਕੀ ਸੰਪਰਕ ਵਿਚ ਆਉਣ ਵਾਲੇ ਅਤੇ ਲੋਕਾਂ ਦੇ ਵੀ ਸੈਂਪਲ ਲੈ ਰਿਹਾ ਹੈ। ਵਰਣਨਯੋਗ ਹੈ ਕਿ ਰਾਗੀ ਬਜ਼ੁਰਗ ਦੀ ਬੰਗਾ ਦੇ ਸਿਵਲ ਹਸਪਤਾਲ ਵਿਚ ਮੌਤ ਹੋ ਗਈ ਸੀ। ਬਜ਼ੁਰਗ ਜਰਮਨੀ ਤੋਂ ਵਾਇਆ ਇਟਲੀ ਹੁੰਦਾ ਹੋਇਆ 7 ਮਾਰਚ ਨੂੰ ਦੋ ਹੋਰ ਸਾਥੀਆਂ ਸਮੇਤ ਪਿੰਡ ਪਠਲਾਵਾ (ਨਵਾਂਸ਼ਹਿਰ) ਪਹੁੰਚਿਆ ਸੀ। ਹੁਣ ਸਿਹਤ ਵਿਭਾਗ ਪਿੰਡ ਦੇ ਲੋਕਾਂ ਨਾਲ ਸੰਪਰਕ ਬਣਾ ਕੇ ਉਹਨਾਂ ਨੂੰ ਆਈਸੋਲੇਟ ਕਰ ਰਿਹਾ ਹੈ। ਇਸ ਬਜ਼ੁਰਗ ਕਾਰਨ ਇਸ ਦੇ ਸਾਰੇ ਪਰਿਵਾਰ ਨੂੰ ਇਹ ਬਿਮਰੀ ਲੱਗ ਗਈ।

(ਧੰਨਵਾਦ ਸਹਿਤ 'ਦੈਨਿਕ ਭਾਸਕਰ'

# ਬੰਦੇ ਖਾਤਿਰ ਨਹੀ ਕੋਈ ਕੰਮ ਔਖੇਰਾ



ਇੰਜੀਨੀਅਰ ਸਤਨਾਮ ਸਿੰਘ ਮੱਟੂ
91-97797-08257

ਕਿਸੇ ਸ਼ਾਇਰ ਦੀਆਂ ਇਸ ਸਤਰਾਂ ਸਾਨੂੰ ਇੱਕ ਬਹੁਤ ਖੂਬਸੂਰਤ ਸੁਨੇਹਾ ਦਿੰਦੀਆਂ:-

"ਇਸ ਦੁਨੀਆਂ ਵਿੱਚ ਬੰਦੇ ਖਾਤਿਰ ਨਹੀਂ ਕੋਈ ਕੰਮ ਔਖੇਰਾ,
ਬੱਸ ਚਾਹੀਦੈ ਮੰਜ਼ਿਲ ਉੱਤੇ ਪੈੜਾਂ ਕਰਨ ਦਾ ਜੇਰਾ।"

ਇਨਸਾਨ ਅੰਦਰ ਕੰਮ ਨੂੰ ਕਰਨ ਦੀ ਚੇਸ਼ਟਾ ਅਤੇ ਜਨੂੰਨ ਹੋਣਾ ਚਾਹੀਦਾ ਹੈ, ਮਿਹਨਤ,ਹਿੰਮਤ, ਹੌਸਲੇ ਅਤੇ ਦ੍ਰਿੜ੍ਹ ਇਰਾਦੇ ਨਾਲ ਮਨੁੱਖ ਅਸਮਾਨੀ ਉਡਾਰੀਆਂ ਮਾਰ ਲੈਂਦੇ ਹਨ, ਲੱਖਾਂ ਮੀਲਾਂ ਨੂੰ ਪੈਰਾਂ ਦੇ ਕਦਮਾਂ ਨਾਲ ਨਾਪ ਲੈਂਦੇ ਹਨ, ਸਮੁੰਦਰ ਦੀਆਂ ਗਹਿਰਾਈਆਂ ਨੂੰ ਛੂਹ ਲੈਂਦੇ ਹਨ, ਵੱਡੇ ਵੱਡੇ ਤੂਫਾਨਾਂ ਨੂੰ ਛਾਤੀ ਦੇ ਜ਼ੋਰ ਨਾਲ ਡੱਕ ਲੈਂਦੇ ਹਨ, ਦਰਿਆਵਾਂ ਦੇ ਵਹਿਣ ਮੋੜਨ ਦੀ ਹਿੰਮਤ ਕਰ ਲੈਂਦੇ ਹਨ।

ਬਿਨਾਂ ਸ਼ੱਕ ਮਨੁੱਖ ਨੇ ਬਹੁਤ ਤਰੱਕੀ ਕੀਤੀ ਹੈ, ਇਸਦੇ ਹਿੰਮਤ,ਲਗਨ, ਮਿਹਨਤ ਅਤੇ ਹੌਸਲੇ ਦੀ ਦਾਦ ਦੇਣੀ ਬਣਦੀ ਹੈ। ਮਨੁੱਖ ਨੇ ਜਿਸ ਤਰ੍ਹਾਂ ਉੱਪਰ ਜ਼ਿਕਰ ਹੋਇਆ ਹੈ, ਜੰਗਲਾਂ ਅਤੇ ਬੇਆਬਾਦ ਜ਼ਮੀਨਾਂ ਨੂੰ ਆਪਣੇ ਸਿਰਤੋੜ ਯਤਨਾਂ ਸਦਕਾ ਜ਼ਰਖੇਜ਼ ਅਤੇ ਵਾਹੀਯੋਗ ਖੇਤੀ ਚ ਬਣਾ ਕੇ ਹਰੇ ਭਰੇ ਖੇਤਾਂ ਚ ਤਬਦੀਲ ਕਰ ਲਿਆ ਹੈ। ਇਨਸਾਨ ਦੇ ਸਿਰੜ ਅੱਗੇ ਪਰਬਤ ਝੁਕ ਜਾਂਦੇ ਹਨ। ਸਿਆਣੇ ਨੇ ਵੀ ਕਿਹਾ ਹੈ, "ਹਿੰਮਤ ਦਾ ਹਮਾਇਤੀ ਰੱਬ ਹੈ" ਵੀ ਮਨੁੱਖ ਨੂੰ ਮਿਹਨਤ ਕਰਨ ਦੀ ਪ੍ਰੇਰਨਾ ਦਿੰਦਾ ਹੈ।ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ "ਕਿਰਤ ਕਰੋ,ਨਾਮ ਜਪੋ,ਵੰਡ ਛਕੋ" ਵੀ ਇਸੇ ਸੰਦਰਭ ਚ ਜੁਟਣ ਲਈ ਉਤਸ਼ਾਹਿਤ ਕਰਦਾ ਹੈ। ਦੁਨੀਆਂ ਚ ਬਹੁਤ ਸਾਰੀਆਂ ਕਹਾਣੀਆਂ ਅਤੇ ਉਦਾਹਰਣਾਂ ਹਨ ਜਦੋਂ ਹਿੰਮਤ ਹਾਰ ਕੇ ਬੈਠੇ ਸੂਰਬੀਰ ਯੋਧੇ ਬਹਾਦਰ ਮਨੁੱਖ ਨੂੰ ਪ੍ਰੇਰਨਾ ਦੇਕੇ ਉਤਸ਼ਾਹਿਤ ਕੀਤਾ ਅਤੇ ਉਸਨੇ ਦੁਨੀਆਂ ਚ ਇਤਿਹਾਸ ਰਚ ਦਿੱਤਾ। ਉਹਨਾਂ ਚੋਂ ਬਾਬਾ ਬੰਦਾ ਸਿੰਘ ਬਹਾਦਰ ਦਾ ਨਾਮ ਵੀ ਉੱਭਰ ਕੇ ਉੱਪਰਲੀਆਂ ਸਫ਼ਾਂ ਚ ਆਉਂਦਾ ਹੈ।ਕਰੜੀ ਮਿਹਨਤ ਨਾਲ ਪੜਾਈ ਸਦਕਾ ਇੱਕ ਗਰੀਬ ਸੇਵਾਦਾਰਨੀ, ਨੌਕਰਾਣੀ,ਰਿਕਸ਼ਾ ਚਾਲਕ,ਕਿਸਾਨ, ਗ਼ਰੀਬ ਆਦਿ ਦੇ ਬੱਚੇ ਆਈ ਐ ਐਸ,ਪੀ ਸੀ ਐਸ,ਆਈ ਪੀ ਐੱਸ ਹਨ।ਬੱਸ ਇਨਸਾਨ ਅੰਦਰ ਮੰਜ਼ਿਲਾਂ ਪਾਉਣ ਦਾ ਜਨੂੰਨ ਹੋਣਾ ਚਾਹੀਦਾ ਹੈ। ਕਿਸੇ ਸ਼ਾਇਰ ਨੇ ਬਹੁਤ ਖੂਬ-ਸੂਰਤ ਲਿਖਿਆ ਹੈ:

ਹਿੰਮਤ ਕਰੇ ਇਨਸਾਨ ਤੋਂ ਕਿਆ ਕਾਮ ਹੈ ਮੁਮਕਿਨ
ਵੋ ਕੌਨ ਸਾ ਮਾਮਲਾ ਹੈ ਜੋ ਹੱਲ ਨਹੀਂ ਹੋ ਸਕਤਾ।

ਬਸ਼ਰਤੇ ਇਨਸਾਨ ਅੰਦਰ ਕੁੱਝ ਕਰਨ ਦੀ ਤਾਂਘ ਹੋਣੀ ਚਾਹੀਦੀ ਹੈ। "ਹਾਸ਼ਿਮ ਫਤਿਹ ਨਸੀਬ ਉਹਨਾਂ ਨੂੰ , ਜਿਨ੍ਹਾਂ ਹਿੰਮਤ ਯਾਰ ਬਣਾਈ" ਦੇ ਅਸੂਲ ਦਾ ਧਾਰਨੀ ਬਣਨ ਦੀ ਲੋੜ ਹੈ।

ਹਰੀ ਕ੍ਰਾਂਤੀ ਵੀ ਇਨਸਾਨ ਦੀ ਕਰੜੀ ਅਤੇ ਅਣਥੱਕ ਮਿਹਨਤ ਅਤੇ ਯਤਨਾਂ ਦਾ ਨਤੀਜਾ ਹੈ। ਇਨਸਾਨ ਨੂੰ ਦਲੇਰਾਨਾ ਕਦਮ ਚੁੱਕਣ ਅਤੇ ਉੱਦਮ ਦੇ ਧਾਰਣੀ ਹੋਣ ਦੀ ਲੋੜ ਹੁੰਦੀ ਹੈ। ਕਿਸੇ ਸ਼ਾਇਰ ਦੀਆਂ ਇਹ ਸਤਰਾਂ ਵੀ ਮਨੁੱਖ ਬੇਹੱਦ ਪ੍ਰੇਰਨਾਦਾਇਕ ਹਨ:

ਬੇਹਿੰਮਤੇ ਸ਼ਿਕਵਾ ਕਰਨ ਹਮੇਸ਼ ਮੁਕੱਦਰਾਂ ਤੇ,
ਉੱਡਣ ਵਾਲੇ ਉੱਗ ਪੈਂਦੇ ਨੇ ਸੀਨੇ ਪਾੜਕੇ ਪੱਥਰਾਂ ਦੇ।

ਇਨਸਾਨ ਨੂੰ ਆਪਣੀ ਮਿਹਨਤ ਉੱਤੇ ਵਿਸ਼ਵਾਸ ਦੀ ਮੋਹਰ ਲਾਉਣ ਦੀ ਜ਼ਰੂਰਤ ਹੁੰਦੀ ਹੈ। ਕਿਸੇ ਲੇਖਕ ਨੇ ਬਹੁਤ ਸੋਹਣਾ ਲਿਖਿਆ ਹੈ:

"ਆਪਣੇ ਆਪ ਦੀ ਸੁਣੋ, ਨਵੀਆਂ ਮੰਜ਼ਿਲਾਂ ਲੱਭੋ, ਸ਼ੁਰੂ ਲੋਕ ਹੱਸਣਗੇ,ਪਰ ਬਾਅਦ ਚ ਪਛਤਾਉਣਗੇ,ਕਿ ਕਾਸ਼ ਅਸੀਂ ਵੀ ਇਹ ਰਸਤਾ ਚੁਣਿਆ ਹੁੰਦਾ।"

ਅਸਮਾਨੀ ਉਡਾਰੀਆਂ ਮਾਰਦੇ ਜਹਾਜ਼, ਸਮੁੰਦਰੀ ਬੇੜੇ, ਅਸਮਾਨ ਛੂਹਦੀਆਂ ਇਮਾਰਤਾਂ, ਲੰਬੀਆਂ ਲੰਬੀਆਂ ਸੁਰੰਗਾਂ, ਫਲਾਈਓਵਰ, ਸੜਕਾਂ, ਫੈਕਟਰੀਆਂ, ਮਸੀਨਰੀ, ਟ੍ਰੇਨਾਂ,ਵਹੀਕਲਜ਼ ਆਦਿ ਸਭ ਮਨੁੱਖ ਦੀ ਮਿਹਨਤ ਦਾ ਹੀ ਖੂਬਸੂਰਤ ਸਿੱਟਾ ਹੈ।

ਸਮੇਂ ਕਦਰ, ਅਨੁਸ਼ਾਸਨ,ਮਿਹਨਤ, ਹੌਸਲਾ, ਈਮਾਨਦਾਰੀ, ਚੁਸਤੀ,ਸੱਭਿਆਚਾਰਕ ਕਦਰਾਂ-ਕੀਮਤਾਂ, ਸਮਾਜਿਕ ਅਤੇ ਪਰਿਵਾਰਕ ਰਿਸ਼ਤਿਆਂ ਦੀ ਮਹੱਤਤਾ ਅਤੇ ਪਾਕੀਜ਼ਗੀ ਮਨੁੱਖ ਦੇ ਜੀਵਨ ਚ ਮੰਜ਼ਿਲ ਤਹਿ ਕਰਨ ਦੇ ਬੁਨਿਆਦੀ ਅਮਲ ਹਨ।

# ਪੰਜਾਬ 'ਚ ਕਰਫਿਊ ਦੀ ਉਲੰਘਣਾ ਸਬੰਧੀ 232 ਕੇਸ ਦਰਜ

ਚੰਡੀਗੜ੍ਹ- ਪੰਜਾਬ ਵਿੱਚ ਕਰੋਨਾਵਾਇਰਸ ਦੇ ਮੱਦੇਨਜ਼ਰ ਲਗਾਏ ਗਏ ਕਰਫਿਊ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਅੱਜ ਪੁਲੀਸ ਵੱਲੋਂ ਰਾਜ ਭਰ 'ਚ 232 ਕੇਸ ਦਰਜ ਕੀਤੇ ਗਏ ਅਤੇ 111 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਸਬੰਧੀ ਡੀ-ਜੀਪੀ ਪੰਜਾਬ ਦਿਨਕਰ ਗੁਪਤਾ ਨੇ ਦੱਸਿਆ ਕਿ ਕਰਫਿਊ ਦੀ ਉਲੰਘਣਾ ਸਬੰਧੀ 38 ਕੇਸ ਐੱਸਏਐੱਸ ਨਗਰ (ਮੁਹਾਲੀ) ਵਿੱਚ ਦਰਜ ਕੀਤੇ ਗਏ ਹਨ। ਇਸ ਤੋਂ ਇਲਾਵਾ ਅੰਮ੍ਰਿਤਸਰ (ਦਿਹਾਤੀ) ਵਿੱਚ 34 ਅਤੇ ਤਰਨ ਤਾਰਨ ਤੇ ਸੰਗਰੂਰ ਵਿੱਚ 30-30 ਕੇਸ ਦਰਜ ਹੋਏ ਹਨ। ਇਸ ਦੇ ਨਾਲ ਹੀ ਤਰਨ ਤਾਰਨ ਵਿੱਚ 43 ਵਿਅਕਤੀ ਗ੍ਰਿਫ਼ਤਾਰ ਕੀਤੇ ਗਏ ਹਨ ਜਦੋਂਕਿ 23 ਵਿਅਕਤੀਆਂ ਨੂੰ ਕਪੂਰਥਲਾ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸੇ ਤਰ੍ਹਾਂ ਹੁਸ਼ਿਆਰਪੁਰ ਵਿੱਚ 15, ਬਠਿੰਡਾ 'ਚ 13, ਫਿਰੋਜ਼ਪੁਰ 'ਚ 5, ਪਟਿਆਲਾ 'ਚ 5, ਗੁਰਦਾਸਪੁਰ 'ਚ 4 ਅਤੇ ਲੁਧਿਆਣਾ ਦਿਹਾਤੀ 'ਚ 2 ਵਿਅਕਤੀ ਗ੍ਰਿਫ਼ਤਾਰ ਕੀਤੇ ਗਏ ਹਨ। ਡੀਜੀਪੀ ਦਿਨਕਰ ਗੁਪਤਾ ਨੇ ਦੱਸਿਆ ਕਿ ਜ਼ਿਲ੍ਹਾ ਖੰਨਾ, ਪਠਾਨਕੋਟ, ਬਰਨਾਲਾ, ਸੀ.ਪੀ. ਲੁਧਿਆਣਾ, ਫਾਜ਼ਿਲਕਾ ਤੇ ਮਾਨਸਾ ਵਿੱਚ ਕਰਫਿਊ ਦੀ ਉਲੰਘਣਾ ਦਾ ਕੋਈ ਮਾਮਲਾ ਸਾਹਮਣੇ ਨਹੀਂ ਆਇਆ ਹੈ। ਉਨ੍ਹਾਂ ਦੱਸਿਆ ਕਿ ਦਿਨ ਵੇਲੇ ਸ੍ਰੀ ਮੁਕਤਸਰ ਸਾਹਿਬ ਵਿੱਚ ਏਕਾਂਤਵਾਸ ਦੀ ਉਲੰਘਣਾ ਦੇ ਦੋ ਮਾਮਲੇ ਸਾਹਮਣੇ ਆਏ ਅਤੇ ਇੱਥੋਂ ਹੀ ਕਰਫਿਊ ਦੀ ਉਲੰਘਣਾ ਦੇ ਚਾਰ ਮਾਮਲੇ ਸਾਹਮਣੇ ਆਏ ਹਨ। ਹੁਣ ਤੱਕ ਵੱਖ-ਵੱਖ ਰੈਂਕ ਦੇ ਕੁੱਲ 38160 ਪੁਲੀਸ ਮੁਲਾਜ਼ਮ ਕਰਫਿਊ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ਤਾਇਨਾਤ ਕੀਤੇ ਗਏ ਹਨ। ਇਨ੍ਹਾਂ ਵਿੱਚ 981 ਵਾਲੰਟੀਅਰ ਵੀ ਸ਼ਾਮਲ ਹਨ।

ਡੀਜੀਪੀ ਨੇ ਪੰਜਾਬ ਪੁਲੀਸ ਦੀ ਸੀਨੀਅਰ ਮੈਨੇਜਮੈਂਟ ਟੀਮ ਸਮੇਤ ਵੀਡੀਓ ਕਾਨਫ਼ਰੰਸਿੰਗ ਰਾਹੀਂ ਸਮੂਹ ਆਈਜੀK਼ਡੀਆਈਜੀ ਰੇਂਜ ਅਤੇ ਕਮਿਸ਼ਨਰਾਂ ਤੇ ਐੱਸਐੱਸਪੀਜ਼ ਨਾਲ ਅੱਜ ਇੱਕ ਮੀਟਿੰਗ ਕੀਤੀ। ਮੀਟਿੰਗ ਵਿੱਚ ਲੋਕਾਂ ਨੂੰ ਜ਼ਰੂਰੀ ਵਸਤਾਂ ਜਿਵੇਂ ਕਿ ਦੁੱਧ ਅਤੇ ਖਾਣ-ਪੀਣ ਦੀਆਂ ਚੀਜ਼ਾਂ, ਦਵਾਈਆਂ, ਸਿਹਤ ਸਹੂਲਤਾਂ ਆਦਿ ਪਹੁੰਚਾਉਣ ਬਾਰੇ ਵੀ ਚਰਚਾ ਕੀਤੀ ਗਈ। ਡੀਜੀਪੀ ਨੇ ਸਾਰੇ ਜ਼ਿਲ੍ਹਾ ਪੁਲੀਸ ਮੁਖੀਆਂ ਨੂੰ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਕਿ ਦੂਰਸੰਚਾਰ, ਬੈਂਕਾਂ, ਏਟੀਐੱਮਜ਼, ਪੱਤਰਕਾਰਾਂ, ਅਖ਼ਬਾਰਾਂ ਵੰਡਣ ਵਾਲੇ ਹਾਕਰਾਂ, ਡਾਕਟਰਾਂ, ਪੈਰਾਮੈਡੀਕਲ, ਸੈਨੇਟਰੀ ਵਰਕਰਾਂ, ਇਲੈਕਟਰੀਸ਼ਨ ਤੇ ਪਲੰਬਰ ਆਦਿ ਸਮੇਤ ਜ਼ਰੂਰੀ ਸੇਵਾਵਾਂ ਬਣਾਈ ਰੱਖਣ ਲਈ ਲੋੜ ਅਨੁਸਾਰ ਪਾਸ ਮੁਹੱਈਆ ਕਰਵਾਏ ਜਾਣ। ਡੀਜੀਪੀ ਪੰਜਾਬ ਨੇ ਫੀਲਡ ਪੁਲੀਸ ਸਟਾਫ਼ ਨੂੰ ਦੇਸ਼ ਦੇ ਨਾਗਰਿਕਾਂ ਲਈ ਮੁਸ਼ਕਿਲਾਂ ਵਾਲੇ ਇਸ ਸਮੇਂ ਵਿੱਚ ਪ੍ਰਚਾਰਕਾਂ ਅਤੇ ਸਮਾਜ ਸੇਵੀਆਂ ਵਜੋਂ ਕੰਮ ਕਰਨ ਲਈ ਉਤਸ਼ਾਹਿਤ ਕੀਤਾ। ਡੀਜੀਪੀ ਨੇ ਜ਼ਿਲ੍ਹਾ ਪੁਲੀਸ ਮੁਖੀਆਂ ਨੂੰ ਸਲਾਹ ਦਿੱਤੀ ਕਿ ਉਹ ਅੰਤਰ-ਰਾਜੀ ਸਰਹੱਦਾਂ ਤੋਂ ਪਾਰ ਖਾਣ-ਪੀਣ ਅਤੇ ਜ਼ਰੂਰੀ ਸਾਮਾਨ ਪੰਜਾਬ ਵਿੱਚ ਪਹੁੰਚਾਉਣ ਲਈ ਟਰੱਕਾਂ ਦੀ ਆਵਾਜਾਈ ਨੂੰ ਪ੍ਰਵਾਨਗੀ ਦੇਣ ਤਾਂ ਜੋ ਜ਼ਰੂਰੀ ਵਸਤਾਂ ਦੀ ਘਾਟ ਨਾ ਹੋਵੇ। ਉਨ੍ਹਾਂ ਪਠਾਨਕੋਟ ਦੇ ਮਾਧੋਪੁਰ ਬੈਰੀਅਰ ਵਿੱਚ ਫਸੇ ਸੈਂਕੜੇ ਟਰੱਕਾਂ ਦੇ ਜੰਮੂ-ਕਸਮੀਰ ਵਿੱਚ ਦਾਖਲੇ ਲਈ ਜੰਮੂ-ਕਸਮੀਰ ਦੇ ਮੁੱਖ ਸਕੱਤਰ ਅਤੇ ਡੀਜੀਪੀ ਨਾਲ ਵੀ ਗੱਲਬਾਤ ਕੀਤੀ। ਉਨ੍ਹਾਂ ਮਾਧੋਪੁਰ ਬੈਰੀਅਰ 'ਤੇ ਫਸੇ ਕਸ਼ਮੀਰੀ ਵਿਦਿਆਰਥੀਆਂ ਦੇ ਮੁੱਦੇ ਸਬੰਧੀ ਜੰਮੂ-ਕਸਮੀਰ ਦੇ ਸੀਨੀਅਰ ਅਧਿਕਾਰੀਆਂ ਨਾਲ ਗੱਲਬਾਤ ਕੀਤੀ। ਇਸ ਦੌਰਾਨ ਹਾਈਵੇਅ 'ਤੇ ਚੱਲਦੇ ਪੈਟਰੋਲ ਪੰਪਾਂ ਨੂੰ ਯਾਤਰੀਆਂ ਦੀ ਸਹੂਲਤ ਲਈ ਕਾਰਜਸ਼ੀਲ ਕਰਨ ਦੀ ਇਜਾਜ਼ਤ ਦੇਣ ਬਾਰੇ ਵੀ ਚਰਚਾ ਕੀਤੀ ਗਈ।

# ਪੁਲਿਸ ਨੇ ਸ਼ਾਹੀਨ ਬਾਗ਼ ਦਾ ਧਰਨਾ ਚੁਕਵਾਇਆ

**ਨਵੀਂ ਦਿੱਲੀ-** ਕਰੋਨਾਵਾਇਰਸ ਦੇ ਪ੍ਰਕੋਪ ਨੂੰ ਰੋਕਣ ਲਈ ਦਿੱਲੀ ਬੰਦ ਦੇ ਦੂਜੇ ਦਿਨ ਦਿੱਲੀ ਪੁਲੀਸ ਨੇ ਸ਼ਾਹੀਨ ਬਾਗ਼ ਵਿੱਚ 100 ਦਿਨਾਂ ਤੋਂ ਵੱਧ ਸਮੇਂ ਤੋਂ ਨਾਗਰਿਕਤਾ ਸੋਧ ਕਾਨੂੰਨ (ਸੀਏਏ) ਵਿਰੁੱਧ ਚੱਲ ਰਿਹਾ ਰੋਸ ਧਰਨਾ ਅੱਜ ਚੁਕਵਾ ਦਿੱਤਾ। ਦਿੱਲੀ ਪੁਲੀਸ ਨੇ ਅਰਧ ਸੈਨਿਕ ਬਲਾਂ ਦੀ ਮੌਜੂਦਗੀ 'ਚ ਸੜਕ ਨੰਬਰ-13 ਤੋਂ ਬੈਰੀਕੇਡ, ਟੈਂਟ, ਪੋਸਟਰ, ਬੈਨਰ, ਇੰਡੀਆ ਗੇਟ ਦਾ ਪ੍ਰਤੀਰੂਪ ਤੇ ਕੌਮੀ ਝੰਡਾ ਸਤਿਕਾਰ ਨਾਲ ਹਟਾ ਦਿੱਤੇ। ਬਾਕੀ ਸਾਰਾ ਸਾਮਾਨ ਇੱਕ ਟਰੱਕ ਵਿੱਚ ਭਰ ਕੇ ਲੈ ਗਏ। ਕਰੋਨਾਵਾਇਰਸ ਵਧਣ ਦੀਆਂ ਚਿੰਤਾਵਾਂ ਦੌਰਾਨ ਦਿੱਲੀ ਪੁਲੀਸ ਕਮਿਸ਼ਨਰ ਐੱਸਐੱਨ ਸ੍ਰੀਵਾਸਤਵ ਦੇ ਹੁਕਮਾਂ ਮਗਰੋਂ ਸਵੇਰੇ 7 ਵਜੇ ਪੁਲੀਸ ਨੇ ਪ੍ਰਦਰਸ਼ਨਕਾਰੀ ਹਟਾ ਦਿੱਤੇ। ਦਿੱਲੀ 'ਚ ਸੀਏਏ ਖ਼ਿਲਾਫ਼ ਹੋਰ ਥਾਵਾਂ ਜਾਮੀਆ ਮਿਲੀਆ ਇਸਲਾਮੀਆ, ਹੌਜ ਰਾਣੀ, ਜਾਫ਼ਰਾਬਾਦ, ਮਾਲਵੀਆ ਨਗਰ ਤੇ ਤੁਰਕਮਾਨ ਗੇਟ ਦੇ ਧਰਨੇ ਵੀ ਹਟਵਾ ਦਿੱਤੇ। ਇਹ ਕਾਰਵਾਈ ਦਿੱਲੀ 'ਚ ਲੱਗੀ ਧਾਰਾ-144 ਤਹਿਤ ਕੀਤੀ ਗਈ। ਅਰਧ ਸੈਨਿਕ ਬਲਾਂ ਦੀ ਕੰਪਨੀ ਵੀ ਤਾਇਨਾਤ ਕੀਤੀ ਗਈ। ਬੀਤੀ ਰਾਤ ਨਿਜ਼ਾਮੂਦੀਨ ਖੇਤਰ ਵਿੱਚ ਵੀ ਇਕ ਸਥਾਨ ਖਾਲੀ ਕਰਵਾਇਆ ਗਿਆ ਸੀ। ਨੋਇਡਾ ਨੂੰ ਦੱਖਣੀ-ਪੂਰਬੀ ਦਿੱਲੀ ਨਾਲ ਜੋੜਦੀ ਇਸ ਸੜਕ 'ਤੇ ਸੀਏਏ ਦਾ ਵਿਰੋਧ ਕਰਦੀਆਂ ਔਰਤਾਂ 15 ਦਸੰਬਰ 2019 ਤੋਂ ਟੈਂਟ ਗੱਡ ਕੇ ਬੈਠੀਆਂ ਹੋਈਆਂ ਸਨ। ਸ਼ਾਹੀਨ ਬਾਗ਼ ਵਿੱਚ ਟੈਂਟ ਉਖਾੜੇ ਜਾਣ ਦੌਰਾਨ ਪ੍ਰਦਰਸ਼ਨਕਾਰੀਆਂ ਵਿੱਚੋਂ ਕਈਆਂ 'ਤੇ ਪੁਲੀਸ ਕਾਰਵਾਈ ਦਾ ਵਿਰੋਧ ਕਰਨ 'ਤੇ ਅੱਧੀ ਦਰਜਨ ਔਰਤਾਂ ਤੇ 3 ਮਰਦਾਂ ਨੂੰ ਧਾਰਾ 144 ਦੀ ਉਲੰਘਣਾ ਕਰਨ 'ਤੇ ਹਿਰਾਸਤ ਵਿੱਚ ਲੈ ਲਿਆ ਗਿਆ।



ਡੀਸੀਪੀ ਆਰਪੀ ਮੀਣਾ ਨੇ ਦੱਸਿਆ ਕਿ 'ਲੌਕਡਾਊਨ' ਹੋਣ ਕਰ ਕੇ ਸ਼ਾਹੀਨ ਬਾਗ਼ ਦੇ ਪ੍ਰਦਰਸ਼ਨਕਾਰੀਆਂ ਨੂੰ ਹਟਣ ਲਈ ਕਿਹਾ ਗਿਆ ਪਰ ਕੁੱਝ ਵੱਲੋਂ ਪੁਲੀਸ ਦਾ ਵਿਰੋਧ ਕਰਨ ਮਗਰੋਂ ਉਨ੍ਹਾਂ ਨੂੰ ਹਿਰਾਸਤ ਵਿੱਚ ਲਿਆ ਗਿਆ। ਇਸੇ ਦੌਰਾਨ ਇਕ ਪ੍ਰਬੰਧਕ ਨੇ ਆਪਣਾ ਨਾਂ ਨਹੀਂ ਦੱਸਣ ਦੀ ਸ਼ਰਤ 'ਤੇ ਦੱਸਿਆ ਕਿ ਕਰੋਨਾਵਾਇਰਸ 'ਤੇ ਕਾਬੂ ਪਾਏ ਜਾਣ ਤੋਂ ਬਾਅਦ ਫਿਰ ਤੋਂ ਪ੍ਰਦਰਸ਼ਨ ਸ਼ੁਰੂ ਕਰਨ ਬਾਰੇ ਫ਼ੈਸਲਾ ਕੀਤਾ ਜਾਵੇਗਾ।

# ਮਰਦਮਸ਼ੁਮਾਰੀ

ਮਰਦਮਸ਼ੁਮਾਰੀ ਵੀ ਹੈ ਹੁਣ ਚਲਦੀ, ਸਮਝ ਲਈਏ ਗੱਲ ਜੀ ਸਾਰੇ
ਖਾਲੀ ਖਾਨੇ ਵਿਚ ਸਿੱਖ ਭਰਨਾ, ਬਹੁਤੇ ਬਹੁਤੇ ਮਿਲਣਗੇ ਸਹਾਰੇ।

ਲੱਖਾਂ ਰੁਪਏ ਸਰਕਾਰ ਖਰਚਦੀ, ਮਹਿਕਮਾ ਲੋਕਾਂ ਲਈ ਕੰਮ ਕਰਦਾ
ਕੱਲੇ ਕੱਲੇ ਦਾ ਹਿਸਾਬ ਰੱਖਦੇ, ਸਹੀ ਟਿਕਾਣਾ ਵੀ ਦੱਸੀਏ ਘਰ ਦਾ
ਇੱਥੇ ਹੱਕ ਹੈ ਲੋਕਾਂ ਨੂੰ ਮਿਲਦੇ, ਕੋਈ ਨਹੀਂ ਲਾਉਂਦਾ ਜੀ ਲਾਰੇ
ਖਾਲੀ ਖਾਨੇ ਵਿਚ ਸਿੱਖ ਭਰਨਾ, ਸਮਝ ਲਈਏ ਗੱਲ ਜੀ ਸਾਰੇ।

ਉਨਤੀ ਵਿਕਾਸ ਵਧੇਗਾ ਬਥੇਰਾ, ਸਰਕਾਰ ਨੂੰ ਆਪਣੀ ਗਿਣਤੀ ਦੱਸੀਏ
ਆਪਸ ਵਿਚ ਪੰਜਾਬੀ ਹੀ ਬੋਲੋ, ਬੱਚਿਆਂ ਦੇ ਵੀ ਕੰਨ ਕੱਸੀਏ
ਸਿੰਘ ਕੌਰ ਵੀ ਲਿਖਣਾ ਜ਼ਰੂਰੀ, ਸਭ ਕੁਝ ਦੱਸਣਾ ਪਰਿਵਾਰ ਬਾਰੇ
ਮਰਦਮਸ਼ੁਮਾਰੀ ਵੀ ਹੈ ਹੁਣ ਚਲਦੀ, ਬਹੁਤੇ ਬਹੁਤੇ ਮਿਲਣਗੇ ਸਹਾਰੇ।

ਬਿਲਕੁਲ ਘੌਲ ਨਹੀਂ ਕਰਨੀ ਜੀ, ਸੰਗਤ ਜੀ ਫਾਰਮ ਤੁਸੀਂ ਭਰਨਾ
ਹਰ ਇਕ ਰਿਸ਼ਤੇਦਾਰ੍ਹੂੰ ਦੱਸੋ, ਬਹੁਤ ਜ਼ਰੂਰੀ ਇਹ ਕੰਮ ਕਰਨਾ
ਮਰਦਮਸ਼ੁਮਾਰੀ ਦੇ ਫਾਇਦੇ ਹੀ ਫਾਇਦੇ, ਲੈਣਗੇ ਬੱਚੇ ਨਜ਼ਾਰੇ
ਖਾਲੀ ਖਾਨੇ ਵਿਚ ਸਿੱਖ ਭਰਨਾ, ਸਮਝ ਲਈਏ ਗੱਲ ਜੀ ਸਾਰੇ।

ਆਪਣੀ ਬੋਲੀ ਤੇ ਆਪਣਾ ਧਰਮ, ਦੱਸਣਾ ਹੈ ਇਹ ਜ਼ਰੂਰੀ ਜੀ
ਸਕੂਲ ਨੌਕਰੀ ਸਾਰੇ ਹੀ ਪਾਸੇ, ਪਊਗੀ ਸਾਡੀ ਵੀ ਪੂਰੀ ਜੀ
ਕਾਨੂੰਨ ਦੇ ਵਿਚ ਹੀ ਰਹਿਣਾ ਜੀ, ਕੋਈ ਕਰਨੇ ਨਹੀਂ ਪੁੱਠੇ ਕਾਰੇ
ਮਰਦਮਸ਼ੁਮਾਰੀ ਹੈ ਹੁਣ ਚਲਦੀ, ਸਮਝੀਏ ਗੱਲ ਜੀ ਸਾਰੇ।

ਦੱਸੀਏ ਗੱਲ ਬਿਗਾਨਿਆਂ ਨੂੰ ਵੀ, ਸਿੱਖ ਧਰਮ ਕੀ ਕੀ ਕਹਿੰਦਾ
ਬਾਬੇ ਨਾਨਕ ਨੂੰ ਜੋ ਸਮਝੇ, ਚੜ੍ਹਦੀ ਕਲਾ ਵਿਚ ਹੀ ਰਹਿੰਦਾ
'ਅਜੀਤ ਸਿੰਘਾ' ਸਾਰੀ ਦੁਨੀਆਂ, ਸਮਝਣ ਲੱਗ ਜਾਊ ਸਾਡੇ ਜੈਕਾਰੇ
ਖਾਲੀ ਖਾਨੇ ਵਿਚ ਸਿੱਖ ਭਰਨਾ, ਸਮਝ ਲਈਏ ਗੱਲ ਜੀ ਸਾਰੇ।



ਅਜੀਤ ਸਿੰਘ ਬਾਹੀਆ
510-314-2859

### ਕੌਮਾਂਤਰੀ ਜਲ ਦਿਵਸ ਨੂੰ ਸਮਰਪਿਤ

# ਧਰਤੀ 'ਤੇ ਵੱਸਦੇ ਜੀਵਾਂ ਲਈ ਪਾਣੀ ਜੀਵਨ ਦਾ ਆਧਾਰ ਹੈ



ਗੋਬਿੰਦਰ ਸਿੰਘ ਢੀਂਡਸਾ
bardwal.gobinder@gmail.com

ਕੌਮਾਂਤਰੀ ਜਲ ਦਿਵਸ ਨੂੰ ਸਾਲ 1992 ਵਿੱਚ ਬ੍ਰਾਜ਼ੀਲ ਦੇ ਰਿਓ ਡੀ ਜੇਨੇਰੀਓ ਵਿੱਚ ਵਾਤਾਵਰਣ ਅਤੇ ਵਿਕਾਸ ਤੇ ਹੋਈ ਕਾਨਫਰੰਸ ਵਿੱਚ ਸੰਯੁਕਤ ਰਾਸ਼ਟਰ ਸੰਮੇਲਨ ਦੀ ਅਨੁਸੂਚੀ 21 ਵਿੱਚ ਅਧਿਕਾਰਿਕ ਰੂਪ ਵਿੱਚ ਜੋੜਿਆ ਗਿਆ ਸੀ ਅਤੇ ਸਾਲ 1993 ਵਿੱਚ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਦੇ ਦੁਆਰਾ 22 ਮਾਰਚ ਨੂੰ ਇੱਕ ਸਲਾਨਾ ਪ੍ਰੋਗਰਾਮ ਦੇ ਰੂਪ ਵਿੱਚ ਮਨਾਉਣ ਦਾ ਫੈਸਲਾ ਕੀਤਾ ਗਿਆ।

ਦੁਨੀਆਂ ਵਿੱਚ ਬਹੁਤ ਅਜਿਹੇ ਹਿੱਸੇ ਹਨ ਜਿੱਥੇ ਲੋਕ ਸਾਫ਼ ਅਤੇ ਸ਼ੁੱਧ ਪਾਣੀ ਲਈ ਤਰਸ ਰਹੇ ਹਨ। ਸੰਯੁਕਤ ਰਾਸ਼ਟਰ ਦੇ ਇੱਕ ਅਨੁਮਾਨ ਮੁਤਾਬਿਕ ਸਾਲ 2030 ਤੱਕ ਸਾਫ਼ ਪਾਣੀ ਦੀ ਮੰਗ 40 ਫ਼ੀਸਦ ਤੱਕ ਵਧ ਸਕਦੀ ਹੈ। ਅਜਿਹੇ ਵਿੱਚ ਜੇਕਰ ਪਾਣੀ ਲਈ ਸਹੀ ਪ੍ਰਬੰਧ ਨਾ ਕੀਤਾ ਗਿਆ ਤਾਂ ਇਸ ਦੇ ਭਿਆਨਕ ਸਿੱਟਿਆਂ ਨਾਲ ਦੋ-ਚਾਰ ਹੋਣਾ ਪੈ ਸਕਦਾ ਹੈ।

ਸਮੇਂ ਦੀ ਜ਼ਰੂਰਤ ਹੈ ਕਿ ਪਾਣੀ ਦੀ ਮਹੱਤਤਾ ਨੂੰ ਸਮਝਦੇ ਹੋਏ ਪਾਣੀ ਦੀ ਸਾਂਭ ਸੰਭਾਲ ਦੇ ਉੱਦਮ ਲੋਕਾਂ ਦੁਆਰਾ ਨਿੱਜੀ ਪੱਧਰ ਤੇ ਵੀ ਕੀਤੇ ਜਾਣ ਅਤੇ ਵਿਵਸਥਾ ਵੀ ਪਾਣੀ ਦੀ ਸੰਭਾਲ ਸੰਬੰਧੀ ਸੰਜੀਦਗੀ ਨੂੰ ਅਮਲੀ ਰੂਪ ਦੇਵੇ ਤਾਂ ਜੋ ਲੋੜਵੰਦਾਂ ਅਤੇ ਆਉਣ ਵਾਲੀਆਂ ਪੀੜੀਆਂ ਲਈ ਯੋਗ ਪਾਣੀ ਬਚਾਇਆ ਜਾ ਸਕੇ।

ਪਾਣੀ, ਹਾਈਡ੍ਰੋਜਨ ਅਤੇ ਆਕਸੀਜਨ ਤੋਂ ਮਿਲਕੇ ਬਣਿਆ ਹੈ ਅਤੇ ਧਰਤੀ ਦਾ ਤਿੰਨ ਚੌਥਾਈ ਹਿੱਸਾ ਪਾਣੀ ਨਾਲ ਢਕਿਆ ਹੋਇਆ ਹੈ ਪਰੰਤੂ 99 ਫੀਸਦੀ ਪਾਣੀ ਸਿੱਧਾ ਪੀਣ ਯੋਗ ਨਹੀਂ ਹੈ ਅਤੇ ਪੀਣ ਯੋਗ ਪਾਣੀ ਸਿਰਫ਼ 1 ਫੀਸਦੀ ਹੈ।

ਪਾਣੀ ਜੀਵਨ ਦਾ ਆਧਾਰ ਹੈ ਅਤੇ ਸਾਧਾਰਣ ਹਾਲਤਾਂ ਵਿੱਚ ਇੱਕ ਮਨੁੱਖ ਭੋਜਨ ਤੋਂ ਬਿਨ੍ਹਾਂ ਤਕਰੀਬਨ 20 ਦਿਨ ਰਹਿ ਸਕਦਾ ਹੈ ਪਰੰਤੂ ਪਾਣੀ ਤੋਂ ਬਿਨ੍ਹਾਂ 3-4 ਦਿਨਾਂ ਤੋਂ ਵੱਧ ਜਿਊਣਾ ਮੁਸ਼ਕਿਲ ਹੈ। ਇੱਕ ਬਾਲਗ ਪੁਰਸ਼ ਵਿੱਚ ਆਪਣੇ ਵਜ਼ਨ ਦਾ 60 ਫੀਸਦੀ ਅਤੇ ਔਰਤ ਵਿੱਚ 55 ਫੀਸਦੀ ਪਾਣੀ ਹੁੰਦਾ ਹੈ ਅਤੇ ਨਵਜੰਮੇ ਬੱਚਿਆਂ ਵਿੱਚ ਬਾਲਗਾਂ ਮੁਕਾਬਲੇ ਜਿਆਦਾ ਪਾਣੀ ਹੁੰਦਾ ਹੈ।

ਸਰੀਰ ਵਿੱਚ ਹਾਰਮੋਨ ਬਣਾਉਣ ਲਈ ਦਿਮਾਗ ਨੂੰ ਪਾਣੀ ਦੀ ਲੋੜ ਹੁੰਦੀ ਹੈ। ਸਰੀਰ ਪਾਣੀ ਨਾਲ ਥੁੱਕ ਬਣਾਉਂਦਾ ਹੈ ਜਿਹੜਾ ਪਾਚਣ ਕਿਰਿਆ ਲਈ ਜ਼ਰੂਰੀ ਹੈ। ਸਰੀਰ ਦਾ ਤਾਪਮਾਨ ਪਾਣੀ ਨਾਲ ਤੈਅ ਹੁੰਦਾ ਹੈ। ਸਰੀਰ ਦੇ ਸੈੱਲ ਪਾਣੀ ਦੇ ਪੱਧਰ ਦੇ ਹਿਸਾਬ ਨਾਲ ਵਧਦੇ ਹਨ ਅਤੇ ਨਵੇਂ ਸੈਲ ਤਿਆਰ ਕਰਦੇ ਹਨ। ਸਰੀਰ ਦੀ ਗੰਦਗੀ ਨੂੰ ਪਸੀਨੇ ਅਤੇ ਪੇਸ਼ਾਬ ਦੇ ਰੂਪ ਵਿੱਚ ਬਾਹਰ ਕੱਢਣ ਵਿੱਚ ਪਾਣੀ ਦੀ ਅਹਿਮ ਭੂਮਿਕਾ ਹੈ। ਹੱਡੀਆਂ ਦੇ ਜੋੜਾਂ ਵਿੱਚ ਚਿਕਨਾਹਟ ਅਤੇ ਚਮੜੀ ਨੂੰ ਨਮੀ ਵੀ ਪਾਣੀ ਨਾਲ ਮਿਲਦੀ ਹੈ ਅਤੇ ਸਰੀਰ ਵਿੱਚ ਆਕਸੀਜਨ ਦੀ ਜ਼ਰੂਰੀ ਮਾਤਰਾ ਬਣਾਏ ਰੱਖਣ ਲਈ ਵੀ ਪਾਣੀ ਬਹੁਤ ਜ਼ਰੂਰੀ ਹੈ।

ਸਰੀਰ ਵਿੱਚ ਪਾਣੀ ਦੀ ਕਮੀ ਹੋਣ ਨਾਲ ਸਭ ਤੋਂ ਪਹਿਲਾਂ ਮੂੰਹ ਸੁੱਕਦਾ ਹੈ ਅਤੇ ਪਿਆਸ ਲੱਗਣ ਲਗਦੀ ਹੈ, ਇਹ ਡੀ-ਹਾਈਡ੍ਰੇਸ਼ਨ ਦੀ ਪਹਿਲੀ ਨਿਸ਼ਾਨੀ ਹੈ। ਇਸ ਤੋਂ ਬਾਅਦ ਪੇਸ਼ਾਬ ਦਾ ਰੰਗ ਗੂੜਾ ਪੀਲਾ ਹੋਣ ਲੱਗਦਾ ਹੈ, ਉਸ ਵਿੱਚੋਂ ਬਦਬੂ ਵੱਧ ਆਉਣ ਲੱਗਦੀ ਹੈ, ਡਾਕਟਰਾਂ ਅਨੁਸਾਰ ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਪਾਣੀ ਦੀ ਘਾਟ ਹੋਣ ਤੇ ਖ਼ੂਨ ਵਿੱਚ ਸੂਗਰ ਅਤੇ ਨਮਕ ਦਾ ਸੰਤੁਲਨ ਵਿਗੜ ਜਾਂਦਾ ਹੈ। ਕੁਝ ਘੰਟੇ ਬਾਅਦ ਸਰੀਰ ਨੂੰ ਥਕਾਵਟ ਮਹਿਸੂਸ ਹੋਣ ਲਗਦੀ ਹੈ। ਬੱਚੇ ਰੋਂਦੇ ਹਨ ਤਾਂ ਉਨ੍ਹਾਂ ਦੀਆਂ ਅੱਖਾਂ ਵਿੱਚ ਹੰਝੂ ਆਉਣੇ ਬੰਦ ਹੋ ਜਾਂਦੇ ਹਨ। ਅਗਲੇ ਕੁਝ ਘੰਟਿਆ 'ਚ ਪੇਸ਼ਾਬ ਦੀ ਮਾਤਰਾ ਇੱਕਦਮ ਘੱਟ ਜਾਂਦੀ ਹੈ। ਕੁਝ ਲੋਕਾਂ ਨੂੰ ਚੱਕਰ ਆਉਣ ਲਗਦੇ ਹਨ ਅਤੇ ਅੱਖਾਂ ਥਕਾਵਟ ਮਹਿਸੂਸ ਕਰਦੀਆਂ ਹਨ। ਸਰੀਰ ਮੂੰਹ ਵਿੱਚ ਥੁੱਕ ਬਣਾਉਣ ਦੀ ਜ਼ਿਆਦਾ ਕੋਸ਼ਿਸ਼ ਕਰਨ ਲਗਦਾ ਹੈ। ਬੁੱਲ੍ਹ ਸੁੱਕਣ ਲਗਦੇ ਹਨ ਅਤੇ ਅੱਖਾਂ ਵਿੱਚ ਦਰਦ ਹੁੰਦੀ ਹੈ। ਬਹੁਤ ਜ਼ਿਆਦਾ ਨੀਂਦ ਆਉਂਦੀ ਹੈ। ਸਰੀਰ ਹਰ ਕੀਮਤ 'ਤੇ ਪਾਣੀ ਬਚਾਉਣ ਦੀ ਕੋਸ਼ਿਸ਼ ਕਰਨ ਲਗਦਾ ਹੈ। ਸ਼ੂਗਰ ਦੇ ਮਰੀਜ਼, ਦਿਲ ਦੇ ਮਰੀਜ਼ ਅਤੇ ਡਾਇਰੀਆ ਦੇ ਸ਼ਿਕਾਰ ਲੋਕਾਂ ਵਿੱਚ ਇਹ ਸਾਰੇ ਲੱਛਣ ਹੋਰ ਵੀ ਜਲਦੀ ਨਜ਼ਰ ਆ ਸਕਦੇ ਹਨ। ਨਾਲ ਹੀ ਵਾਧੂ ਸ਼ਰਾਬ ਪੀਣ ਵਾਲੇ ਅਤੇ 38 ਡਿਗਰੀ ਤਾਪਮਾਨ ਵਿੱਚ ਕੰਮ ਕਰ ਰਹੇ ਲੋਕਾਂ ਦੀ ਵੀ ਹਾਲਤ ਤੇਜ਼ੀ ਨਾਲ ਵਿਗੜਦੀ ਹੈ। ਅਖ਼ੀਰ ਤੱਕ ਪੇਸ਼ਾਬ ਦਾ ਅੰਤਰਾਲ ਅੱਠ ਘੰਟੇ ਤੋਂ ਵੱਧ ਹੋ ਜਾਂਦਾ ਹੈ। ਨਬਜ਼ ਰੇਟ ਵੱਧ ਜਾਂਦਾ ਹੈ। ਚਮੜੀ 'ਤੇ ਪਾਣੀ ਦੀ ਕਮੀ ਸਾਫ਼ ਨਜ਼ਰ ਆਉਣ ਲੱਗਦੀ ਹੈ। ਕੁਝ ਲੋਕਾਂ ਨੂੰ ਦੌਰਾ ਪੈਣ ਲਗਦਾ ਹੈ। ਲੋਕਾਂ ਨੂੰ ਦਿਖਾਈ ਦੇਣਾ ਬੰਦ ਹੋ ਜਾਂਦਾ ਹੈ ਜਾਂ ਧੁੰਦਲਾ ਦਿਖਾਈ ਦੇਣ ਲਗਦਾ ਹੈ। ਕਮਜ਼ੋਰੀ ਐਨੀ ਵੱਧ ਜਾਂਦੀ ਹੈ ਕਿ ਖੜ੍ਹੇ ਹੋਣ 'ਚ ਵੀ ਦਿੱਕਤ ਹੋਣ ਲਗਦੀ ਹੈ। ਹੱਥ-ਪੈਰ ਠੰਢੇ ਹੋਣ ਲਗਦੇ ਹਨ। ਸਰੀਰ ਵਿੱਚ 10 ਫੀਸਦੀ ਪਾਣੀ ਦੀ ਕਮੀ ਹੋਣ ਤੇ ਮੌਤ ਹੋ ਸਕਦੀ ਹੈ।



ਸੋ ਦੁਨੀਆਂ ਭਰ ਵਿੱਚ ਪਾਣੀ ਦੀ ਮਹੱਤਤਾ ਸੰਬੰਧੀ ਲੋਕਾਂ ਨੂੰ ਜਾਗਰੂਕ ਕਰਨ ਦੇ ਮੰਤਵ ਨਾਲ ਹਰ ਸਾਲ 22 ਮਾਰਚ ਨੂੰ ਵਿਸ਼ਵ ਜਲ ਦਿਵਸ ਮਨਾਇਆ ਜਾਂਦਾ ਹੈ। ਨੀਲੇ ਰੰਗ ਦੀ ਪਾਣੀ ਦੀ ਬੂੰਦ ਦੀ ਤਸਵੀਰ ਵਿਸ਼ਵ ਜਲ ਦਿਵਸ ਦਾ ਮੁੱਖ ਨਿਸ਼ਾਨ ਹੈ। ਸਾਲ 2020 ਦੇ ਵਿਸ਼ਵ ਜਲ ਦਿਵਸ ਦਾ ਵਿਸ਼ਾ ਹੈ 'ਜਲ ਅਤੇ ਮੌਸਮ ਵਿੱਚ ਤਬਦੀਲੀ'।

# ਮਨੋਰੰਜਨ ਦੁਨੀਆ ਦੀ ਖਬਰਾਂ

-ਅੰਮ੍ਰਿਤ ਪਵਾਰ












### ਉਪਾਸਨਾ ਸਿੰਘ ਦੀ ਯਾਦਾਂ

ਅੱਜ ਕੱਲ ਦੀ ਪੰਜਾਬੀ ਤੇ ਕੀ ਹਿੰਦੀ ਫਿਲਮਾਂ ਤੇ ਟੀ.ਵੀ. ਦੇ ਰਾਸਟਰੀ ਪਰਦੇ ਤੇ ਖ਼ੂਬ ਮਸਹੂਰ ਅਭਿਨੇਤਰੀ ਉਪਾਸਨਾ ਸਿੰਘ ਦੱਸਦੀ ਹੈ ਕਿ ਸ਼ੂਰੂ ਤੋਂ ਹੀ ਕਿਸਮਤ ਕਿਰਪਾਵਾਨ ਰਹੀ ਹੈ ।ਦੂਰਦਰਸ਼ਨ ਜਲੰਧਰ ਦੇ ਨਾਟਕਾਂ ਦੀ ਹੀਰੋਇਨ ਤੇ ਫਿਰ 'ਬਦਲਾ ਜੱਟੀ ਦਾ' ਦੀ ਹੀਰੋਇਨ ਬਣ ਸਟਾਰ ਹੀਰੋਇਨ ਬਣੀ ।

ਮੁਬੰਈ ਜਾ ਕਿ ਤੇ ਉਹ ਸਟਾਰਡੰਮ ਪ੍ਰਾਪਤ ਕਰ ਗਈ । ਹੁਣ ਉਪਾਸਨਏ ਦਾ ਬੇਟਾ ਪੰਜਾਬੀ ਫਿਲਮਾਂ 'ਚ ਹੀਰੋ ਆ ਰਿਹਾ ਹੈ । ਸਾਬਾਸ਼ ਹੂਸ਼ਿਆਰਪੁਰ ਦੀ ਧੀਏ ।

### ਸਰੀਕ ਯੋਗਰਾਜ ਸਿੰਘ

ਸਿੱਕਾ ਬੁਲੰਦ ਹੈ ਨਿਰਦੇਸ਼ਕ ਨਵਨੀਤ ਸਿੰਘ ਦਾ ਤੇ 'ਸਰੀਕ' ਦੀ ਕਾਮਯਾਬੀ ਤੋਂ ਬਾਅਦ ਸਰੀਕ - 2 ਬਣਾ ਰਹੇ ਹਨ।

ਮੁਕਤਸਰ ਸਾਹਿਬ 'ਚ ਇਸ ਦੀ ਸ਼ੂਟਿੰਗ ਜਾਰੀ ਹੈ । ਪਿਹਲੀ ਵਾਰ ਜਿੰਮੀ ਸੇਰ ਗਿੱਲ ਤੇ ਦੇਵ ਖਰੌੜ ਇਕੱਠੇ 'ਸਰੀਕ - 2' ਬਣਆ ਰਹੇ ਹਨ । ਵੱਖਰੇ ਕਿਰਦਾਰ 'ਚ ਯੋਗਰਾਜ ਸਿੰਘ ਹੈ 'ਸਰੀਕ - 2' ਸ਼ਰਨ ਕੌਰ ਹੀਰੋਇਨ ਹੈ।

### ਠਾਕਰ ਤਪੱਸਵੀ ਕਾਮਯਾਬ ਹੈ

'ਮਾਤਾ ਦਾ ਦਰਬਾਰ' 'ਜੰਗ ਦਾ ਮਦਾਨ' ਰਾਜਨੀਤੀ ਫਿਲਮਾ ਦੇ ਨਿਰਦੇਸ਼ਕ ਠਾਕਰ ਤਪੱਸਵੀ ਨੇ ਹੁਣ ਫਿਲਮਾ ਦੀ ਡਾਇਰੇਟਰ ਸੰਸਥਾ 'ਚ ਅਹਿਮ ਅਹੁਦਾ ਲਿਆ ਹੈ । ਨਾਲ ਹੀ ਬੀਟ ਬਕ ਇਨ ਮਿਊਜਿਕ ਨਾਲ ਸੰਗੀਤ ਨੂੰ ਸੰਸਾਰ ਪੱਧਰ ਤੇ ਰਿਲੀਜ ਕਰ ਰਹੇ ਹਨ । ਹੁਣ ਜਲਦੀ ਹੀ । ਦਿਲ ਪਰਦੇਸੀ ਹੋ ਗਿਆ ਦੀ ਕਾਮਯਾਬੀ ਤੇ ਉਹ ਇੱਕ ਵਿਸ਼ਾਲ ਪਾਰਟੀ ਕਰਨ ਜਾ ਰਹੇ ਹਨ ।

### ਨੀਰੂ ਬਾਜਵਾ ਦਾ ਵਦੀਆ ਸੁਭਾਅ

ਹੀਰੋਇਨ ਹੋਏ ਤਾਂ ਨੀਰੂ ਬਾਜਵਾ ਜਿਹੀ ਜੋ ਸਭ ਦੇ ਭਲੇ ਲਈ ਸੋਚਦੀ ਹੈ । 'ਸੁਰਖੀ ਬਿੰਦੀ' 'ਚ ਕੈ ਮਿਉ ਉਸਨੇ ਸਰਗੁਣ ਮਹਿਤਾ ਦੀ ਖਾਤਿਰ ਕੀਤਾ । ਧੀਆ ਨਾਲ ਪਿਆਰ ਧੀ ਤਾਂ ਰੱਬ ਜੌੜੀਆ ਧੀਆ ਦਿੱਤੀਆ । ਸੈਟ ਤੇ ਚਾਹ ਪਾਣੀ ਪਿਆਉਣ ਵਾਲਿਆ ਨੂੰ ਜੇਬ ਚੋ ਪੈਸੇ ਦੇਣ ਵਾਲੀ ਨੀਰੂ ਬਾਜਵਾ ਕਦੇ ਲੇਟ ਨਹੀ ਹੁੰਦੀ ਤੇ ਹਰ ਨਿਰਮਾਤਾ ਨੂੰ ਹਰ ਤਰਾਂ ਦਾ ਸਹਯੋਗ ਦੇ ਕਿ ਦਿਆਲੂ ਅਭਿਨੇਤਰੀ ਹੈ ।

### ਅੱਤ ਗੱਭਰੂ ਦੀ ਧੁੰਮ

ਹਰ ਸਿਮਰਨ ਦੇ ਗੀਤ 'ਅੱਤ ਗੱਭਰੂ' ਨੇ ਯੂ.ਟਿਊਬ ਤੋਂ ਬਾਅਦ ਟਵਿਟਰ ਤੇ ਵੀ ਵਧੀਆ ਪੰਜਾਬੀ ਗੀਤ ਦਾ ਰੁਤਬਾ ਹਾਸਿਲ ਕੀਤਾ ਹੈ। ਆਰ.ਬੀ ਦੇ ਸੰਗੀਤ 'ਚ ਹਰਸਿਮਰਨ ਢਿੱਲੋਂ ਭਵਿੱਖ ਦਾ ਸਟਾਰ ਹੀਰੋ । ਗਾਇਕ ਹੋਏਗਾ ਪ੍ਰਤੀਤ ਹੂੰਦਾ ਹੈ ।

# ਮੈਂ ਤੇ ਮੇਰੀ ਵੱਡੀ ਗੱਡੀ



ਡਾ ਗੁਰਵਿੰਦਰ ਅਮਨ
91-98151-13038

ਲਓ ਜੀ ਆਪਾਂ ਨੇ ਜਦੋਂ ਦੀ ਵੱਡੀ ਗੱਡੀ ਸੱਤ ਸੀਟਾਂ ਵਾਲੀ ਲਈ ਉਸ ਦਿਨ ਤੋਂ ਮਹਿਸੂਸ ਹੋਣ ਲੱਗਿਆ ਕਿ ਬੱਲਿਆ ਤੇਰੀ ਤਾਂ ਸਮਾਜ ਵਿਚ ਪੁੱਛ ਹੀ ਬਹੁਤ ਵੱਧ ਗਈ ਏ। ਤੇਰੇ ਦੋਸਤ ਤੇ ਰਿਸ਼ਤੇਦਾਰ ਹੁਣ ਵੱਡਾ ਬੰਦਾ ਸਮਝਣ ਲੱਗ ਪਏ ਨੇ। ਬੱਸ ਆਪਾਂ ਨੂੰ ਵੀ ਮਹਿਸੂਸ ਹੋਣ ਲੱਗ ਪਿਆ ਕਿ ਯਾਰ ਪਹਿਲਾਂ ਤੂੰ ਆਮ ਬੰਦਾ ਸੀ ਤੇ ਹੁਣ ਖ਼ਾਸ ਬੰਦਿਆ ਦੀ ਲਿਸਟ ਵਿਚ ਆ ਗਿਆ। ਗੱਡੀ ਲੈਣ ਸਾਰ ਮੈ ਆਪਣੇ ਘਰ ਆਇਆ ਤਾਂ ਆਂਢ ਗੁਆਂਢ ਖਿੜਕੀਆਂ ਚ ਝਾਕ ਕੇ ਖੁਸਰ ਫੁਸਰ ਚ ਜਲਣ ਦੀ ਭੜਾਸ ਕੱਢਣ ਲੱਗੇ ਕਿ ਪਤਾ ਨੀ ਕਿਸੇ ਦੀ ਮੰਗ ਕੇ ਲਿਆਇਆ ਹੋਣੇ ਜਾ ਕਿਸੇ ਰਿਸਤੇਦਾਰ ਦੀ ਹੋਣੀ ਐ। ਫ਼ੇਰ ਦਫ਼ਤਰ ਵਿਚ ਇਹੋ ਹੀ ਸਥਿਤੀ ਸੀ। ਕੁਝ ਦਿਨ ਬਾਅਦ ਲੋਕਾਂ ਨੂੰ ਯਕੀਨ ਹੋ ਹੀ ਗਿਆ ਕਿ ਲੋਨ ਲੂਣ ਕਰਵਾ ਕੇ ਲੈ ਲੀ ਹੋਵੇਗੀ। ਇਕ ਦਿਨ ਦਫਤਰ ਦੇ ਸਾਥੀ ਦੇ ਪਿਓ ਦੀ ਨੇੜਲੇ ਸ਼ਹਿਰ ਮੌਤ ਹੋ ਗਈ ਦਫ਼ਤਰ ਸੁਪਰਡੈਂਟ ਦਾ ਫੋਨ ਆਇਆ ਸਾਹਿਬ ਜੀ ਸੀਟ ਤੇ ਹੀ ਓ। ਮੈ ਹਾਂਜੀ ਹੀ ਕਹਿਣਾ ਸੀ ਭਾਵੇਂ ਮੈ ਲਾਨ ਚ ਖੜਾ ਦੋਸਤਾਂ ਨਾਲ ਚਾਹ ਦੀਆਂ ਚੁਸਕੀਆਂ ਲੈ ਰਿਹਾ ਸੀ,ਸੁਪਰਡੈਂਟ ਨੇ ਦੱਸਿਆ ਬਈ ਆਪਣੇ ਅਕਾਂਊਟਸ ਸ਼ਾਖਾ ਦੇ ਬਾਬੂ ਦੇ ਪਿਓ ਦੀ ਮੌਤ ਹੋ ਗਈ ਏ ਉੱਥੇ ਆਪਾਂ ਨੇ ਜਾਣਾ ਤੁਹਾਡੀ ਗੱਡੀ ਚ ਚਲਾਗੇ ,ਮੇਰੀ ਹਾਂ ਤੋਂ ਬਾਅਦ ਬੰਦਿਆ ਦੀ ਗਿਣਤੀ 9 ਹੋ ਗਈ ,ਯਾਰ ਮੇਰੀ 7 ਸੀਟਾਂ ਵਾਲੀ ਗੱਡੀ ਚ 9 ? ਕਹਿੰਦੇ ਘੁਚੜ ਕੇ ਬਹਿਜਾਂਗੇ ਤੁਹਾਡੀ ਇਨੀ ਵੱਡੀ ਗੱਡੀ ਐ ਤੇ ਤੁਹਾਡਾ ਦਿਲ ਵੀ। ਭਾਈ ਟੈਕਸੀ ਵਿਚ ਵੀ ਇਦਾਂ ਨੀ ਬਹਿੰਦੇ। ਮੈ ਵੀ ਬਸ ਡਰਾਈਵਰ ਬਣ ਕੇ ਚਲਾ ਗਿਆ। ਵਾਪਿਸ ਆਉਂਦੀਆਂ ਸਾਰਿਆਂ ਨੂੰ ਉਨ੍ਹਾਂ ਦੇ ਟਿਕਾਣਿਆਂ ਤੇ ਛੱਡ ਘਰ ਪਰਤਿਆ। ਅਜੇ ਕੁੱਝ ਦਿਨ ਹੀ ਹੋਏ ਸਨ ਪਰਲੀ ਗਲੀ ਤੋਂ ਇਕ ਨੌਜਵਾਨ ਤੇ ਉਸ ਦਾ ਬਜ਼ੁਰਗ ਨੇ ਕੁੰਡਾ ਖੜਕਾ ਤਾ ਕਹਿੰਦਾ ਪਰਸੋਂ ਨੂੰ ਕਾਕੇ ਦੀ ਜੰਜ ਐ ਤੇ ਤੁਸੀਂ ਆਹ ਫੜੋ ਕਾਰਡ ਤੇ ਅਸੀਂ ਡੋਲੀ ਤੁਹਾਡੀ ਗੱਡੀ ਚ ਹੀ ਲੈ ਕੇ ਆਉਣੀ ਏ। ਮੈਂ ਕਾਰਡ ਵੱਲ ਘੱਟ ਤੇ ਉਨ੍ਹਾਂ ਦੇ ਨਵੇਂ ਹੋਏ ਹੇਜ ਵੱਲ ਦੇਖ ਰਿਹਾ ਸੀ। ਚਲੋ ਜਾਣਾ ਪਿਆ। ਕੁੱਝ ਦਿਨਾਂ ਬਾਅਦ ਮੇਰੇ ਸੋਹਰੇ ਪਰਿਵਾਰ ਵਾਲਿਆਂ ਦਾ ਫੋਨ ਆਇਆ ਅਸੀ ਡੇਰੇ ਜਾਣਾ ਸਾਡੇ ਕੋਲ ਸਵਾਰੀਆਂ ਵੱਧ ਗਈਆਂ ਨੇ ਤੁਸੀਂ ਬਹੁਤ ਚੰਗੇ ਓ ਸਾਨੂੰ ਡੇਰੇ ਲੈ ਚਲੋ ਤੁਹਾਨੂੰ ਪੁੰਨ ਵੀ ਲਗੇ ਗਾ ਤੇ ਨਾਲੇ ਤੁਸੀਂ ਘੁੰਮ ਫਿਰ ਆਓ ਗੇ। ਭਈ ਜਾਣਾ ਪਿਆ ਘਰਵਾਲੀ ਦੇ ਪੇਕਿਆਂ ਦਾ ਫ਼ਰਮਾਨ ਸੀ। ਇਕ ਦਿਨ ਕੁੱਝ ਯਾਰ ਦੋਸਤਾਂ ਨੇ ਪਲਾਨ ਕੀਤਾ ਕਿ ਘੁੰਮ ਫਿਰ ਆਈਏ ਪਹਾੜਾ ਚ, ਬੱਸ ਮੈਨੂੰ ਫੋਨ ਕਰ ਦਿਤਾ ਕਿ ਸਾਹਿਬ ਜੀ ਆਪਾਂ ਤੁਹਾਡੀ ਵੱਡੀ ਗੱਡੀ ਦੇ ਝੂੱਟੇ ਲੈਣੇ ਆ ਚਲੋ ਕਸੌਲੀ ਕਸੂਲੀ ਹੀ ਘੁੰਮਾ ਲਿਆਓ ਅਸੀਂ ਤਾਂ ਤੁਹਾਡੇ ਨਾਲ ਆਨੰਦ ਲੈਣਾ ਚਾਹੁੰਦੇ ਹਾਂ। ਮੇਰੇ ਦੋਸਤ ਲੇਖਕ ਵੀ ਇਹੋ ਕਹਿਕੇ ਕਿਸੇ ਮੁਸ਼ਾਇਰੇ ਚ ਜਾਣ ਲਈ ਕਹਿੰਦੇ ਸਾਹਿਬ ਜੀ ਤੁਹਾਡੇ ਨਾਲ ਜਾਕੇ ਬੜਾ ਆਨੰਦ ਆਉਂਦੇ ਤੇ ਆਉਂਦੇ ਸਮੇਂ ਜਿਹੜੀ ਤੁਸੀਂ ਸੀਟ ਹੇਠਾਂ ਰੱਖੀ ਕੱਢਕੇ ਛਿੱਟ ਛਿੱਟ ਲਗਵਾ ਦੇਂਦੇ ਓ ,ਬੱਸ ਅਨੰਦ ਹੀ ਆ ਜਾਂਦਾ। ਕਈਂ ਵਾਕਫ਼ੀ ਵਾਲੇ ਤਾਂ ਬਰਾਤ ਦਾ ਕਾਰਡ ਇਸੇ ਕਰਕੇ ਦੇਂਦੇ ਕਿ ਬਈ ਵੱਡੀ ਗੱਡੀ ਚ ਪੰਜ ਸੱਤ ਬੰਦੇ ਬਹਿਕੇ ਹੀ ਚਲੇ ਜਾਣਗੇ। ਹੁਣ ਡੱਬੇ ਨਾਲ ਕਾਰਡ ਆਇਆ ਤਾਂ ਬਰਾਤੇ ਜਾਣਾ ਜਰੂਰ ਪੈਣੇ। ਹੁਣ ਘਰਦੇ ਵੀ ਵੀ ਕਹਿਣ ਲੱਗ ਪਏ ਕਿ ਤੁਸੀਂ ਤਾਂ ਹੁਣ ਵੀਆਈਪੀ ਹੀ ਬਣਗੇ ਸਾਡੇ ਵਾਸਤੇ ਟਾਈਮ ਹੀ ਕਿਥੇ ? ਮੈ ਇਸ ਫੋਕੀ ਸ਼ੋਹਰਤ ਤੋਂ ਕਿਵੇਂ ਨਿਜ਼ਾਤ ਪਾਵਾਂ ? ਮੇਰੇ ਦਿਮਾਗ ਚ ਫੂਰਨਾ ਫੁਰਿਆ ਕਿ ਕੁੱਝ ਦਿਨਾਂ ਲਈ ਗੱਡੀ ਘਰੋਂ ਕੱਢਣੀ ਹੀ ਨਹੀਂ।ਮੈਂ ਜਿੱਥੇ ਵੀ ਜਾਵਾਂ ਸਕੂਟਰ ਤੇ ਜਾਵਾਂ। ਕਈਆਂ ਨੇ ਕਿਹਾ ਗੱਡੀ ਵੇਚ ਤੀ ,ਕਈਆਂ ਨੇ ਕੰਨਸੋਹਾਂ ਕੀਤੀਆਂ ਬਈ ਕਿਸਤਾਂ ਨੀ ਭਰ ਹੋਇਆ ਬੈਂਕ ਵਾਲੇ ਲੈ ਗਏ ਹੋਣ ਗੇ। ਹਫ਼ਤੇ ਕੁ ਬਾਅਦ ਲੋਕਾਂ ਦੇ ਵਰਤਾਓ ਚ ਬਦਲਾਓ ਨਜ਼ਰ ਆਇਆ। ਸ਼ਾਦੀ ਕਾਰਡ ਵੀ ਘੱਟ ਗਏ ਤੇ ਦਫ਼ਤਰ ਦੇ ਬਾਊ ਵੀ ਹੁਣ ਗੱਡਵੀ ਫਤਿਹ ਬੁਲਾਉਣ ਤੋਂ ਢਿਲੇ ਹੋ ਗਏ ਤੇ ਸ਼ਾਇਰ ਵੀ ਕੁੱਝ ਐਰਾ ਜਿਹਾ ਕਰਨ ਲਗੇ।

ਹੁਣ ਤਾਂ ਮੈਂ ਵੀ ਸੋਚਣ ਤੇ ਮਜਬੂਰ ਹੋ ਗਿਆ ਕਿ ਯਾਰ ਚਾਰ ਸਾਲਾਂ ਤੋਂ ਇਹ ਲੋਕ ਮੈਨੂੰ ਪਿਆਰ ਕਰਦੇ ਨੇ ਕਿ ਮੇਰੀ ਗੱਡੀ ਨੂੰ?

# ਕਰੋਨਾ ਨੂੰ ਹਰਾਓ

ਕਰੋਨਾ ਨਾਂ ਬਣ ਜਾਵੇ ਮਾਹਾਂਮਾਰੀ ।
ਜਿੰਦਗੀ ਹੈ ਸਭਨਾਂ ਦੀ ਪਿਆਰੀ ।

ਸਭ ਨੂੰ ਰੱਲ ਕੇ ਹੈ ਲੜਣਾ ਪੈਣਾ ।
ਇਕ ਦੂਜੇ ਤੋਂ ਦੂਰੀ ਰੱਖ ਰਹਿਣਾ ।

ਜੱਫੀ ਪਾ ੨ ਨਾਂ ਪਿਆਰ ਜਤਾਣਾ ।
ਦੂਰੋਂ ਵੇਖ ਕੇ ਹੀ ਫ਼ਤਿਹ ਬੁਲਾਉਣਾ।

ਸ਼ਾਫ ਸ਼ਫਾਈ ਦਾ ਰੱਖਣਾ ਖਿਆਲ ।
ਬਾਰ ੨ ਹੱਥ ਧੋਣੇ ਨੇ ਸਾਬਨ ਨਾਲ ।

ਗਰਮ ਪਾਣੀ ਪੀਣ ਦੀ ਆਦਤ ਪਾਓ।
ਸਿਹਤ ਆਪਣੀ ਨੂੰ ਸਥਿਰ ਬਣਾਓ ।

ਬਾਹਰ ਥਾਂ ਰਸਤੇ ਵਿਚ ਨਾਂ ਥੁਕ ਕਰੋ।
ਅਫ਼ਵਾਹਾਂ ਤੋਂ ਸੁਚੇਤ ਰਹੋ ਤੇ ਨਾਂ ਡਰੋ।

ਬੁਖ਼ਾਰ,ਖਾਂਸੀ,ਨਜ਼ਲੇ ਤੇ ਮਾਸਕ ਲਾਓ।
ਛੇਤੀ ਡਾਕਟਰ ਦਾ ਸੰਪਰਕ ਬਣਾਓ ।

ਜੇ ਡਾਕਟਰ ਕਹੇ ਤਾਂ ਅਲੱਗ ਹੋ ਜਾਵੋ।
ਵਿਚ ਲੋਕਾਂ ਦੇ ਜਾ ਕੇ ਨਾਂ ਹੋਰ ਫੈਲਾਓ।

ਇਹ ਵਿਏਰਸ ਸੰਪਰਕ ਤੋਂ ਆਉਦਾ ।
ਤੇਜ਼ੀ ਨਾਲ ਹੀ ਹੋਰ ਥਾਂ ਫੈਲ ਹੈ ਜਾਂਦਾ।

ਇਤਿਆਦ ਕਰਕੇ ਬਚਾਅ ਹੋ ਜਾਂਦਾ ।
ਹਿੰਮਤ ਰੱਖ ਕੇ ਜੋ ਇਲਾਜ ਕਰਾਂਉਦਾ।

ਕੁਝ ਸਮੇਂ ਵਾਸਤੇ ਮੇਲ ਜੋਲ ਘਟਾਓ ।
ਸਮਝ ਸੂਝ ਨਾਲ ਕਰੋਨਾ ਨੂੰ ਹਰਾਓ ।



– ਰਬਿੰਦਰ ਸ਼ਰਮਾ

# ਪੰਜਾਬੀ ਭਾਸ਼ਾ ਦਾ ਕੱਲ੍ਹ, ਅੱਜ ਤੇ ਕੱਲ

## ਵਿਸ਼ਵ ਪੰਜਾਬੀ ਸਾਹਿਤ ਅਕਾਡਮੀ ਵੱਲੋਂ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਤੇ ਹਰਜਿੰਦਰ ਕੰਗ ਦਾ ਪਰਚਾ




ਵਿਪਸਾ ਇੰਕ ਵੱਲੋਂ 16 ਫਰਵਰੀ ਨੂੰ ਕਰਾਈ ਗਈ ਕੌਮਾਂਤਰੀ ਮਾਤ ਭਾਸ਼ਾ ਦਿਵਸ ਦੀ ਇੱਕਤਰਤਾ ਰਾਹੀਂ ਕੈਲੀਫੋਰਨੀਆ ਵਿੱਚ ਮਾਤਭਾਸ਼ਾ ਪੰਜਾਬੀ ਦੇ ਵਿਕਾਸ ਸਬੰਧੀ ਗੰਭੀਰ ਵਿਚਾਰ ਵਟਾਂਦਰਾ ਕੀਤਾ ਗਿਆ। ਵਿਸ਼ੇਸ਼ ਤੌਰ ਤੇ ਹਰਜਿੰਦਰ ਕੰਗ ਨੂੰ ਸੌਂਪੇ ਗਏ ਪਰਚੇ, 'ਪੰਜਾਬੀ ਭਾਸ਼ਾ ਦਾ ਕੱਲ੍ਹ, ਅੱਜ ਤੇ ਕੱਲ੍ਹ 'ਨੇ ਅਹਿਮ ਭੂਮਿਕਾ ਨਿਭਾਈ। ਇਸ ਦੇ ਇੱਕ ਖਾਸ ਵਰਨਣ ਵਿੱਚ ਇੱਕ ਮਹੱਤਵਪੂਰਨ ਸੁਝਾਉ ਸਾਹਮਣੇ ਆਇਆ ਕਿ ਕੈਲੀਫੋਰਨੀਆ ਦੇ ਗੁਰੂ ਘਰਾਂ ਵਿੱਚ ਬੱਚਿਆਂ ਦੀ ਪੜ੍ਹਾਈ ਨੂੰ ਅਕੈਡਿਮਕ ਪੱਧਰ ਤੇ ਪੜ੍ਹਾਇਆ ਜਾਵੇ। ਇਸ ਨੂੰ ਸਮਝਣ ਲਈ ਅਸੀਂ ਇਸ ਪਰਚੇ ਨੂੰ ਲੋਕ ਅਰਪਣ ਕਰ ਰਹੇ ਹਾਂ, ਇਸ ਉਮੀਦ ਨਾਲ ਕਿ ਆਪਣੀ ਮਾਤ ਭਾਸ਼ਾ ਨੂੰ ਦੁਨੀਆ ਦੇ ਇਸ ਭਗੋਲ ਵਿੱਚ ਸਥਾਪਿਤ ਕਰ ਸਕੀਏ।

**ਅਦਾਰਾ**
**ਵਿਸ਼ਵ ਪੰਜਾਬੀ ਸਾਹਿਤ ਅਕੈਡਮੀ**
**ਕੈਲੀਫੋਰਨੀਆ**

ਕਹਾਵਤ ਹੈ ਕਿ ਪੰਜਾਬ ਦੇ ਜੰਮਿਆ ਨੂੰ ਨਿੱਤ ਮੁਹਿੰਮਾਂ। ਪੰਜਾਬੀ ਜਦੋਂ ਦੇ ਜੰਮੇ ਨੇ ਪੰਜਾਬੀ ਭਾਸ਼ਾ ਨੂੰ ਬਚਾਉਣ ਦੀ ਮੁਹਿੰਮ ਛਿੜੀ ਹੋਈ ਹੈ। ਭਾਸ਼ਾ ਨੂੰ ਫੈਲਾਉਣ ਦੀ ਹਾਲਤ ਤੱਕ ਪੁੱਜ ਨਹੀਂ ਹੋਇਆ, ਹਰ ਦੌਰ'ਚ ਬਚਾਉਣ ਦੀ ਜੱਦੋ ਜਹਿਦ ਹੁੰਦੀ ਰਹੀ ਹੈ। ਬਾਬਾ ਫ਼ਰੀਦ ਤੋਂ ਪੰਜਾਬੀ ਭਾਸ਼ਾ ਦਾ ਮੁੱਢ ਮੰਨਿਆ ਜਾਂਦਾ ਹੈ। ਭਾਵੇਂ ਇਸ ਤੋਂ ਕਈ ਸਦੀਆਂ ਪਹਿਲਾਂ ਪੰਜਾਬੀ ਦੇ ਅੱਖਰ ਤੇ ਲਿੱਪੀ ਦੀ ਹੋਂਦ ਦੇ ਹਵਾਲੇ ਦੱਸੇ ਜਾਂਦੇ ਹਨ। ਗੁਰਮੁਖੀ ਲਿਪੀ ਭਾਰਤ ਦੀ ਪ੍ਰਾਚੀਨ ਲਿਪੀ ਬ੍ਰਹਮੀ ਵਿਚੋਂ ਵਿਕਸਤ ਹੋਈ। ਸ਼ਾਰਦਾ, ਟਾਕਰੀ ਤੇ ਲੰਡੇ ਲਿਪੀਆਂ ਨਾਲ ਗੁਰਮੁਖੀ ਦੇ ਚਿੰਨ੍ਹ ਵੀ ਆਪਸ ਵਿੱਚ ਮਿਲਦੇ ਜੁਲਦੇ ਨੇ ਤੇ ਅੱਖਰ ਵੀ ਲੱਗ ਪੱਗ ਬਰਾਬਰ ਨੇ।ਸ਼ਾਰਦਾ ਤੇ ਟਾਕਰੀ ਦੇ 37 , ਲੰਡੇ ਦੇ 30 ਤੇ ਗੁਰਮੁਖੀ ਦੇ 35 .ਗੁਰਮੁਖੀ ਦੇ ਸੱਤ ਅੱਖਰ ਇੜੀ, ਕ, ਗ, ਟ, ਠ, ਥ, ਬ ਅਜਿਹੇ ਹਨ ਜੋ ਸਿੰਧੂ ਘਾਟੀ ਨਾਲ ਮੇਲ ਖਾਂਦੇ ਹਨ। ਇਨ੍ਹਾਂ ਅੱਖਰਾਂ ਦਾ ਇਤਿਹਾਸ ਤਿੰਨ ਚਾਰ ਹਜ਼ਾਰ ਸਾਲ ਪੁਰਾਣਾ ਹੈ। ਹਰਦਵਾਰ, ਕਾਂਗੜਾ, ਪਹੇਵਾ ਆਦਿ ਦੇ ਪਾਂਡਿਆਂ ਦੀਆਂ ਵਹੀਆਂ, ਜੋ ਗੁਰੂ ਸਾਹਿਬਾਨ ਤੋਂ ਚੋਖਾ ਚਿਰ ਪਹਿਲਾਂ ਦੀਆਂ ਹਨ, ਵਿੱਚ ਗੁਰਮੁਖੀ ਵਰਗੀ ਲਿਖਤ ਮਿਲਦੀ ਹੈ। ਜ਼ਿਲਾ ਲੁਧਿਆਣਾ ਦੇ ਇੱਕ ਪਿੰਡ ਦੇ ਮਕਬਰੇ'ਚੋ 15ਵੀਂ ਸਦੀ ਦੇ ਉੱਕਰੇ ਅੱਖਰ ਮਿਲੇ ਹਨ ਜੋ ਗੁਰਮੁਖੀ ਅੱਖਰਾਂ ਵਰਗੇ ਹਨ। ਡਾਕਟਰ ਤਰਲੋਚਨ ਸਿੰਘ ਬੇਦੀ ਨੇ ਪੰਜਾਬੀ ਵਾਰਤਕ ਦੀ ਇੱਕ ਹੱਥ ਲਿਖਤ ਲੱਭੀ ਹੈ - ਏਕਾਦਸ਼ੀ ਮਹਾਤਮ 'ਜੋ 13ਵੀਂ 14ਵੀਂ ਸਦੀ ਦੀ ਹੈ। ਜਿਸ ਵਿੱਚ ਲਿੱਪੀ ਤੇ ਅੱਖਰ ਬਿਲਕੁਲ ਗੁਰਮੁਖੀ ਦੇ ਹੀ ਜਾਪਦੇ ਹਨ। ਸੋ ਗੁਰਮੁਖੀ ਪ੍ਰਾਚੀਨ ਲਿੱਪੀ ਵੀ ਹੈ ਤੇ ਸੰਸਾਰ ਦੀਆਂ ਵਿਕਸਿਤ ਲਿਪੀਆਂ ਵਿਚੋਂ ਪ੍ਰਮੁੱਖ ਵਿਕਸਿਤ ਲਿਪੀ ਵੀ ਹੈ।

ਪੰਜਾਬੀ ਦਾ ਵਿਕਾਸ ਉਸ ਤਰ੍ਹਾਂ ਨਹੀਂ ਹੋਇਆ ਜਿਸ ਤਰ੍ਹਾਂ ਅੰਗਰੇਜ਼ੀ ਤੇ ਕੁਝ ਹੋਰ ਵਿਕਸਿਤ ਭਾਸ਼ਾਵਾਂ ਦਾ ਹੋਇਆ। ਸਤਾਰਵੀਂ ਸਦੀ ਦੇ ਅੰਤ ਜਿਹੇ 'ਚ ਬ੍ਰਿਟਿਸ਼ ਰਾਜ ਫੈਲਣ ਨਾਲ ਆਧੁਨਿਕ ਅੰਗਰੇਜ਼ੀ ਮਜ਼ਬੂਤੀ ਨਾਲ ਜੜ੍ਹਾਂ ਲਾਉਂਦੀ ਤੇ ਫੈਲਦੀ ਹੈ। ਸੰਪਰਕ, ਵਿਦਿਆ ਤੇ ਵਿਉਪਾਰ ਦੀ ਭਾਸ਼ਾ ਬਣ ਜਾਣ ਕਾਰਨ 20ਵੀਂ ਸਦੀ ਦੇ ਦੂਜੇ ਅੱਧ ਤੱਕ ਦੁਨੀਆ ਦੀ ਭਾਸ਼ਾ ਦਾ ਦਰਜਾ ਹਾਸਿਲ ਕਰ ਲੈਂਦੀ ਹੈ। ਇਸ ਦਾ ਕਾਰਣ ਇਹ ਹੈ ਕਿ ਗੋਰਿਆਂ ਨੇ ਦੁਨੀਆ ਤੇ ਰਾਜ ਕੀਤਾ। ਜਿੱਥੇ ਜਿੱਥੇ ਗਏ ਆਪਣੀ ਭਾਸ਼ਾ, ਸਾਹਿਤ, ਸੰਸਕ੍ਰਿਤੀ ਤੇ ਜੀਵਨ ਸ਼ੈਲੀ ਦੀ ਛਾਪ ਛੱਡੀ। ਇਸ ਦੇ ਉਲਟ ਪੰਜਾਬ ਤੇ ਦੁਨੀਆ ਨੇ ਰਾਜ ਕੀਤਾ ਤੇ ਜਿਹੜਾ ਆਇਆ ਉਸ ਨੇ ਆਪਣੀ ਛਾਪ ਪੰਜਾਬ ਤੇ ਛੱਡੀ। ਮੁਗਲਾਂ ਨੇ ਆਪਣੀ ਭਾਸ਼ਾ, ਸੱਭਿਆਚਾਰ, ਆਧਾਰਕ ਸਰੰਚਨਾ (ਇਨਫਰਾਸਟਕਚਰ) ਆਪਣੇ ਰੰਗ ਢੰਗ ਦਾ ਸਥਾਪਿਤ ਕੀਤਾ। ਮਹਿਮੂਦ ਗਜ਼ਨਵੀ ਨੇ 1003 ਈਸਵੀ ਵਿੱਚ ਫਾਰਸੀ ਨੂੰ ਪੰਜਾਬ ਦੀ ਸਰਕਾਰੀ ਭਾਸ਼ਾ ਬਣਾ ਦਿੱਤਾ। ਸੰਨ ਹਿਜ਼ਰੀ ਵੀ ਪ੍ਰਚਲਿਤ ਕਰ ਦਿੱਤਾ। 1832 ਈਸਵੀ ਵਿੱਚ ਗੋਰਿਆਂ ਨੇ ਫਾਰਸੀ ਹਟਾ ਕੇ ਉਰਦੂ ਸਰਕਾਰੀ ਭਾਸ਼ਾ ਬਣਾ ਦਿੱਤੀ। ਫੇਰ 1835 ਈਸਵੀ ਵਿੱਚ ਭਾਰਤ ਦੀ ਸਰਕਾਰੀ ਜ਼ੁਬਾਨ ਅੰਗਰੇਜ਼ੀ ਕਰ ਦਿੱਤੀ ਗਈ।

ਗੁਰੂਆਂ ਦਾ ਜੀਵਨ ,ਸੰਘਰਸ਼ ਤੇ ਯੁਧਾਂ ਵਿੱਚ ਹੀ ਬੀਤਿਆ। ਬੰਦਾ ਸਿੰਘ ਬਹਾਦਰ ਤੱਕ ਲਗਾਤਾਰ ਯੋਧੇ ਹੋਏ। ਭਾਵੇਂ 1710 ਈ: 'ਚ ਸਰਹਿੰਦ ਦੀ ਜਿੱਤ ਦੇ ਸਮੇਂ ਬੰਦਾ ਸਿੰਘ ਬਹਾਦਰ ਨੇ ਆਪਣਾ ਪ੍ਰਸ਼ਾਸ਼ਨੀ ਸਾਲ ਸ਼ੁਰੂ ਕੀਤਾ। ਪਰ ਬਕਾਇਦਾ ਸ਼ਾਸਨ ਪ੍ਰਣਾਲੀ ਸਥਾਪਿਤ ਕਰਨ ਲਈ ਉਸ ਪਾਸ ਸਮਾਂ ਨਹੀਂ ਸੀ। ਭਾਵੇਂ ਉਸ ਨੇ ਗੁਰੂ ਦੇ ਨਾਂ ਤੇ ਸਿੱਕੇ ਵੀ ਚਲਾਏ ਜਿਨ੍ਹਾਂ ਤੇ ਫ਼ਾਰਸੀ'ਚ ਉੱਕਰਿਆ ਹੋਇਆ ਸੀ:

"ਸਿੱਕਾ ਜ਼ਦ ਬਰ ਹਰ ਦੋ ਆਲਮ ਤੇਗ਼ ਨਾਨਕ ਵਾਹਬ ਅਸ।
ਫ਼ਤਿਹ ਗੋਬਿੰਦ ਸਿੰਘ ਸ਼ਾਹਿ ਸ਼ਾਹਾਨ ਫ਼ਜ਼ਲ ਸਚਾ ਸਾਹਿਬ ਅਸਤ।
"

ਸਰਕਾਰੀ ਮੋਹਰ ਵੀ ਬਣਾਈ ਜਿਸ ਤੇ ਉੱਕਰਿਆ ਹੋਇਆ ਸੀ
"ਦੇਗ਼ ਉ ਤੇਗ਼ ਉ ਫ਼ਤਿਹ ਉ ਨੁਸਰਤ ਬ-ਦਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ"

ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ (ਸਰਕਾਰ ਖਾਲਸਾ) ਸਮੇਂ ਵੀ ਪੰਜਾਬ ਦੀ ਸਰਕਾਰੀ ਭਾਸ਼ਾ ਫ਼ਾਰਸੀ ਹੀ ਰਹਿੰਦੀ ਹੈ। ਕਹਿੰਦੇ ਨੇ ਮਹਾਰਾਜਾ ਰਣਜੀਤ ਸਿੰਘ ਪੜ੍ਹਿਆ ਲਿਖਿਆ ਨਹੀਂ ਸੀ। ਕੋਈ ਹੁਕਮ ਸੁਣਾਉਣਾ ਹੁੰਦਾ ਸੀ ਤਾਂ ਬੋਲ ਕੇ ਸੁਣਾਉਂਦਾ ਹੁੰਦਾ ਸੀ। ਫ਼ਾਰਸੀ ਦੀ ਗੱਲਬਾਤ ਦਾ ਸਾਰਅੰਸ਼ ਸਮਝ ਲੈਂਦਾ ਸੀ। ਸਿੱਕਿਆਂ ਤੇ ਵੀ ਉਹੀ ਬੰਦਾ ਸਿੰਘ ਬਹਾਦਰ ਦੀ ਮੋਹਰ ਵਾਲੀਆਂ ਫਾਰਸੀਆਂ ਪੰਗਤੀਆਂ ਉੱਕਰੀਆਂ ਹੋਈਆਂ ਸਨ।

ਕੋਈ ਵੀ ਰਾਜ ਇਸ ਤਰ੍ਹਾਂ ਮੁਕੰਮਲ ਸਥਾਪਿਤ ਨਹੀਂ ਹੋ ਸਕਿਆ ਕਿ ਭਾਸ਼ਾ ਤੇ ਸੱਭਿਆਚਾਰ ਦਾ ਵਿਕਾਸ ਕੀਤਾ ਜਾ ਸਕੇ। ਸਗੋਂ ਸਮੇਂ ਸਮੇਂ ਰਾਜਸੀ ਅਸਥਿਰਤਾ ਤੇ ਰਾਜਸੀ ਗੁਲਾਮੀ ਅਧੀਨ ਭਾਸ਼ਾ ਨੂੰ ਬਚਾਉਣ ਲਈ ਨਾਅਰਾ ਮਾਰਨਾ ਪਿਆ। ਇੱਕ ਵੇਲੇ ਗੁਰੂ ਨਾਨਕ ਦੇਵ ਜੀ ਨੇ ਬਾਬਰ ਦੀ ਬਾਦਸ਼ਾਹਤ ਸਮੇਂ ਲੋਕਾਈ ਨੂੰ ਆਪਣੇ ਰਹਿਣ ਸਹਿਣ, ਵੇਸ ਵਸਤਰ ਤੇ ਬੋਲੀ ਪ੍ਰਤੀ ਸੁਚੇਤ ਕਰਦਿਆਂ ਉਚਾਰਨ ਕੀਤਾ ਕਿ:

"ਕੂਜਾਂ ਬਾਂਗ ਨਿਵਾਜ ਮੁਸਲਾ ਨੀਲ ਰੂਮ ਬਨਵਾਰੀ
ਘਰਿ ਘਰਿ ਮੀਆਂ ਸਭਨਾਂ ਜੀਆਂ ਬੋਲੀ ਅਵਰ ਤੁਮ੍ਹਾਰੀ। "

ਸ਼ਹੀਦ ਭਗਤ ਸਿੰਘ ਦਾ 28 ਫਰਵਰੀ 1933 ਦੇ ਹਿੰਦੀ ਸੰਦੇਸ਼ ਨਾਮੀ ਅਖਬਾਰ ਵਿੱਚ ਲੇਖ ਛਪਿਆ ਜਿਸ ਵਿੱਚ ਉਹ ਕਹਿੰਦਾ ਹੈ, "ਸਮਾਜ ਦੇ ਪ੍ਰਾਣਾਂ ਦੀ ਚੇਤਨਾ ਉਸ ਸਮਾਜ ਦੇ ਸਾਹਿਤ ਵਿੱਚ ਹੀ ਜ਼ਾਹਿਰ ਹੋਇਆ ਕਰਦੀ ਹੈ, ਪਰ ਸਾਹਿਤ ਲਈ ਸਭ ਤੋਂ ਪਹਿਲਾਂ ਭਾਸ਼ਾ ਦੀ ਜ਼ਰੂਰਤ ਹੁੰਦੀ ਹੈ ਤੇ ਪੰਜਾਬ ਵਿੱਚ ਉਹ ਨਹੀਂ।'

ਸਮੇਂ ਸਮੇਂ ਪੰਜਾਬੀ ਕਵੀ ਪੰਜਾਬੀ ਭਾਸ਼ਾ ਦੀ ਮਹੱਤਤਾ ਪ੍ਰਤੀ ਕਵਿਤਾਵਾਂ ਲਿਖਦੇ ਰਹੇ ਹਨ। ਫ਼ਿਰੋਜ਼ਦੀਨ ਸ਼ਰਫ਼ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਕਿ "ਮੁੱਠਾਂ ਮੀਚ ਕੇ ਨੁੱਕਰੇ ਹਾਂ ਬੈਠੀ ਟੁੱਟੀ ਹੋਈ ਸਿਤਾਰ ਰਬਾਬੀਆਂ ਦੀ ਪੁੱਛੀ ਬਾਤ ਨਾ ਜਿਨ੍ਹਾਂ ਨੇ ਸ਼ਰਫ਼ ਮੇਰੀ ਵੇ ਮੈਂ ਬੋਲੀ ਹਾਂ ਉਨ੍ਹਾਂ ਪੰਜਾਬੀਆਂ ਦੀ।"

ਪੰਜਾਬੀਆਂ ਵੱਲੋਂ ਪੰਜਾਬੀ ਦੀ ਬਾਤ ਨਾ ਪੁੱਛਣਾ ਬੜਾ ਰੜਕਦਾ ਹੈ। ਪਰ ਇਸਦੇ ਬਾਵਜੂਦ ਪੰਜਾਬੀ ਭਾਸ਼ਾ ਦਾ ਵਜੂਦ ਦੇਸ ਪਰਦੇਸ'ਚ ਜਿੰਦਾ ਹੈ, ਇਸ ਤੋਂ ਭਾਸ਼ਾ ਦੀ ਸ਼ਕਤੀ ਦਾ ਅਨੁਮਾਨ ਵੀ ਲੱਗਦਾ ਹੈ। ਕਿੱਸਾ ਕਾਵਿ , ਸੂਫ਼ੀ ਕਾਵਿ ,ਗੁਰਮਤਿ ਕਾਵਿ, ਲੋਕ ਗੀਤ, ਇਸ ਸ਼ਕਤੀ ਦਾ ਸੋਮਾ ਨੇ ਜਿਸ ਕਾਰਨ ਪੰਜਾਬੀ ਭਾਸ਼ਾ ਦੀਆਂ ਜੜ੍ਹਾਂ ਹਰੀਆਂ ਨੇ। 1604 ਈ: ਵਿੱਚ ਗੁਰੂ ਅਰਜਨ ਦੇਵ ਦੁਆਰਾ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਪੰਜਾਬੀ ਭਾਸ਼ਾ ਤੇ ਲਿਪੀ ਦੀ ਹੋਂਦ ਨੂੰ ਸੁਰਖਿਅਤ ਕਰਦਾ ਹੈ।

ਜਿਥੇ ਇੰਗਲੈਂਡ , ਕੈਨੇਡਾ ਵਿੱਚ ਪੰਜਾਬੀ ਭਾਸ਼ਾ ਚੌਥਾ ਤੇ ਤੀਜਾ ਦਰਜਾ ਰੱਖਦੀ ਹੈ ਉੱਥੇ ਅਮਰੀਕਾ ਵਿੱਚ 2012-2016 ਦੀ ਮਰਦਮਸ਼ੁਮਾਰੀ ਮੁਤਾਬਿਕ ਪੰਜਾਬੀ ਤਕਰੀਬਨ 30ਵੇਂ ਕੁ ਸਥਾਨ ਤੇ ਹੈ। 2.8 ਲੱਖ ਪੰਜਾਬੀ ਬੋਲਣ ਵਾਲੇ ਹਨ। ਇਹ ਅੰਕੜਾ ਇਨ੍ਹਾਂ ਪੁਖਤਾ ਪ੍ਰਤੀਤ ਨਹੀਂ ਹੁੰਦਾ।

ਅਮਰੀਕਾ ਵਿੱਚ 60.5% ਲੋਕ ਅੰਗਰੇਜ਼ੀ ਬੋਲਦੇ ਨੇ। 39.5% ਦੂਸਰੀ ਭਾਸ਼ਾ ਬੋਲਦੇ ਨੇ। ਇਨ੍ਹਾਂ ਵਿੱਚ ਉਹ ਵੀ ਸ਼ਾਮਿਲ ਹਨ ਜੋ ਅੰਗਰੇਜ਼ੀ ਵੀ ਬੋਲਦੇ ਹਨ ਤੇ ਕੋਈ ਹੋਰ ਭਾਸ਼ਾ ਵੀ ਜਾਂ ਸਿਰਫ ਹੋਰ ਭਾਸ਼ਾ ਹੀ ਬੋਲਦੇ ਹਨ। ਅਮਰੀਕਾ ਵਿੱਚ ਪੰਜਾਬੀ ਬੋਲਣ ਵਾਲੇ 1,66,415 ਅੰਗਰੇਜ਼ੀ ਵੀ ਚੰਗੀ ਤਰ੍ਹਾਂ ਜਾਣਦੇ ਹਨ ਤੇ 1,14,452 ਪੰਜਾਬੀ ਬੋਲਣ ਵਾਲੇ ਚੰਗੀ ਤਰ੍ਹਾਂ ਅੰਗਰੇਜ਼ੀ ਨਹੀਂ ਜਾਣਦੇ ਪਰ ਜਾਣਦੇ ਹਨ ਤੇ ਲੱਗਭੱਗ 1ਕ਼3 ਹਿੱਸਾ ਅੰਗਰੇਜ਼ੀ ਚੰਗੀ ਤਰ੍ਹਾਂ ਨਹੀਂ ਜਾਣਦੇ।

ਕੈਲੀਫੋਰਨੀਆ ਵਿੱਚ ਪਹਿਲੀਆਂ 10 ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚ ਪੰਜਾਬੀ ਸ਼ਾਮਿਲ ਹੈ। ਕਰਨ KERN ਤੇ ਸੱਟਰ Sutter ਕਾਉਂਟੀਆਂ ਵਾਲੇ ਇਲਾਕਿਆਂ'ਚ ਪੰਜਾਬੀ ਪੰਜਾਬੀ ਤੀਸਰੇ ਸਥਾਨ ਤੇ ਆਉਂਦੀ ਹੈ। ਕੈਲੀਫੋਰਨੀਆ ਵਿੱਚ ਕਈ ਨਿੱਕੇ ਨਿੱਕੇ ਪੰਜਾਬ ਨੇ। 1899 ਵਿੱਚ ਸਾਂਸਫਰਾਂਸਿਸਕੋ ਦੇ ਐਂਜਲ ਆਈਲੈਂਡ ਤੇ ਪਹਿਲੇ ਸਿੱਖ ਪੰਜਾਬੀ ਨੇ ਕੈਲੀਫੋਰਨੀਆ ਵਿੱਚ ਪ੍ਰਵੇਸ਼ ਕੀਤਾ।

1913 ਵਿਚ ਪਹਿਲਾ ਛਾਪਾਖਾਨਾ ਲੱਗਾ ਜਿਥੇ ਸਟਾਕਟਨ ਗੁਰਦੁਆਰੇ ਦੀ ਸਹਾਇਤਾ ਨਾਲ ਕਰਤਾਰ ਸਿੰਘ ਸਰਾਭਾ ਨੇ "ਗਦਰ" ਅਖਬਾਰ ਛਾਪਣਾ ਸ਼ੁਰੂ ਕੀਤਾ। 1960 ਵਿਆਂ ਤੋਂ ਬਾਅਦ ਪੰਜਾਬੀਆਂ ਦੀ ਅਮਰੀਕਾ 'ਚ ਗਿਣਤੀ ਵੱਧਣੀ ਸ਼ੁਰੂ ਹੋ ਗਈ।ਪਰ ਯੂ ਐਸ ਏ ਮਰਦਮਸ਼ੁਮਾਰੀ ਵਿੱਚ 2017 ਤੋਂ ਪੰਜਾਬੀ ਭਾਸ਼ਾ ਨੂੰ ਸ਼ਾਮਿਲ ਕੀਤਾ ਗਿਆ।

ਅਮਰੀਕਾ ਵਿੱਚ 1990-2000 ਦੌਰਾਨ ਸਿਰਫ ਅੰਗਰੇਜ਼ੀ ਵਿੱਚ ਪੜ੍ਹਾਈ ਨੂੰ ਸਖ਼ਤੀ ਨਾਲ ਲਾਗੂ ਕੀਤਾ ਗਿਆ। ਪਬਲਿਕ ਸਕੂਲਾਂ ਵਿੱਚ ਦੁਭਾਸ਼ੀ ਪੜ੍ਹਾਈ ਤੇ 1998 ਵਿੱਚ ਜਨਤਾ ਨੇ ਪਰਾਪੋਜ਼ੀਸ਼ਨ 227 ਰਾਹੀਂ ਰੋਕ ਲਗਵਾ ਦਿੱਤੀ। 1970-80 ਦੇ ਸਾਲਾਂ 'ਚ ਕਲਾਸ 'ਚ ਅੰਗਰੇਜ਼ੀ ਤੋਂ ਬਿਨਾ ਹੋਰ ਭਾਸ਼ਾ ਬੋਲਣ ਤੇ ਪਾਬੰਦੀ ਸੀ। ਜੇ ਕੋਈ ਹੋਰ ਭਾਸ਼ਾ ਬੋਲਦਾ ਸੀ ਤਾਂ ਸਜ਼ਾ ਦਿੱਤੀ ਜਾਂਦੀ ਸੀ। ਭਾਵੇਂ ਅਮਰੀਕਾ ਦੀ ਸਰਕਾਰੀ ਭਾਸ਼ਾ ਕੋਈ ਨਹੀਂ ਸੀ। ਫੇਰ ਵੀ ਕਈ ਦਹਾਕਿਆਂ ਤੱਕ ਕੁਝ ਰਾਜਾਂ ਵਿਚ ਅੰਗਰੇਜ਼ੀ ਨੂੰ ਸਰਕਾਰੀ ਭਾਸ਼ਾ ਬਣਾਇਆ ਗਿਆ ਤੇ ਅੰਗਰੇਜ਼ੀ ਸਕੂਲਾਂ ਵਿੱਚ ਧੱਕੇ ਨਾਲ ਅੰਗਰੇਜ਼ੀ ਸਿਖਾਉਣ ਧੱਕੇ ਨਾਲ ਅੰਗਰੇਜ਼ੀ ਸਿਖਾਉਣ ਦੇ ਯਤਨ ਕੀਤੇ ਗਏ। ਯੋਜਨਾ ਇਹ ਸੀ ਕਿੱ ਸਮੋਸਸਿ ਵਿਧੀ ਮੁਤਾਬਿਕ ਬੱਚੇ ਆਪਣੇ ਅੱਪ ਅੰਗਰੇਜ਼ੀ ਵਾਲੇ ਮਾਹੌਲ ਵਿੱਚ ਅੰਗਰੇਜ਼ੀ ਸਿੱਖ ਜਾਣਗੇ।ਇਹ ਬਹੁਤ ਛੋਟੀ ਉਮਰ ਦੇ ਬੱਚਿਆਂ ਲਈ ਤਾਂ ਠੀਕ ਹੋ ਸਕਦਾ ਸੀ ਪਰ ਵੱਡੀ ਉਮਰ ਦੇ ਬੱਚਿਆਂ ਲਈ ਕਾਰਗਾਰ ਨਹੀਂ।

ਫਿਰ 2016 ਵਿੱਚ ਪਰਾਪੋਜ਼ੀਸ਼ਨ 58 ਰਾਹੀਂ ਕੈਲੀਫੋਰਨੀਆ 'ਚ ਦੁਭਾਸ਼ੀ ਵਿੱਦਿਆ ਤੋਂ ਪਾਬੰਦੀ ਹੱਟਾ ਦਿੱਤੀ ਗਈ। ਇਨ੍ਹਾਂ ਦਿਨਾਂ'ਚ ਦੁਭਾਸ਼ੀ ਵਿੱਦਿਆ ਅਮਰੀਕਾ ਵਿੱਚ ਜ਼ੋਰ ਫੜ੍ਹ ਰਹੀ ਹੈ। ਅਮਰੀਕਾ ਵਿੱਚ 5 ਮਿਲੀਅਨ ਦੇ ਕਰੀਬ ਅੰਗਰੇਜ਼ੀ ਸਿੱਖਾਂਦਰੂ ਵਿਧਿਆਰਥੀ ਨੇ ਜਿਨ੍ਹਾਂ'ਚੋ 3.8 ਮਿਲੀਅਨ ਸਪੈਨਿਸ਼ ਭਾਸ਼ਾ ਨਾਲ ਸਬੰਧ ਰੱਖਦੇ ਹਨ। ਦੁਭਾਸ਼ੀ ਵਿਦਿਆ ਦੇ ਮਾਡਲ਼ .ੳ. ਵਿੱਚ Gates Street early education centre, Lincoln Heights ਵਿੱਚ ਸ਼ੁਰੂ ਹੋ ਰਹੇ ਨੇ ਜਿਥੇ ਲਾਤੀਨੀ ਤੇ ਏਸ਼ੀਅਨ ਲੋਕ ਵੱਡੀ ਗਿਣਤੀ 'ਚ ਰਹਿੰਦੇ ਨੇ। ਅਮਰੀਕਾ ਦੇ ਹੋਰ ਹਿੱਸਿਆਂ'ਚ ਵੀ ਇਹ ਮਾਡਲ ਸ਼ੁਰੂ ਕਰਨ ਦਾ ਵਿਚਾਰ ਜੜ੍ਹ ਫੜ੍ਹ ਰਿਹਾ ਹੈ।ਇਹ ਵਿਚਾਰ ਚੱਲ ਰਿਹਾ ਹੈ ਕਿ ਦੋ ਭਾਸ਼ਾਵਾਂ ਵਿਦਿਆਰਥੀ ਨੂੰ ਬੌਧਿਕ ਤੇ ਸੱਭਿਆਚਾਰਕ ਪੱਖਾਂ ਤੋਂ ਹੋਰ ਮਜ਼ਬੂਤ ਕਰਦੀਆਂ ਹਨ। .ੳ. ਦੇ ਸਕੂਲਾਂ ਵਿੱਚ ਸਪੈਨਿਸ਼/ਅੰਗਰੇਜ਼ੀ ਦੁਭਾਸ਼ੀ ਪ੍ਰੋਗਰਾਮ ਤਹਿਤ 15,000 ਵਿਦਿਆਰਥੀ ਦਾਖ਼ਿਲ ਕੀਤਾ ਗਿਆ ਹੈ। ਨਿਊ ਜਰਸ਼ੀ ਦੇ ਵਿਨਲੈਂਡ ਸ਼ਹਿਰ ਦੇ ਦੁਭਾਸ਼ੀ ਪ੍ਰੋਗਰਾਮ ਤਹਿਤ Vinland ਸਕੂਲ ਨੂੰ ਰਾਜਸੀ ਸਨਮਾਨ ਮਿਲਿਆ ਹੈ। ਉਥੋਂ ਦੇ ਇੱਕ ਸਪੈਨਿਸ਼ ਬੋਲਦੇ ਵਿਦਿਆਰਥੀ ਕੈਵਿਨ ਸਾਂਚੇਜ਼ ਨੇ ਸਾਇੰਸ ਫੇਅਰ ਵਿੱਚ ਇਨਾਮ ਜਿੱਤਿਆ ਹੈ। ਉਸਦੀ ਸਪੈਨਿਸ਼ ਸਪੀਚ ਨੂੰ ਉਸਦੇ ਇੱਕ ਦੋਸਤ ਵਿਦਿਆਰਥੀ ਨੇ ਪੜ੍ਹ ਕੇ ਸੁਣਾਇਆ ਜੋ ਸਪੈਨਿਸ਼ ਤੇ ਅੰਗਰੇਜ਼ੀ ਦੋਵੇਂ ਜਾਣਦਾ ਸੀ।ਸਕੂਲ ਦੇ ਦੁਭਾਸ਼ੀ ਵਿਭਾਗ ਦੀ ਸੁਪਰਵਾਈਜ਼ਰ Joann Negrin ਦਾ ਕਹਿਣਾ ਹੈ ਕਿ ਜੇ ਵਿਦਿਆਰਥੀ ਆਪਣੀ ਮਾਤ ਭਾਸ਼ਾ ਚੰਗੀ ਤਰ੍ਹਾਂ ਜਾਣਦਾ ਹੈ ਤਾਂ ਇਹ ਇਸ ਗੱਲ ਦਾ ਸੰਕੇਤ ਹੈ ਕਿ ਉਹ ਅੰਗਰੇਜ਼ੀ ਵੀ ਚੰਗੀ ਤਰ੍ਹਾਂ ਸਿੱਖ ਜਾਵੇਗਾ।

ਸਾਰੇ ਅਮਰੀਕਾ ਵਿੱਚ ਵਿੱਚ 3000 ਦੇ ਕਰੀਬ ਦੋ ਭਾਸ਼ਾਈ ਵਿੱਦਿਆ ਪ੍ਰੋਗਰਾਮ ਨੇ ਕੈਲੀਫੋਰਨੀਆ ਵਿੱਚ ਵੀ ਇਹ ਯਤਨ ਹੋ ਰਹੀ ਹਨ। ਅੰਗਰੇਜ਼ੀ ਸਿੱਖਣ ਵਾਲਿਆਂ ਦੀ ਗਿਣਤੀ ਵੱਧ ਰਹੀ ਹੈ। ਪਰ ਦੋ ਭਾਸ਼ਾਈ ਅਧਿਆਪਕਾਂ ਦੀ ਲੋੜ ਹੈ। ਕੈਲੀਫੋਰਨੀਆ ਵਿੱਚ ਕਈ ਸਕੂਲਾਂ ਵਿੱਚ ਪੰਜਾਬੀ ਲਾਗੂ ਹੋਈ ਹੈ। ਪਰ ਪੜ੍ਹਾਉਣ ਵਾਲੇ ਅਧਿਆਪਕਾਂ ਦੀ ਕਮੀ ਹੈ। ਦੂਸਰੀ ਗੱਲ ਕਿ ਜੇ ਵਿਦਿਆਰਥੀ ਨੂੰ ਪੰਜਾਬੀ ਚੰਗੀ ਤਰ੍ਹਾਂ ਨਹੀਂ ਆਉਂਦੀ ਤਾਂ ਅੰਗਰੇਜ਼ੀ ਸਿੱਖਣ ਵਿੱਚ ਕਠਿਨਾਈ ਆਉਂਦੀ ਹੈ। ਇੱਥੇ ਗੁਰਦੁਆਰਿਆਂ ਵਿੱਚ ਬੱਚਿਆਂ ਨੂੰ ਪੰਜਾਬੀ ਸਿਖਾਉਣ ਦੇ ਯਤਨ ਹੋ ਰਹੇ ਹਨ। ਜ਼ਿਆਦਾਤਰ ਉਹ ਵਿਦਿਆਰਥੀ ਨੇ ਜਿਨ੍ਹਾਂ ਨੇ ਅੰਗਰੇਜ਼ੀ ਪਹਿਲੀ ਭਾਸ਼ਾ ਵਜੋਂ ਪੜ੍ਹਨੀ ਹੈ ਤੇ ਪੰਜਾਬੀ ਉਨ੍ਹਾਂ ਨੂੰ ਦੂਸਰੀ ਭਾਸ਼ਾ ਵਜੋਂ ਸੱਭਿਆਚਾਰ ਨਾਲ ਜੋੜਨ ਲਈ ਸਿਖਾਈ ਜਾਂਦੀ ਹੈ। ਅਮਰੀਕਾ ਵਿੱਚ ਤਕਰੀਬਨ 400 ਗੁਰਦੁਆਰੇ ਹਨ. ਜੇ ਮੰਨ ਲਈਏ ਕਿ ਇਨ੍ਹਾਂ ਸਾਰਿਆਂ'ਚ ਪੰਜਾਬੀ ਸਕੂਲ ਚਲਾਏ ਜਾਂਦੇ ਹਨ ਤਾਂ ਹਰ ਸਾਲ ਅਮਰੀਕਾ 'ਚ ਜੰਮੇ ਹਜ਼ਾਰਾਂ ਪੰਜਾਬੀ ਬੱਚਿਆਂ ਨੂੰ ਪੰਜਾਬੀ ਸਿਖਾਈ ਜਾਂਦੀ ਹੈ। ਪਰ ਹਜ਼ਾਰਾਂ ਬੱਚਿਆਂ ਨੂੰ ਪੰਜਾਬੀ ਆਉਂਦੀ ਨਹੀਂ। ਕਾਰਣ ਇਹ ਹੈ ਕਿ ਯੋਗ ਅਧਿਆਪਕ ਨਹੀਂ ਰੱਖੇ ਜਾਂਦੇ। ਲੋਕ ਸੇਵਾਦਾਰ ਵਜੋਂ ਪੜ੍ਹਾਉਂਦੇ ਹਨ ਸੇਵਾ ਤੇ ਮੁਫ਼ਤ ਕੰਮ ਕਰਾਉਣ 'ਚ ਫਰਕ ਹੁੰਦਾ ਹੈ। ਇਸ ਤਰ੍ਹਾਂ ਸੇਵਾ ਦੇ ਨਾਂ ਤੇ ਮੁਫ਼ਤ ਪੜ੍ਹਾਉਣਾ ਪੰਜਾਬੀ ਭਾਸ਼ਾ ਨੂੰ ਹੀਣ ਕਰਦਾ ਹੈ। ਜੇ ਕਰ ਪੰਜਾਬੀ ਪੜ੍ਹਾਉਣ ਲਈ ਦੋ ਯੋਗ ਅਧਿਆਪਕ ਹਰ ਹਫ਼ਤੇ ਤਿੰਨ ਤਿੰਨ ਘੰਟੇ ਪੜ੍ਹਾਉਣ ਲਈ ਤਨਖਾਹ ਤੇ ਰੱਖੇ ਜਾਣ ਤਾਂ 20 ਡਾਲਰ ਪ੍ਰਤੀ ਘੰਟਾ ਦੇ ਹਿਸਾਬ ਨਾਲ ਦੋ ਅਧਿਆਪਕਾਂ ਦੀ ਸਲਾਨਾ ਤਨਖਾਹ 6000 ਡਾਲਰ ਦੇ ਕਰੀਬ ਬਣਦੀ ਹੈ। ਤਨਖਾਹ ਤੇ ਰੱਖੇ ਅਧਿਆਪਕ ਤੋਂ ਪ੍ਰਬੰਧਕ ਕਮੇਟੀ ਬੱਚੇ ਦੀ ਵਿਕਾਸ ਰਿਪੋਰਟ ਪੁੱਛ ਸਕਦੀ ਹੈ, ਸੇਵਾ ਤੇ ਪੜ੍ਹਾਉਂਦੇ ਸੇਵਾਦਾਰ ਤੋਂ ਨਹੀਂ। ਕਈ ਸਕੂਲਾਂ 'ਚ ਮੈਂ ਖੁਦ ਦੇਖਿਆ ਹੈ ਕਿ 4-5 ਸਾਲ ਤੋਂ ਬਾਅਦ ਵੀ ਬੱਚਿਆਂ ਨੂੰ ਪੰਜਾਬੀ ਨਹੀਂ ਆਉਂਦੀ।

ਇਸ ਦਾ ਕਾਰਣ ਯੋਗ ਅਧਿਆਪਕ ਦਾ ਨਾ ਹੋਣਾ ਹੈ। ਦੂਸਰਾ ਬੱਚਿਆਂ ਨੂੰ ਭਾਸ਼ਾ ਦੀ ਵਿਆਕਰਣ ਤੇ ਵਾਕ-ਰਚਨਾ ਸਿਖਾਉਣ ਦੀ ਥਾਂ ਗੁਰਬਾਣੀ ਸਿਖਾਉਣ ਦਾ ਯਤਨ ਜ਼ਿਆਦਾ ਕੀਤਾ ਜਾਂਦਾ ਹੈ, ਉਹ ਵੀ ਮੂੰਹ ਜ਼ੁਬਾਨੀ। ਜਿੰਨੇ ਪੰਜਾਬੀ ਸਕੂਲ ਨੇ ਉਨ੍ਹੇ ਪੰਜਾਬੀ ਸਕੂਲਾਂ 'ਚ ਨਹੀਂ ਹਨ ਪੰਜਾਬੀ ਪ੍ਰਤੀ ਪੰਜਾਬੀਆਂ ਦਾ ਜ਼ਜਬਾ ਵੀ ਉਤਸ਼ਾਹਜਨਕ ਨਹੀਂ। ਅਸਲ 'ਚ ਪੰਜਾਬੀ ਜਿਥੇ ਵੀ ਜਾਂਦੇ ਨੇ ,ਗੁਜ਼ਾਰੇ ਯੋਗੀ ਉਥੋਂ ਦੀ ਭਾਸ਼ਾ ਸਿੱਖ ਲੈਂਦੇ ਨੇ। ਕੰਮ-ਕਾਰ ਕਰਕੇ ਰੋਟੀ, ਕਪੜਾ , ਮਕਾਨ, ਚੰਗਾ ਬਣਾ ਲੈਂਦੇ ਨੇ। ਫੇਰ ਇਨ੍ਹਾਂ ਦੇ ਹੀ ਵਿਸਥਾਰ ਅਤੇ ਪਦਾਰਥਕ ਵਿਖਾਵੇ ਦੀ ਦੌੜ 'ਚ ਸਾਰੀ ਉਮਰ ਲੱਗੇ ਰਹਿੰਦੇ ਨੇ। ਬੌਧਿਕਤਾ ਵਾਲੇ ਪਾਸੇ ਧਿਆਨ ਨਹੀਂ ਦਿੰਦੇ। ਪੰਜਾਬੀਆਂ ਦੇ ਘਰਾਂ 'ਚ ਆਮ ਹੀ ਬਾਰ ਬਣੀ ਮਿਲ ਜਾਏਗੀ ਜਿਥੇ ਭਾਂਤ ਭਾਂਤ ਦੀ ਸ਼ਰਾਬ ਸਜ਼ਾ ਕੇ ਰੱਖੀ ਹੁੰਦੀ ਹੈ। ਪਰ ਬਹੁਤ ਥੋੜ੍ਹੇ ਘਰਾਂ'ਚ ਕਿਤਾਬ ਨਜ਼ਰ ਆਏਗੀ। ਕਿਸੇ ਕਿਸੇ ਗੁਰਦੁਆਰੇ 'ਚ ਇਤਿਹਾਸਿਕ ਕਿਤਾਬਾਂ ਦੀ ਕੋਈ ਲਾਇਬ੍ਰੇਰੀ ਮਿਲੇਗੀ। ਨਗਰ -ਕੀਰਤਨਾਂ 'ਚ ਵੀ ਪੁਸਤਕ ਪ੍ਰਦਰਸ਼ਨੀ ਦਾ ਅਭਾਵ ਹੀ ਹੁੰਦਾ ਹੈ। ਸਾਹਿਤ ਦੇ ਵੀ ਵੱਡੇ ਪੈਮਾਨੇ ਦੇ ਪ੍ਰੋਗਰਾਮ ਘੱਟ ਹੁੰਦੇ ਨੇ।

ਸੈਲਮਾ ਸਕੂਲ ਡਿਸਟ੍ਰਿਕਟ ਵਿੱਚ ਪੰਜਾਬੀ ਭਾਸ਼ਾ ਲਾਗੂ ਕਰਾਉਣ ਦਾ ਸੰਬੰਧ ਵਿੱਚ ਮੈਂ ਕੁਝ ਮੀਟਿੰਗਾਂ ਵਿੱਚ ਗਿਆ। ਮੀਟਿੰਗਾਂ ਵਿੱਚ ਪੰਜਾਬੀਆਂ ਨੇ ਕੋਈ ਉਤਸ਼ਾਹ ਨਹੀਂ ਦਿਖਾਇਆ। 5-7 ਬੰਦਿਆਂ ਤੋਂ ਵੱਧ ਆਏ ਨਹੀਂ। ਸਕੂਲ ਵਾਲਿਆਂ ਨੇ ਭਾਸ਼ਾ ਸਰਵੇ ਕਰਾਇਆ ਤਾਂ ਦੂਸਰੇ ਸਰਵੇ ਵਿੱਚ ਪੰਜਾਬੀ ਨੂੰ ਪਹਿਲਾਂ ਨਾਲੋਂ ਵੀ ਘੱਟ ਵੋਟਾਂ ਪਈਆਂ। ਸਕੂਲ ਦੀ ਸੁਪਟਡੈਂਟ ਦਾ ਕਹਿਣਾ ਸੀ ਕਿ ਪੰਜਾਬੀ ਬੋਲੀ ਚਰਚਿਤ ਬੋਲੀ ਨਹੀਂ ਹੈ। ਇਹ ਇਲਾਕਾ ਪੰਜਾਬੀਆਂ ਦਾ ਗੜ੍ਹ ਹੈ ਜਿਥੇ 20 ਸਾਲਾਂ ਤੋਂ ਲਗਾਤਾਰ ਨਗਰ ਕੀਰਤਨ ਕੱਢਿਆ ਜਾਂਦਾ ਹੈ। ਜੇ ਪੰਜਾਬੀਆਂ ਦੇ ਗੜ੍ਹ 'ਚ ਵੀ ਪੰਜਾਬੀ ਭਾਸ਼ਾ ਦਾ ਚਰਚਾ ਨਹੀਂ ਹੈ ਤਾਂ ਇਹ ਡਾਹਢੇ ਫਿਕਰ ਵਾਲੀ ਗੱਲ ਹੈ। ਇਸ ਦਾ ਮਤਲਬ ਪੰਜਾਬੀਆਂ ਦਾ ਹੋਰ ਭਾਈਚਾਰਿਆਂ ਨਾਲ ਕੋਈ ਸਬੰਧ ਨਹੀਂ ਹੈ। ਪੰਜਾਬੀ ਲੋਕ ਪੰਜਾਬੀ ਦਿਸਣ ਤੇ ਜ਼ਿਆਦਾ ਜ਼ੋਰ ਲਾਉਂਦੇ ਨੇ ਪੰਜਾਬੀ ਹੋਣ ਦਾ ਯਤਨ ਨਹੀਂ ਕਰਦੇ। ਪੰਜਾਬੀ ਭਾਸ਼ਾ ਬਿਨਾ ਪੰਜਾਬੀ ਹੋਣਾ ਸੰਭਵ ਨਹੀਂ। ਸਕੂਲ ਸੁਪਰਡੈਂਟ ਨੇ ਇਹ ਵੀ ਦੱਸਿਆ ਕਿ ਜੇ 30 ਕੁ ਵਿਦਿਆਰਥੀ ਹੋਣ ਤਾਂ ਸਾਨੂੰ ਅਧਿਆਪਕ ਰੱਖਣ ਲਈ ਫ਼ੰਡ ਮਿਲ ਜਾਣਗੇ। ਪਰ ਜੇ ਪੰਜਾਬੀ ਪੜ੍ਹਨ ਵਾਲੇ ਵਿਦਿਆਰਥੀ ਘਟਦੇ ਗਏ ਤਾਂ ਪੰਜਾਬੀ ਪੜ੍ਹਾਈ ਜਾਰੀ ਨਹੀਂ ਰਹਿ ਸਕਦੀ। ਜਾਂ ਫਿਰ ਡੇਢ ਲੱਖ ਡਾਲਰ ਪੰਜਾਬੀ ਲਈ ਹਰ ਸਾਲ ਪੰਜਾਬੀ ਲੋਕ ਦੇਣ ਲਈ ਤਿਆਰ ਹੋਣ ਤਾਂ ਕਲਾਸਾਂ ਜਾਰੀ ਰੱਖੀਆਂ ਜਾ ਸਕਦੀਆਂ ਨੇ। ਪੈਸੇ ਤਾਂ ਕੀ ਦੇਣੇ ਨੇ ਪੰਜਾਬੀ ਮੀਟਿੰਗਾਂ 'ਚ ਹੀ ਹਾਜਿਰ ਨਹੀਂ ਹੁੰਦੇ।

ਕੈਲੀਫੋਰਨੀਆ ਵਿੱਚ ਇੱਕ ਕਬੀਲਾ ਹੈ ਮੋਨੋ ਕਬੀਲਾ। ਉਨ੍ਹਾਂ ਦੇ ਬੱਚਿਆਂ ਨੂੰ ਸਕੂਲ 'ਚ ਮੋਨੋ ਭਾਸ਼ਾ ਬੋਲਣ ਤੇ ਸਜ਼ਾ ਹੁੰਦੀ ਸੀ। ਜਦ ਮੋਨੋ ਭਾਸ਼ਾ ਬੋਲਣ ਵਾਲੇ ਸਿਰਫ 17 ਲੋਕ ਹੀ ਰਹਿ ਗਏ ਤਾਂ ਮੋਨੋ ਕਬੀਲੇ ਦੇ ਲੋਕਾਂ ਨੇ ਆਪਣੇ ਬੱਚਿਆਂ ਨੂੰ ਆਪਣੀ ਭਾਸ਼ਾ ਸਿਖਾਉਣੀ ਸ਼ੁਰੂ ਕੀਤੀ। ਉਨ੍ਹਾਂ ਦੀ ਅਧਿਆਪਕ ਭੂਰਰੁਗਹ ਦਾ ਕਹਿਣਾ ਹੈ ਕਿ ਭਾਸ਼ਾ ਨੂੰ ਬਚਾਉਣਾ ਜ਼ਰੂਰੀ ਹੈ ਕਿਉਂਕਿ ਭਾਸ਼ਾ ਹੀ ਸੱਭਿਆਚਾਰ ਨੂੰ ਪ੍ਰਤੀਬਿੰਬ ਕਰਦੀ ਹੈ। ਇਹ ਸਾਡੇ ਕਬੀਲੇ ਦਾ ਦਿਲ ਹੈ। ਇਸ ਨਾਲ ਹੀ ਪਤਾ ਲਗਦਾ ਹੈ ਕਿ ਅਸੀਂ ਕੌਣ ਹਾਂ ਤੇ ਅਸੀਂ ਕੀ ਹਾਂ।"

ਇਸੇ ਤਰ੍ਹਾਂ ਇੱਕ ਹੋਰ ਕਬੀਲਾ ਭਾਸ਼ਾ ਚੱਕਝਾਂਸੀ ਨੂੰ ਬਚਾਉਣ ਲਈ ਉਨ੍ਹਾਂ ਲੋਕਾਂ ਨੇ Apps & games ਆਪਣੀ ਭਾਸ਼ਾ 'ਚ ਤਿਆਰ ਕੀਤੀਆਂ। ਮਈ 2012 ਵਿੱਚ ਫਰਿਜ਼ਨੋ ਸਟੇਟ ਯੂਨੀਵਰਸਟੀ ਦੇ ਭਾਸ਼ਾ ਵਿਭਾਗ ਨੂੰ ਇੱਕ ਮਿਲੀਅਨ ਡਾਲਰ ਚੱਕਚਾਸੀਂ ਡਿਕਸ਼ਨਰੀ ਤੇ ਵਿਆਕਰਣ ਤਿਆਰ ਕਰਨ ਲਈ ਗਰਾਂਟ ਦਿੱਤੀ ਗਈ ਤੇ ਭਾਸ਼ਾ ਨੂੰ ਪਾਠਕ੍ਰਮ ਵਿੱਚ ਲਵਾਉਣ ਲਈ ਯਤਨ ਕੀਤੇ। ਸਕਾਲਰਸ਼ਿਪ ਸ਼ੁਰੂ ਕੀਤੀ। ਹੁਣ ਚੱਕਚਾਸੀਂ ਕਲਾਸਾਂ ਉਪਲਬੱਧ ਨੇ ਤੇ Coarsegoed ਸ਼ਹਿਰ ਦੇ ਐਲੀਮੈਂਟਰੀ ਸਕੂਲ ਵਿੱਚ ਪੜ੍ਹਾਈਆਂ ਜਾਂਦੀਆਂ ਹਨ। ਇੱਕ ਕਬੀਲੇ ਨੇ ਇੱਕ ਮਿਲੀਅਨ ਡਾਲਰ ਭਾਸ਼ਾ ਬਚਾਉਣ ਲਈ ਲੈ ਦਿੱਤਾ। ਪੰਜਾਬੀ ਕੌਮ ਵੱਡੀ ਤੋਂ ਵੱਡੇ ਕਾਰੋਬਾਰਾਂ ਵਾਲੀ ਹੋਣ ਦੇ ਬਾਵਜੂਦ ਨਹੀਂ ਕਰ ਸਕੀ।

ਭਾਸ਼ਾ ਰੱਬੀ ਦਾਤ ਨਹੀਂ ਹੈ। ਭਾਸ਼ਾ ਮਾਨਵਜਾਤੀ ਦੀ ਇੱਕ ਮੌਲਿਕ ਤੇ ਮਹੱਤਵਪੂਰਨ ਪ੍ਰਾਪਤੀ ਹੈ। ਮਨੁੱਖ ਦੀਆਂ ਹੋਰ ਸਭ ਪ੍ਰਾਪਤੀਆਂ ਇਸੇ ਪ੍ਰਾਪਤੀ ਦਾ ਫਲ ਹੀ ਹਨ। ਭਾਸ਼ਾ ਕਿਸੇ ਸਭਿਆਚਾਰ ਦੀਆਂ ਜੜ੍ਹਾਂ ਦਾ ਸਿਰਨਾਵਾਂ ਹੈ। ਇਹ ਭਾਸ਼ਾ ਹੀ ਹੈ ਜੋ ਗਿਆਨ ਵਿਗਿਆਨ ਤੇ ਕੁਦਰਤ ਦੇ ਰੱਹਸ ਮੂਰਤੀਮਾਨ ਕਰਦੀ ਹੈ। ਭਾਸ਼ਾ ਨੂੰ ਇੱਕ ਸਜਿੰਦ ਹੋਂਦ ਮੰਨਿਆ ਗਿਆ ਹੈ। ਭਾਸ਼ਾ ਹੀ ਮਨੁੱਖ ਜਾਤੀ ਨੂੰ ਪਸ਼ੂ-ਜਾਤੀ ਨਾਲੋਂ ਵਖਰਾਉਂਦੀ ਹੈ। ਭਾਸ਼ਾ ਤੇ ਲਿੱਪੀ ਦੋਵੇਂ ਮਨੁੱਖ ਦੀਆਂ ਅਹਿਮ ਪ੍ਰਾਪਤੀਆਂ ਨੇ। ਚਿੱਤਰ ਲਿਪੀ, ਸੂਤਰ ਲਿਪੀ ,ਪ੍ਰਤੀਕਾਤਮਿਕ ਲਿੱਪੀ ਤੋਂ ਲੈ ਕੇ ਧੁਨੀਮੂਲਕ ਲਿੱਪੀ ਤੇ ਅਖਰਾਤਮਿਕ ਲਿੱਪੀ ਤੱਕ ਲਿਪੀਆਂ ਦੀ ਹੋਂਦ ਦਾ ਵਿਕਾਸ ਦਾ ਸਮਾਂ 10,000 ਪੂਰਵ ਈਸਵੀ ਤੋਂ ਲੈ ਕੇ 4000 ਪੂਰਵ ਈਸਵੀ ਤੱਕ ਕਿਆਸ ਕੀਤਾ ਜਾਂਦਾ ਹੈ। ਗੁਰਮੁਖੀ ਲਿੱਪੀ ਵੀ ਪੁਰਾਤਨ ਲਿੱਪੀ ਹੈ ਤੇ ਵਿਕਾਸਸ਼ੀਲ ਹੈ। ਇਸਦੇ ਨਿਰੰਤਰ ਵਿਕਾਸ ਲਈ ਯੋਗ ਪ੍ਰਬੰਧ ਤੇ ਯੋਜਨਾਬੰਧ ਉਦੇਸ਼ ਜ਼ਰੂਰੀ ਨੇ। ਨਹੀਂ ਤਾਂ ਇਹ ਹੋਰ ਪੁਰਾਤਨ ਤਾਂ ਹੁੰਦੀ ਜਾਏਗੀ ਪਰ ਵਿਕਾਸ ਤੇ ਵਿਸਥਾਰ ਨਹੀਂ ਹੋ ਸਕੇਗਾ।

ਜਾਰਜ ਸਿੰਪਸਨ ਦਾ ਕਹਿਣਾ ਹੈ ਕਿ "ਮਾਤ ਭਾਸ਼ਾ ਮਹਿਜ਼ ਸਕੂਲੀ ਪੜ੍ਹਾਈ ਦਾ ਮਜ਼ਮੂਨ ਨਹੀਂ ਹੈ। ਇਹ ਤਾਂ ਹੋਂਦ ਦੀ ਸ਼ਰਤ ਹੈ। ਇਹ ਜ਼ਿੰਦਗੀ ਦੀ ਉਹ ਘਟਨਾ ਹੈ ਜਿਸ ਤੋਂ ਅੱਡ ਨਹੀਂ ਹੋਇਆ ਜਾ ਸਕਦਾ। ਇਸ ਦਾ ਸਰੋਕਾਰ ਹਰ ਉਸ ਵਿਅਕਤੀ ਨਾਲ ਹੈ ਜੋ ਮਾਂ ਬੋਲੀ ਨਾਲ ਪੰਘੂੜੇ ਤੋਂ ਕਬਰ ਤੱਕ ਜੁੜਿਆ ਰਹਿੰਦਾ ਹੈ। ਮਾਤ-ਭਾਸ਼ਾ ਦਾ ਸਬਕ ਕੇਵਲ ਗਿਆਨ ਦੇ ਸੰਚਾਰ ਦਾ ਮੌਕਾ ਹੀ ਨਹੀਂ ਸਗੋਂ ਇਹ ਤਾਂ ਬੰਦੇ ਦੀ ਜ਼ਿੰਦਗੀ ਦੀ ਸ੍ਰੀ ਗਣੇਸ਼ ਹੁੰਦੀ ਹੈ। ਸਾਹਿਤ ਕੌਮ ਦਾ ਦਿਲ ਕਿਹਾ ਗਿਆ ਹੈ ਪਰ ਭਾਸ਼ਾ ਬਿਨਾ ਸਾਹਿਤ ਦੀ ਹੋਂਦ ਨਹੀਂ-"ਬੋਲੀ ਨਾ ਰਹੀ ਤਾਂ ਕਵਿਤਾਵਾਂ ਰੁਲ ਜਾਣਗੀਆਂ- ਮਾਵਾਂ ਦੀਆਂ ਲੋਰੀਆਂ ਦੁਆਵਾਂ ਰੁਲ ਜਾਣਗੀਆਂ। "

ਪੰਜਾਬ ਕਿਸੇ ਵੇਲ ਸੱਤ ਦਰਿਆਵਾਂ ਦੀ ਧਰਤੀ ਨੂੰ ਸੀ ਜਿਸ ਨੂੰ ਸਪਤ ਸਿੰਧੂ ਕਿਹਾ ਜਾਂਦਾ ਰਿਹਾ ਹੈ। ਫੇਰ ਪੰਜ ਦਰਿਆਵਾਂ ਦਾ ਪੰਜਾਬ ਹੋ ਗਿਆ। 1947 ਦੀ ਵੰਡ ਨੇ ਹੋਰ ਛਾਂਗ ਦਿੱਤਾ। 1966 ਵਿੱਚ ਭਾਸ਼ਾ ਦੇ ਅਧਾਰ ਤੇ ਬਣਿਆ ਪੰਜਾਬ ਸੂਬਾ ਹਿਮਾਚਲ ਪ੍ਰਦੇਸ਼ ਤੇ ਹਰਿਆਣਾ ਵੀ ਗੁਆ ਬੈਠਾ। ਭਾਸ਼ਾ ਅਜੇ ਵੀ ਪੰਜਾਬੀਆਂ ਲਈ ਮਸਲਾ ਬਣੀ ਹੋਈ ਹੈ। ਪੰਜਾਬ ਦੇ ਪਹਿਲਾਂ ਕਈ ਟੁਕੜੇ ਹੋਏ। ਹੁਣ ਪੰਜਾਬ ਕਈ ਟੁਕੜਿਆਂ 'ਚ ਬਾਹਰਲੇ ਦੇਸ਼ਾਂ 'ਚ ਆ ਵੱਸਿਆ।

ਪੰਜਾਬ ਗੁਲਾਬ ਦੀਆਂ ਕਲਮਾਂ ਬਦੇਸ਼ਾਂ 'ਚ ਲੱਗਿਆਂ, ਖਿੜੀਆਂ ਤੇ ਮਹਿਕੀਆਂ। ਪੰਜਾਬੀ ਵੀ ਵਸਣ ਨਾਲ ਬੋਲੀ ਵੀ ਵਸੇ ਤੇ ਵਿਕਾਸ ਕਰੇ। ਇਸ ਵਾਸਤੇ ਸਿਰਫ ਝੰਡਾਗੀਰੀ ਕਰਨ ਨਾਲੋਂ ਅਮਲੀ ਕੰਮ ਕਰਨ ਦੀ ਜ਼ਰੂਰਤ ਹੈ। ਅਮਰੀਕਾ ਉਹ ਦੇਸ਼ ਹੈ ਜਿਸ ਨੂੰ Walt Whitman kihmdf ਹੈ" Here is not merely a nation but a teeming nation of nations" ਇਹ ਪੰਜਾਬੀਆਂ ਦੇ ਨਿਸ਼ਚੇ ਅਤੇ ਭਵਿੱਖ -ਦ੍ਰਿਸ਼ਟੀ ਤੇ ਨਿਰਭਰ ਕਰਦਾ ਹੈ ਕਿ ਉਹ ਇਸ "teeming nation of nations" ਆਪਣੀ ਸੰਪੂਰਣ ਸਥਾਪਤੀ ਲਈ ਕਿੰਨੇ ਕੁ ਸੁਹਿਰਦ ਯਤਨ ਕਰਦੇ ਨੇ। ਪੰਜਾਬੀ ਭਾਸ਼ਾ 'ਚ ਤਾਂ ਬੜੀ ਸਮਰਥਾ ਹੈ। ਪੰਜਾਬੀਆਂ'ਚ ਕਿੰਨੀ ਕੁ ਸਮਰਥਾ ਹੈ ,ਇਹ ਉਨ੍ਹਾਂ ਨੂੰ ਸਾਬਤ ਕਰਨਾ ਪਏਗਾ।

ਰਸੂਲ ਹਮਜ਼ਾਤੋਵ ਦਾ ਕਥਨ ਹੈ, "ਕੌਮ ਦੀਆਂ ਬੋਲੀਆਂ ਆਕਾਸ਼ ਵਿਚਲੇ ਸਿਤਾਰਿਆਂ ਵਾਂਗ ਹਨ। ਮੈਂ ਨਹੀਂ ਚਾਹੁੰਦਾ ਕਿ ਸਾਰੇ ਸਿਤਾਰੇ ਇੱਕ ਵੱਡੇ ਸਾਰੇ ਸਿਤਾਰੇ ਵਿੱਚ ਮਿਲ ਕੇ ਇੱਕ ਹੋ ਜਾਣ ਜਿਸਨੇ ਅੱਧਾ ਅਕਾਸ਼ ਘੇਰਿਆ ਹੋਵੇ। ਇਸ ਕੰਮ ਲਈ ਸੂਰਜ ਹੈ। ਪਰ ਅਕਾਸ਼ ਵਿੱਚ ਸਿਤਾਰੇ ਵੀ ਚਮਕਣੇ ਚਾਹੀਦੇ ਹਨ। ਹਰ ਕੌਮ ਨੂੰ ਆਪਣਾ ਸਿਤਾਰਾ ਰੱਖਣ ਦਿਉ। " ਪੰਜਾਬੀ ਕੌਮ ਨੂੰ ਆਪਣਾ ਸਿਤਾਰਾ ਰੱਖਣ ਲਈ ਰਸੂਲ ਹਮਜ਼ਾਤੋਵ ਵਰਗੇ ਜ਼ਜ਼ਬੇ ਦੀ ਲੋੜ ਹੈ, ਤਾਂ ਹੀ ਪੰਜਾਬੀ ਭਾਸ਼ਾ ਸੀ ਮੁਹਿੰਮ ਜਿੱਤੀ ਜਾ ਸਕਦੀ ਹੈ।

**ਹਰਜਿੰਦਰ ਕੰਗ**
**559-917-4890**

## ਵਤਨ ਦੀਏ ਮਿੱਟੀਏ ਨੀ

ਵਤਨ ਦੀਏ ਮਿਟੀਏ ਨੀ, ਛੱਡ ਤੈਨੂੰ ਹੋਏ ਆਂ ਦੂਰ ।
ਮਾਂ ਤੈਨੂੰ ਛੱਡਣ ਲਈ, ਬੰਦੇ ਹੋਈ ਜਾਂਦੇ ਨੇ ਮਜਬੂਰ ।

ਥੋੜ ਨਹੀਂ ਪਿੰਡੇ ਤੇਰੇ ਹੀਰੇ, ਜਵਾਹਰ, ਮੋਤੀਆਂ ਦੀ,
ਨਾਂ ਹੀ ਕਮੀ ਕੋਲਾ, ਲੋਹਾ,ਸੋਨਾ ਤੇ ਦਾਲ ਰੋਟੀਆਂ ਦੀ ।
ਜੰਮਦੀ ਹੈ ਤੂੰ ਜੋ ਵੀ ਸ਼ੈਅ, ਹੁੰਦੇ ਕਾਬਜ਼ ਬੰਦੇ ਕਰੂਰ,
ਵਤਨ ਦੀਏ ਮਿਟੀਏ ਨੀ, ਛੱਡ ਤੈਨੂੰ ਹੋਏ ਆਂ ਦੂਰ ।

ਜਲ ਦੀ ਕੋਈ ਥੋੜ ਨਹੀਂ, ਥਲ ਦੀ ਕੋਈ ਥੋੜ ਨਹੀਂ,
ਧੰਨ ਦੀ ਕੋਈ ਥੋੜ ਨਹੀਂ, ਅੰਨ ਦੀ ਕੋਈ ਥੋੜ ਨਹੀਂ ।
ਹੁੰਦੀ ਜਦ ਕਾਣੀ ਵੰਡ, ਭੱਜ ਜਾਂਦਾ ਏ ਮੋਹ ਤੇ ਸਰੂਰ,
ਵਤਨ ਦੀਏ ਮਿਟੀਏ ਨੀ, ਛੱਡ ਤੈਨੂੰ ਹੋਏ ਆਂ ਦੂਰ ।

ਲੁੱਟ ਲਏ ਖਨਿਜ ਤੇਰੇ, ਲੁੱਟ ਖਾਨਿਆਂ ਦੀ ਢਾਣੀ ਨੇ,
ਕੀਤਾ ਕਿਰਤੀ ਕੰਗਾਲ,ਝੂਠੇ ਨਿਯਮਾਂ ਦੀ ਕਹਾਣੀ ਨੇ।
ਉਲਜਾਏ ਜਾਲ ਕਰਮਾਂ ਦੇ, ਹੋਏ ਲੰਬੇ ਵਾਂਗ ਖਜੂਰ,
ਵਤਨ ਦੀਏ ਮਿਟੀਏ ਨੀ, ਛੱਡ ਤੈਨੂੰ ਹੋਏ ਆਂ ਦੂਰ ।

ਬੱਚੇ ਅਨਮੋਲ ਪੂੰਜੀ, ਚੱਕਰਾਂ 'ਚ' ਲੀਡਰਾਂ ਪਾਏ ਨੇ,
ਪੜ ਲਿਖ ਰੋਜ਼ਗਾਰ ਨਹੀਂ,ਭੈੜੇ ਨਸ਼ਿਆਂ ਤੇ ਲਾਏ ਨੇ।
ਛੱਡ-ਛੱਡ ਜੋ ਵਿਦੇਸ਼ ਆਏ, ਹੋਏ ਮੇਹਨਤੀ ਤੇ ਮਸ਼ਹੂਰ,
ਵਤਨ ਦੀਏ ਮਿਟੀਏ ਨੀ, ਛੱਡ ਤੈਨੂੰ ਹੋਏ ਆਂ ਦੂਰ ।

ਸ਼ਹੀਦੀ ਦਿਤੀ ਯੋਧਿਆਂ,ਅਜ਼ਾਦ ਤੈਨੂੰ ਪਾਉਣ ਲਈ,
ਖ਼ੂਨ ਡੋਲਿਆ ਪ੍ਰਵਾਨਿਆਂ, ਲੁੱਟ ਤੋਂ ਬਚਾਉਣ ਲਈ ।
ਤੈਨੂੰ ਵੇਖ ਕੋਝੇ ਹਾਕਮਾਂ ਹੱਥ ਦਿਲ ਹੁੰਦਾ ਚਕਨਾਚੂਰ,
ਵਤਨ ਦੀਏ ਮਿਟੀਏ ਨੀ, ਛੱਡ ਤੈਨੂੰ ਹੋਏ ਆਂ ਦੂਰ ।
ਕੁਰਲਾਟ ਪਈ ਦੇਸ਼ ਵਿਚ, ਨਹੀਓਂ ਹੁੰਦੀ ਜ਼ਰ ਮਾਂ,



ਭਾਗੋਆਂ ਨੂੰ ਲਾਹ ਸਿਰੋਂ,
ਪੱਤਵਾਰ ਲਾਲੋ ਧਰ ਮਾਂ ।
ਸਜਾ ਫੁਲਵਾੜੀ ਐਸੀ,
ਖੁਸ਼ਬੋ ਦੇਵੇ ਇਹ ਭਰਪੂਰ,
ਵਤਨ ਦੀਏ ਮਿਟੀਏ ਨੀ,
ਛੱਡ ਤੈਨੂੰ ਹੋਏ ਆਂ ਦੂਰ ।

**– ਰਬਿੰਦਰ ਸ਼ਰਮਾ**

## ਕੋਰੋਨਾ ਵਾਇਰਸ

ਪੂਰੀ ਧਰਤੀ ਉੱਤੇ ਅਫ਼ਰਾ- ਤਫ਼ਰੀ ਹੈ
ਇਹ ਕੀ ਚੰਦ ਚੜਾਏ ਕੋਰੋਨਾ ਵਾਇਰਸ ਨੇ

ਟ੍ਰੇਨਾਂ ਟਰੂਨਾ ਦੀ ਤਾਂ ਗੱਲ ਇੱਕ ਪਾਸੇ ਰਹੀ
ਜਹਾਜ ਬੰਦ ਕਰਵਾਏ ਕੋਰੋਨਾ ਵਾਇਰਸ ਨੇ

ਵਿੱਚ ਅਕਾਸ਼ ਦੇ ਲੋਕ ਜੋ ਉੱਡੀ ਫਿਰਦੇ ਸਨ
ਮੰਜਿਆਂ ਉੱਤੇ ਪਾਏ ਕੋਰੋਨਾ ਵਾਇਰਸ ਨੇ

ਅਮੀਰ ,ਗਰੀਬ ,ਮਾੜੇ ਜਾਂ ਹੋਣ ਰਿਸ਼ਟਪੁਸ਼ਟ
ਸੱਭ ਦੇ ਹੌਸਲੇ ਢਾਏ ਕੋਰੋਨਾ ਵਾਰਿਰਸ ਨੇ

ਵਲਡ ਵਾਰ ਦੀ ਏਥੇ ਨਹੀ ਕੋਈ ਚਰਚਾ ਸੀ
ਇਹ ਕੀ ਬੰਬ ਵਰਸਾਏ ਕੋਰੋਨਾ ਵਾਇਰਸ ਨੇ

ਅਪਣੀ ਚਾਲੇ ਸੱਭ ਕੁੱਝ ਏਥੇ ਚਲ ਰਿਹਾ ਸੀ
ਥਾਂ ਥਾਂ ਭੜਥੂ ਪਾਏ ਕੋਰੋਨਾ ਵਾਇਰਸ ਨੇ

ਧੁਰ ਅੰਦਰ ਤੱਕ ਹਰ ਕੋਈ ਡਰਿਆ ਲਗਦਾ ਹੈ
ਮੂੰਹ 'ਤੇ ਮਾਸਕ ਪੁਆਏ ਕੋਰੋਨਾ ਵਾਇਰਸ ਨੇ

ਲਗਾਤਾਰ ਮਨਹੂਸ ਖ਼ਬਰਾਂ ਆ ਰਹੀਆਂ
ਕਿੰਨੇ ਮਾਰ ਮੁਕਾਏ ਕੋਰੋਨਾ ਵਾਇਰਸ ਨੇ

ਹਜ਼ਾਰਾਂ ਮਰ ਗਏ ਤੇ ਹਨ ਕਈ ਬਿਮਾਰ ਅਜੇ
ਬਹੁਤ ਹੀ ਕਹਿਰ ਢਾਏ ਕੋਰੋਨਾ ਵਾਇਰਸ ਨੇ

ਦੇਸ਼ ਬਦੇਸ਼ 'ਚ ਬੱਚੇ ਜਿਨਾ ਦੇ ਪੜਣ ਗਏ
ਮਾਪੇ ਫ਼ਿਕਰ 'ਚ ਪਾਏ ਕੋਰੋਨਾ ਵਾਇਰਸ ਨੇ

ਮੁਸਕਰਾਂਉਂਦੇ ,ਹੱਸਦੇ ਅਤੇ ਹਸਾਉਂਦਿਆਂ ਦੀ
ਕਰਵਾ ਦਿੱਤੀ ਹਾਏ ਹਾਏ ਕੋਰੋਨਾ ਵਾਇਰਸ ਨੇ

ਟੇਰਕਿਆਨਾ ਹਰ ਕੋਈ ਭੈਅ ਭੀਤ ਹੋਇਆ
ਏਨੇ ਲੋਕ ਡਰਾਏ ਕੋਰੋਨਾ ਵਾਇਰਸ ਨੇ

**– ਰਘਵੀਰ ਸਿੰਘ ਟੇਰਕਿਆਨਾ**
91-98141-73402

# "ਪੰਜਾਬੀ ਲੋਕਧਾਰਾ ਦੇ ਵਿਸਰਦੇ ਵਰਤਾਰੇ" 'ਤੇ ਇਕ ਨਜ਼ਰ

ਡਾਕਟਰ ਪ੍ਰਿਤਪਾਲ ਸਿੰਘ ਇਕ ਯੋਗ ਅਧਿਆਪਕ , ਇਕ ਸੁਹਿਰਦ ਇਨਸਾਨ ਤੇ ਸਮਰੱਥਾਵਾਨ ਆਲੋਚਕ ਹਨ ਜਿਨ੍ਹਾਂ ਨੇ ਸਾਹਿਤ ਸਮੀਖਿਆ ਤੇ ਲੋਕਧਾਰਾ ਦੇ ਵਿਭਿੰਨ ਪੱਖਾਂ ਉਪੱਰ ਨਿੱਠ ਕੇ ਚਰਚਾ ਕੀਤੀ ਹੈ। ਉਨ੍ਹਾਂ ਦੀ ਨਵੀਂ ਪੁਸਤਕ "ਪੰਜਾਬੀ ਲੋਕ ਧਾਰਾ ਦੇ ਵਿਸਰਦੇ ਵਰਤਾਰੇ " ਲੋਕ ਕਚਹਿਰੀ ਵਿਚ ਹਾਜ਼ਰ ਹੋਈ ਹੈ। ਇਸ ਪੁਸਤਕ ਦੇ ਹੋਂਦ ਵਿਚ ਆਉਣ ਦਾ ਕਾਰਨ ਲੇਖਕ ਅਨੁਸਾਰ ਇਹ ਹੈ ਕਿ ਸਮੇ ਦੇ ਨਾਲ ਨਾਲ ਪਰਿਵਰਤਨ ਵਾਪਰਨਾ ਇਕ ਸੁਭਾਵਿਕ ਵਰਤਾਰਾ ਹੈ ਜਿਸ ਦੇ ਸਿੱਟੇ ਵਜੋਂ ਬੜਾ ਕੁਝ ਨਵਾਂ ਆਉਂਦਾ ਹੈ ਤੇ ਪੁਰਾਣਾ ਵਿਸਰਦਾ ਹੈ ਜਾਂ ਆਖ ਲਵੋ ਕਿ ਸ਼ੇ ਦੀ ਧੂੜ ਵਿਚ ਗੁਆਚ ਜਾਂਦਾ ਹੈ। ਲੇਖਕ ਨੂੰ ਸਮਕਾਲੀ ਜੀਵਨ ਵਿਚੋਂ ਪੰਜਾਬੀ ਸੱਭਿਆਚਾਰ ਤੇ ਲੋਕਧਾਰਾ ਨਾਲ ਜੁੜੇ ਵਰਤਾਰਿਆਂ ਦੇ ਲੋਪ ਹੋ ਜਾਣ , ਵਿਸੱਰ ਜਾਣ ਨੇ ਹੀ ਇਸ ਪੁਸਤਕ ਨੂੰ ਰਚਣ ਵੱਲ ਪ੍ਰੇਰਿਆ ਹੈ। ਮਾਨਸਿਕ ਤੌਰ ਤੇ ਡਾਕਟਰ ਸਾਹਿਬ ਸਵੀਕਾਰ ਕਰਦੇ ਹਨ ਕਿ ਸਮੇਂ ਦੇ ਬਦਲਣ ਨਾਲ ਅਜਿਹਾ ਹੋਣਾ ਹੀ ਹੁੰਦਾ ਹੈ ਪਰ ਉਨ੍ਹਾਂ ਅੰਦਰ ਬੈਠਾ ਇਕ ਸੰਵੇਦਨਸ਼ੀਲ ਵਿਅਕਤੀ ਜੋ ਪੰਜਾਬੀ ਸੱਭਿਆਚਾਰ ਤੇ ਲੋਕਧਾਰਾ ਨਾਲ ਪ੍ਰਣਾਇਆ ਹੋਇਆ ਹੈ , ਇਹ ਮਹਿਸੂਸ ਕਰਦਾ ਹੈ ਕਿ ਭਾਵੇਂ ਉਹ ਇਸ ਪਰਿਵਰਤਨ ਨੂੰ ਰੋਕ ਤਾਂ ਨਹੀਂ ਸਕਦਾ ਪਰ ਲੋਕਜੀਵਨ ਵਿਚੋਂ ਵਿਸੱਰ ਰਹੇ ਵਰਤਾਰਿਆਂ ਨੂੰ ਲੋਕਾਂ ਦੇ ਚੇਤਿਆਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਆਪਣਾ ਸਥਾਨ ਬਣਾਈ ਰੱਖਣ ਵਿਚ ਕੁਝ ਯੋਗਦਾਨ ਤਾਂ ਪਾ ਹੀ ਸਕਦਾ ਹੈ। ਸੋ ਲੇਖਕ ਦੀ ਇਸੇ ਸੋਚ ਸਦਕਾ ਇਹ ਪੁਸਤਕ ਪੰਜਾਬੀਆਂ ਦੀ ਝੋਲੀ ਪਈ ਹੈ।

ਡਾਕਟਰ ਪ੍ਰਿਤਪਾਲ ਸਿੰਘ ਬੜਾ ਲੰਬਾ ਅਰਸਾ ਪੰਜਾਬੀ ਸੱਭਿਆਚਾਰ ਤੇ ਲੋਕਧਾਰਾ ਦੇ ਅਧਿਆਪਨ ਨਾਲ ਜੁੜੇ ਰਹੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਲੋਕਧਾਰਾ ਨਾਲ ਜੁੜਿਆ ਹਰੇਕ ਵਰਤਾਰਾ ਮਨੁੱਖੀ ਮਨ ਦੀ ਸਿਰਜਣਾ ਹੁੰਦਾ ਹੈ। ਇਸੇ ਕਰਕੇ ਇਸ ਵਿਚੋਂ ਲੋਕਮਨ ਦੇ ਸਹਿਜੇ ਹੀ ਦਰਸ਼ਨ ਹੋ ਜਾਂਦੇ ਹਨ। ਲੋਕਧਾਰਾ ਨਾਲ ਜੁੜੇ ਵਰਤਾਰਿਆਂ ਵਿਚ ਆਪਮੁਹਾਰਾਪਣ, ਮੌਲਿਕਤਾ , ਸਹਿਜਤਾ ਤੇ ਸੁਹਜਾਤਮਕਤਾ ਦੇ ਗੁਣਾਂ ਦਾ ਹੋਣਾ ਜ਼ਰੂਰੀ ਹੈ। ਇਨ੍ਹਾਂ ਗੁਣਾਂ ਕਾਰਨ ਹੀ ਮਨੁੱਖੀ ਮਨ ਦੀਆਂ ਇਨ੍ਹਾਂ ਸਿਰਜਣਾਵਾਂ ਨੂੰ ਲੋਕ ਪ੍ਰਵਾਨਗੀ ਸਹਿਜੇ ਹੀ ਹਾਸਲ ਹੋ ਜਾਂਦੀ




ਹੈ। ਲੋਕਧਾਰਾ ਨਾਲ ਜੁੜੇ ਇਹ ਵਰਤਾਰੇ ਜਿੱਥੇ ਜ਼ਿੰਦਗੀ ਨੂੰ ਖੂਬਸੂਰਤੀ ਬਖਸ਼ਦੇ ਹਨ ਉੱਥੇ ਸ਼ਿੱਦਤ ਨਾਲ ਜਿਉਣ ਦਾ ਰਾਹ ਵੀ ਵਿਖਾਉਂਦੇ ਆਏ ਹਨ। ਪਰ ਸੱਭਿਅਤਾ ਦੇ ਵਿਕਾਸ ਵਿਚ ਆਈ ਤਕਨੀਕੀ ਤੇ ਪਦਾਰਥਕ ਤੱਰਕੀ ਨੇ ਅਜੋਕੇ ਮਨੁੱਖ ਨੂੰ ਅਜਿਹਾ ਆਪਣੇ ਵੱਲ ਖਿੱਚਿਆ ਹੈ ਕਿ ਉਹ ਆਪਣੀਆਂ ਸਾਂਝਾਂ, ਆਪਸੀ ਭਾਈਚਾਰਾ, ਮੇਲ ਮਿਲਾਪ, ਗੱਲ ਕੀ ਆਪਣੀਆਂ ਜੜ੍ਹਾਂ ਤੋਂ ਹੀ ਉਖੜਦਾ ਨਜ਼ਰ ਆ ਰਿਹਾ ਹੈ। ਇਸੇ ਫ਼ਿਕਰਮੰਦੀ ਵਿਚੋਂ ਹੀ ਇਹ ਪੁਸਤਕ ਰੂਪ ਧਾਰਦੀ ਨਜ਼ਰ ਆਉਂਦੀ ਹੈ।

ਲੇਖਕ ਨੇ ਇਸ ਪੁਸਤਕ ਨੂੰ ਪੰਜ ਭਾਗਾਂ ਵਿਚ ਵੰਡਿਆ ਹੈ। ਵਿਸ਼ੇਸ ਗੱਲ ਇਹ ਹੈ ਕਿ ਲੇਖਕ ਵਿੱਸਰ ਰਹੇ




ਵਰਤਾਰਿਆਂ ਦੀ ਗੱਲ ਕਰਨ ਲੱਗਾ ਉਨ੍ਹਾਂ ਦੇ ਪਿਛੋਕੜ ਵਿਚ ਲੋਕਗੀਤਾਂ ਨੂੰ ਰੱਖਦਾ ਹੈ ਜਿਸ ਨਾਲ ਵਧੇਰੇ ਪ੍ਰਭਾਵ ਪੈਂਦਾ ਹੈ। ਪਹਿਲੇ ਭਾਗ ੳ ਵਿਚ ਉਹ ਔਰਤਾਂ ਦੇ ਲੋਕਨਾਚ ਤੇ ਲੋਕਗੀਤਾਂ ਨਾਲ ਸਾਂਝ ਪਵਾਉਂਦਾਂ ਹੈ ਜਿਵੇਂ ਤ੍ਰਿੰਞਣ, ਕਿੱਕਲੀ, ਹੇਅਰਾ, ਛੱਜ ਕੁੱਟਣਾ, ਜਾਗੋ, ਥਾਲ ਆਦਿ। ਇਨ੍ਹਾਂ ਵਿਚੋਂ ਬਹੁਤਿਆਂ ਤੋਂ ਆਪਾਂ ਜਾਣੂ ਨਹੀਂ ਜਿਵੇਂ ਹੇਅਰਾ ਵਿਆਹ ਦੇ ਅਵਸਰ ਤੇ ਗਾਇਆ ਜਾਂ ਵਾਲਾ ਲੰਬੀ ਹੇਕ ਦਾ ਲੋਕਗੀਤ ਹੈ ਜੋ ਤੁਕਾਂ ਵਾਲਾ , ਸੰਬੋਧਨੀ ਸੁਰ ਵਾਲਾ ਵਿਲੱਖਣ ਗਾਇਨ ਸ਼ੈਲੀ ਵਾਲਾ ਹੈ। ਛੱਜ ਕੁੱਟਣਾ ਵੀ ਵਿਆਹ ਨਾਲ ਸੰਬੰਧਤ ਇਸਤਰੀਆਂ ਦਾ ਇਕ ਲੋਕਨਾਚ ਹੈ ਜਿਸਨੂੰ ਅੱਜ ਗਿੱਧੇ ਵਿਚ ਹੀ ਸ਼ਾਮਲ ਕਰ ਲਿਆ ਗਿਆ ਹੈ। ਦੂਜੇ ਭਾਗ ਅ ਵਿਚ ਲੋਕ ਲੋੜਾਂ, ਲੋਕ ਕਲਾ ਤੇ ਲੋਕ ਸੰਦਾਂ ਨਾਲ ਜੁੜੇ ਵਰਤਾਰੇ ਦੀ ਗੱਲ ਕਰਦਿਆਂ ਸਾਡੇ ਚੇਤੇ ਵਿਚੋਂ ਵਿੱਸਰ ਗਈਆਂ ਹੋਲਾਂ, ਚੁੱਲ੍ਹਾ ਚੌਕਾ, ਦੁੱਧ ਕਾੜ੍ਹਨ ਵਾਲਾ ਹਾਰਾ, ਦਾਣੇ ਭੁੰਨਣ ਵਾਲੀ ਭੱਠੀ, ਆਟਾ ਪੀਸਣ ਵਾਲੀ ਚੱਕੀ, ਦੁੱਧ ਰਿੜਕਣ ਵਾਲੀ ਮਧਾਣੀ, ਪੂਣੀਆਂ ਤੇ ਕੱਤੇ ਹੋਏ ਗਲੋਟੇ ਰੱਖਣ ਵਾਲੀ ਕੱਤਣੀ ਜਿਸਨੂੰ ਪੱਛੀ ਵੀ ਕਿਹਾ ਜਾਂਦਾ ਸੀ ਬਾਰੇ ਜਾਣਕਾਰੀ ਦਿੱਤੀ ਹੈ। ਭਾਗ ਤੀਜੇ ਵਿਚ ਲੋਕ ਰਸਮਾਂ ਦਾ ਜ਼ਿਕਰ ਹੈ ਜਿਵੇਂ ਬੱਚੇ ਦੇ ਜਨਮ ਤੇ ਜੋ ਗੀਤ ਗਾਏ ਜਾਂਦੇ ਸਨ ਉਨ੍ਹਾਂ ਨੂੰ ਹਰਿਆ ਕਿਹਾ ਜਾਂਦਾ ਸੀ, ਇੰਜ ਹੀ ਘੜੋਲੀ ਭਰਨਾ, ਖਾਰੇ ਚੜ੍ਹਨਾ, ਕਲੀਰੇ ਬੰਨਣਾ ਆਦਿ ਰਸਮਾਂ ਦਾ ਜ਼ਿਕਰ ਹੈ. ਭਾਗ ਚੌਥੇ ਵਿਚ ਹਾਰ ਸ਼ਿੰਗਾਰ ਨਾਲ ਜੁੜੀਆਂ ਵਸਤਾਂ ਜਿਵੇਂ ਪਰਾਂਦੇ, ਸੁਰਮਾਂ, ਝਾਂਝਰਾਂ ਤੇ ਕੱਢੇ ਹੋਏ ਰੁਮਾਲਾਂ ਦਾ ਜ਼ਿਕਰ , ਉਨ੍ਹਾਂ ਦੇ ਬਣਨ ਦੇ ਢੰਗ ਤੇ ਲੋਕ ਜੀਵਨ ਵਿਚ ਉਨ੍ਹਾਂ ਦੇ ਮਹੱਤਵ ਦੀ ਚਰਚਾ ਕੀਤੀ ਹੈ। ਪੰਜਵਾਂ ਭਾਗ ਲੋਕਨਾਟ, ਮਨੋਰੰਜਨ ਤੇ ਲੋਕ ਪੇਸ਼ਕਾਰੀਆਂ ਨਾਲ ਸੰਬੰਧਿਤ ਹੈ। ਇਸ ਭਾਗ ਵਿਚ ਕਬੂਤਰਾਂ ਬਾਰੇ, ਲੋਕ ਕਾਵ ਕਸੀਦੇ ਬਾਰੇ, ਨਕਲਾਂ ਬਾਰੇ, ਸੰਵਾਂਗ, ਕਠਪੁਤਲੀਆਂ ਤੇ ਨੌਟੰਕੀ ਬਾਰੇ, ਭਰਭੂਰ ਜਾਣਕਾਰੀ ਦਿੱਤੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਉਪਰੋਕਤ ਵਿੱਸਰ ਗਏ ਵਰਤਾਰਿਆਂ ਨੂੰ ਅੱਜ ਕਲ ਅਜਾਇਬ ਘਰਾਂ ਵਿਚ ਜਾ ਖਾਣ ਪੀਣ ਲਈ ਉਸਰੀਆਂ ਨਵੀਆਂ ਹਵੇਲੀਆਂ ਵਿਚ ਕੁਝ ਹੱਦ ਤੱਕ ਲੋਕਾਂ ਦੇ ਰੂਬਰੂ ਕੀਤਾ ਜਾ ਰਿਹਾ ਹੈ ਪਰ ਲੋਕਧਾਰਾ ਵਿਚ ਉਨ੍ਹਾਂ ਦੀ ਬਣਤਰ, ਉਨ੍ਹਾਂ ਦੀ ਮਹੱਤਤਾ ਤੇ ਉਨ੍ਹਾਂ ਨਾਲ ਜੁੜੇ ਲੋਕ ਵਿਸ਼ਵਾਸਾਂ ਬਾਰੇ ਜਾਣਕਾਰੀ ਹਾਸਲ ਕਰਨੀ ਹੋਵੇ ਤਾਂ ਇਸ ਪੁਸਤਕ ਨੂੰ ਪੜ੍ਹਨ ਦੀ ਲੋੜ ਹੈ।

ਇਸ ਪੁਸਤਕ ਨੂੰ ਰਚਣ ਵਾਸਤੇ ਲੇਖਕ ਨੇ ਬਹੁਤ ਮਿਹਨਤ ਕੀਤੀ ਹੈ ,ਇਨ੍ਹਾਂ ਵਰਤਾਰਿਆਂ ਨਾਲ ਜੁੜੇ ਲੋਕਗੀਤਾਂ ਨੂੰ ਇਕੱਠਾ ਕਰਕੇ ਸਾਡੇ ਸਾਹਮਣੇ ਰੱਖਿਆ ਹੈ। ਨਿਰਸੰਦੇਹ ਇਹ ਡਾਕਟਰ ਸਾਹਿਬ ਦਾ ਸਲਾਉਹਣਯੋਗ ਉਪਰਾਲਾ ਹੈ ਜਿਸ ਰਾਹੀਂ ਉਨ੍ਹਾਂ ਸਾਨੂ ਆਪਣੇ ਵਿਰਸੇ ਨਾਲ ਜੋੜਨ ਦਾ ਯਤਨ ਕੀਤਾ ਹੈ। ਮੈਂ ਉਨਾ ਨੂੰ ਮੁਬਾਰਕਬਾਦ ਦਿੰਦਾ ਹਾਂ ਤੇ ਪਾਠਕਾਂ ਨੂੰ ਪੁਸਤਕ ਪੜ੍ਹਨ ਦੀ ਸਿਫਾਰਸ਼ ਕਰਦਾ ਹਾਂ।

**– ਪ੍ਰਬਿੰਦਰ ਸਿੰਘ (ਪ੍ਰੋ)**

# ਅੰਗਹੀਣਾਂ ਲਈ ਰਾਹ ਦਸੇਰਾ ਸੰਘਰਸ਼ੀ ਅਧਿਆਪਕ ਪਸ਼ੌਰਾ ਸਿੰਘ ਧਾਲੀਵਾਲ

ਕਈ ਇਨਸਾਨਾਂ ਅੰਦਰ ਐਸੇ ਗੁਣ ਹੁੰਦੇ ਹਨ ਕਿ ਉਨ੍ਹਾਂ ਦਾ ਹਰ ਕੋਈ ਸਤਿਕਾਰ ਕਰਦਾ ਹੈ। ਇਹੋ ਜਿਹਾ ਹੀ ਇਨਸਾਨ ਹੈ ਪਸ਼ੌਰਾ ਸਿੰਘ ਧਾਲੀਵਾਲ ਜੋ ਸਿੱਖਿਆ ਖੇਤਰ ਵਿੱਚ ਵਿਲੱਖਣ ਸੇਵਾ ਨਿਭਾ ਚੁੱਕਿਆ ਹੈ। ਉਸ ਦਾ ਜਨਮ ਮੱਧ-ਵਰਗੀ ਕਿਸਾਨ ਪਿਤਾ ਸ੍ਰ. ਜਾਗਰ ਸਿੰਘ ਦੇ ਘਰ ਮਾਤਾ ਸ੍ਰੀਮਤੀ ਗੁਰਦਿਆਲ ਕੌਰ ਦੀ ਕੁੱਖੋਂ ਨਾਭਾ ਤਹਿਸੀਲ ਦੇ ਪਿੰਡ ਹਿਆਣਾ ਖੁਰਦ (ਪਟਿਆਲਾ) ਵਿਖੇ 15 ਦਸੰਬਰ 1958 ਨੂੰ ਹੋਇਆ। ਉਸ ਨੇ ਮੁੱਢਲੀ ਪੜ੍ਹਾਈ ਸਰਕਾਰੀ ਹਾਈ ਸਕੂਲ ਮੰਡੌਰ ਤੋਂ ਪ੍ਰਾਪਤ ਕਰਕੇ ਦਸਵੀਂ ਤੱਕ ਦੀ ਪੜ੍ਹਾਈ ਮੁਬਾਰਕਪੁਰ (ਸੰਗਰੂਰ) ਤੋਂ ਮਾਰਚ 1977 'ਚ ਪੂਰੀ ਕਰ ਲਈ। ਸਕੂਲੀ ਸਿੱਖਿਆ ਪ੍ਰਾਪਤ ਕਰਨ ਦੌਰਾਨ ਉਸ ਨਾਲ ਦਰਦਨਾਕ ਭਿਆਨਕ ਹਾਦਸਾ ਵਾਪਰਨ ਕਾਰਨ ਉਸ ਦੀ ਸੱਜੀ ਬਾਂਹ ਕੱਟ ਗਈ ਪਰ ਉਨ੍ਹਾਂ ਕਦੇ ਵੀ ਹੌਸ਼ਲਾ ਨਹੀਂ ਛੱਡਿਆ। ਉਨ੍ਹਾਂ ਲਈ ਇਹ ਸ਼ੰਘਰਸ਼ੀ ਜੀਵਨ ਦੀ ਸ਼ੁਰੂਆਤ ਸੀ।ਪਰਿਵਾਰ ਦੀ ਆਰਥਿਕ ਮੰਦਹਾਲੀ ਕਰਕੇ ਦਸਵੀਂ ਤੋਂ ਬਾਅਦ ਪੀ.ਡਬਲਯੂ.ਡੀ. ਮਹਿਕਮੇ ਵਿੱਚ ਬਤੌਰ ਵਰਕ ਮੁਨਸੀ ਉਨ੍ਹਾਂ ਨੇ ਜੁਲਾਈ 1977 ਤੋਂ ਸਤੰਬਰ 1979 ਤੱਕ ਸੇਵਾ ਨਿਭਾਈ। ਉਨ੍ਹਾਂ ਦੀ ਨਿਯੁਕਤੀ ਬਤੌਰ ਕਲਰਕ ਸਿੱਖਿਆ ਵਿਭਾਗ 'ਚ ਹੋਣ ਤੇ ਉਨ੍ਹਾਂ ਨੇ ਸਰਕਾਰੀ ਹਾਈ ਸਕੂਲ ਪਾਤੜਾਂ ਵਿਖੇ 3 ਅਕਤੂਬਰ 1979 ਨੂੰ ਹਾਜ਼ਰੀ ਦੇ ਕੇ ਕਲੈਰੀਕਲ ਕੰਮ ਦੀ ਸੇਵਾ ਆਰੰਭ ਕੀਤੀ । ਉਹ ਅਗਲੇ ਸਾਲ 30 ਜਨਵਰੀ 1980 ਨੂੰ ਬਦਲੀ ਕਰਵਾ ਕੇ ਸ.ਹ.ਸ. ਮੰਡੌਰ ਵਿਖੇ ਆ ਗਏ। ਆਰਥਿਕ ਮਜਬੂਰੀਆਂ ਸਦਕਾ ਪੜ੍ਹਾਈ ਦੀ ਲਗਨ ਹੋਰ ਵਧ ਗਈ ਜਿਸ ਉਨ੍ਹਾ ਨੇ ਨੋਕਰੀ ਦੌਰਾਨ ਪ੍ਰਾਈਵੇਟ ਤੌਰ ਤੇ ਬੀ.ਏ. ਕਰ ਲਈ। ਉਨ੍ਹਾਂ ਦਾ ਵਿਆਹ ਸ੍ਰ.ਕਰਨੈਲ ਸਿੰਘ ਨਾਰੀਕੇ ਦੀ ਬੇਟੀ ਸੁਖਵਿੰਦਰ ਕੌਰ ਨਾਲ 1982 'ਚ ਹੋ ਗਿਆ। ਅਧਿਆਪਕ ਬਣਨ ਦੀ ਖਾਹਿਸ਼ ਕਰਕੇ ਉਨ੍ਹਾਂ ਨੇ ਸੀ.ਸੀ. ਰਾਹੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਬੀ.ਐੱਡ. 1989 'ਚ ਕਰ ਲਈ। ਸਿੱਖਿਆ ਵਿਭਾਗ 'ਚ ਅਧਿਆਪਕਾਂ ਦੀ ਭਰਤੀ ਵਿੱਚ ਉਨ੍ਹਾਂ ਦੀ ਮਹਿਕਮੇ ਰਾਹੀਂ ਅਪਲਾਈ ਕਰਨ ਸਦਕਾ 1997 'ਚ ਸਿੱਧੀ ਭਰਤੀ ਰਾਹੀਂ ਬਤੌਰ ਪੰਜਾਬੀ ਮਾਸਟਰ ਨਿਯੁਕਤੀ ਹੋ ਗਈ। ਉਨ੍ਹਾਂ ਆਪਣਾ ਅਧਿਆਪਨ ਕਾਰਜ ਸਰਕਾਰੀ ਹਾਈ ਸਕੂਲ ਮੰਡੌਰ ਵਿਖੇ ਹੀ ਬਤੌਰ ਪੰਜਾਬੀ ਮਾਸਟਰ 3 ਅਕਤੂਬਰ 1997 ਨੂੰ ਹਾਜ਼ਰੀ ਦੇ ਕੇ ਸ਼ੁਰੂ ਕੀਤਾ। ਅਧਿਆਪਕ ਮੰਗਾਂ ਅਤੇ ਸਿੱਖਿਆ ਸੁਧਾਰਾਂ ਸਬੰਧੀ ਚਿੰਤਤ ਪਸ਼ੋਰਾ ਸਿੰਘ ਧਾਲੀਵਾਲ ਦੀ ਕਾਬਲੀਅਤ ਦੇਖਦੇ ਹੋਏ ਅਧਿਆਪਕ ਦਲ ਪੰਜਾਬ ਵਲੋਂ ਉਨ੍ਹਾਂ ਨੂੰ ਸਟੇਟ ਪੱਧਰ ਦੀ ਸੀਨੀਅਰ ਮੀਤ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ। ਉਹ ਲੰਬੇ ਸਮੇਂ ਤੋਂ ਜਥੇਬੰਦੀ ਨੂੰ ਸੂਬਾ ਪੱਧਰ ਤੇ,ਵਿਸ਼ੇਸ਼ ਤੌਰ ਆਪਣੇ ਜਿਲ੍ਹੇ ਅੰਦਰੋਂ ਅਧਿਆਪਕ ਦਲ ਨੂੰ ਪੂਰਾ ਬਲ ਦੇਣ ਦੀ ਹਮੇਸ਼ਾਂ ਤਨ ਮਨ ਧਨ ਤੋਂ ਕੋਸ਼ਿਸ਼ ਕਰਦੇ ਆ ਰਹੇ ਹਨ। ਕਿਸੇ ਵੀ ਰੈਲੀ, ਰੋਸ ਮਾਰਚ ਆਦਿ 'ਚ ਜਾਣ ਸਮੇਂ ਆਪਣੇ ਜੱਥੇ 'ਚ ਜਾਣ ਵਾਲੇ ਅਧਿਆਪਕਾਂ ਲਈ ਘਰੋਂ ਖਾਣੇ ਦਾ ਪ੍ਰਬੰਧ ਕਰਕੇ ਨਾਲ ਲਿਜਾਣਾ ਉਨ੍ਹਾਂ ਦੀ ਸਮਾਜ ਸੇਵੀ ਭਾਵਨਾ ਦੀ ਹੀ ਨਿਸ਼ਾਨੀ ਹੈ। ਬਹੁਤ ਸਾਰੇ ਦੂਰ ਦੁਰਾਡੇ ਲੱਗੇ ਅਧਿਆਪਕਾਂ ਦੀ ਨੇੜੇ ਦੇ ਸਟੇਸ਼ਨਾਂ ਤੇ ਬਦਲੀ ਅਤੇ ਹੋਰ ਦਫਤਰੀ ਕੰਮਾਂ 'ਚ ਨੇਕ ਦਿਲੀ ਨਾਲ ਮਦਦ ਕਰਨ ਸਦਕਾ ਅਧਿਆਪਕ ਵਰਗ 'ਚ ਉਨ੍ਹਾਂ ਦਾ ਸਤਿਕਾਰ ਹੈ। ਉਨ੍ਹਾਂ ਨੇ ਕਈ ਦੂਰ ਨਵ-ਨਿਯੁਕਤ ਅਧਿਆਪਕਾਵਾਂ ਦੀਆਂ ਨੇੜੇ ਦੀਆਂ ਬਦਲੀਆਂ ਕਰਵਾਈਆਂ ਜਿੰਨ੍ਹਾਂ ਨੂੰ ਉਹ ਜਾਣਦੇ ਤੱਕ ਵੀ ਨਹੀਂ ਸੀ। ਉਨ੍ਹਾਂ ਨੇ ਆਪਣੀ ਇਕ ਬਾਂਹ ਗੁਆਉਣ ਦੇ ਬਾਵਜੂਦ ਆਪਣੀ ਲੋਕ ਭਲਾਈ ਉਸਾਰੂ ਸੋਚ ਸਦਕਾ ਅਨੇਕਾਂ ਬਾਹਵਾਂ ਆਪਣੇ ਮਿੱਤਰਾਂ, ਦੋਸਤਾਂ ਦੇ ਰੂਪ ਵਿੱਚ ਬਣਾਈਆਂ ਹਨ ਜਿਨ੍ਹਾਂ ਨੇ ਉਸ ਨੂੰ ਕਦੇ ਵੀ ਸੱਜੀ ਬਾਂਹ ਦੀ ਘਾਟ ਮਹਿਸੂਸ ਨਹੀਂ ਹੋਣ ਦਿੱਤੀ।



ਪਸ਼ੌਰਾ ਸਿੰਘ ਦੇ ਆਪਣੇ ਸਟਾਫ ਨਾਲ ਹਮੇਸ਼ਾਂ ਪਰਿਵਾਰਕ ਰਿਸਤੇ ਵਾਂਗ ਸੰਬੰਧ ਰਹੇ ਹਨ।ਲੋੜਵੰਦਾਂ ਵਿਦਿਆਰਥੀਆਂ ਦੀ ਵਰਦੀਆਂ, ਕਿਤਾਬਾਂ, ਕਾਪੀਆਂ, ਫੀਸ਼ਾਂ ਆਦਿ ਦੀ ਮਦਦ ਕਰਨ 'ਚ ਕਦੇ ਪਿੱਛੇ ਨਹੀਂ ਰਹੇ। ਇੱਕ ਦੁਰਘਟਨਾ ਗ੍ਰਸ਼ਤ ਕੌਮਾ 'ਚ ਪਏ ਬੱਚੇ ਦੇ ਇਲਾਜ ਲਈ ਉਨ੍ਹਾਂ ਨੇ ਵਿੱਤੀ ਮਦਦ ਦੇ ਕੇ ਇਲਾਜ ਕਰਵਾਇਆ। ਉਹ ਸਮਾਜ ਸੇਵਾ ਨੂੰ ਸਮਰਪਿਤ, ਮਿੱਠ-ਬੋਲੜਾ, ਹਲੀਮੀ ਦਾ ਪ੍ਰਤੀਕ, ਦੂਜਿਆਂ ਦੇ ਦੁੱਖ ਸੁੱਖ ਦਾ ਭਾਈਵਾਲ, ਅਤੇ ਮਿਲਣਸਾਰ ਸੁਭਾਅ ਵਾਲਾ ਇਨਸਾਨ ਹੈ। ਧਾਰਮਿਕ ਬਿਰਤੀ ਹੋਣ ਕਾਰਨ ਉਹ ਸਕੂਲ 'ਚ ਮੋਹਰੀ ਹੋ ਕੇ ਤਕਰੀਬਨ ਸਾਰੇ ਗੁਰਪੁਰਬ ਸਕੂਲ ਮੁੱਖੀ, ਸਟਾਫ, ਬੱਚਿਆਂ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸ਼ਰਧਾ ਪੂਰਵਕ ਮਨਾਉਂਦੇ ਰਹੇ ਹਨ। ਸਕੂਲ ਦੇ ਵਿਕਾਸ ਅਤੇ ਭਲਾਈ ਕੰਮਾਂ ਲਈ ਸਮੇਂ ਸਮੇਂ ਤੇ ਵਿੱਤੀ ਮਦਦ ਕਰਕੇ ਮੋਹਰੀ ਹੋ ਕੇ ਕੰਮ ਕਰਦੇ ਰਹੇ ਹਨ। ਇੱਕ ਨੇਕ ਵਿਲੱਖਣ ਸਖਸ਼ੀਅਤ ਹੋਣ ਦੇ ਨਾਤੇ ਉਹ ਅਧਿਆਪਕ, ਵਿਦਿਆਰਥੀ ਅਤੇ ਸਮਾਜ ਲਈ ਰੋਲ ਮਾਡਲ ਹੈ।ਪਿਛਲੇ ਸਾਲ ਸਕੂਲ 'ਚ ਉਨ੍ਹਾਂ ਦੇ ਵਿਸ਼ੇ ਦੇ ਸੌ ਪ੍ਰਤੀਸ਼ਤ ਨਤੀਜੇ ਦੀ ਵਧੀਆ ਕਾਰਗੁਜ਼ਾਰੀ ਸਦਕਾ ਮਾਨਯੋਗ ਸੱਕਤਰ ਸਕੂਲ ਸਿੱਖਿਆ ਪੰਜਾਬ ਵਲੋਂ ਪ੍ਰਸ਼ੰਸ਼ਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਾਈਵੇਟ ਤੌਰ ਤੇ ਹੀ ਐਮ.ਏ.(ਪੰਜਾਬੀ) ਦੀ ਉਚੇਰੀ ਪੜ੍ਹਾਈ ਕਰਨ ਦੀ ਲਗਨ ਤੋਂ ਸਹਿਜੇ ਹੀ ਉਸ ਦੇ ਅੰਦਰਲੇ ਗੂੜ ਗਿਆਨ ਦਾ ਪਤਾ ਲਗਦਾ ਹੈ। ਤਕਰੀਬਨ 22 ਸਾਲ ਤੋਂ ਵੱਧ ਦੀ ਮਾਣਮੱਤੀ ਸੇਵਾ ਇੱਕ ਹੀ ਸਕੂਲ ਵਿੱਚ ਨਿਭਾ ਕੇ 31 ਮਾਰਚ 2020 ਨੂੰ ਸ.ਸ.ਸ.ਸ.ਮੰਡੌਰ (ਪਟਿਆਲਾ) ਤੋਂ ਸੇਵਾ ਮੁਕਤ ਹੋ ਰਹੇ ਹਨ ।ਸਿੱਖਿਆ ਦੇ ਖੇਤਰ ਵਿੱਚ ਉਨ੍ਹਾਂ ਦੀਆਂ ਨਿਭਾਈਆਂ ਸ਼ਾਨਦਾਰ ਸੇਵਾਵਾਂ ਨੂੰ ਕਦਾਚਿਤ ਵੀ ਭੁਲਾਇਆ ਨਹੀਂ ਜਾ ਸਕਦਾ। ਉਹ ਆਪਣੇ ਭਰਾ ਬਿੱਕਰ ਸਿੰਘ ਦੇ ਪਰਿਵਾਰ ਨਾਲ ਸਾਂਝੇ ਪਰਿਵਾਰ 'ਚ ਆਪਣੇ ਪਰਿਵਾਰ ਨਾਲ ਨਾਲ ਰਹਿ ਰਹੇ ਹਨ। ਉਨ੍ਹਾਂ ਦੀ ਭਰਾ ਤੋਂ ਗੋਦ ਲਈ ਬੇਟੀ ਮਨਪ੍ਰੀਤ ਕੌਰ ਈ.ਟੀ.ਟੀ. ਅਧਿਆਪਕਾ ਵਿਆਹ ਉਪਰੰਤ ਆਪਣੇ ਅਧਿਆਪਕ ਪਤੀ ਤਰਸੇਮ ਸਿੰਘ ਤੇਜਾ ਨਾਲ ਆਪਣੇ ਪਰਿਵਾਰ ਅਜਨੌਦਾ ਕਲਾਂ 'ਚ ਖੁਸ਼ ਰਹਿ ਰਹੀ ਹੈ। ਉਨ੍ਹਾਂ ਦਾ ਬੇਟਾ ਜਸਪ੍ਰੀਤ ਸਿੰਘ ਧਾਲੀਵਾਲ ਆਪਣੀ ਪਤਨੀ ਹਰਪ੍ਰੀਤ ਕੌਰ ਅਤੇ ਬੇਟੇ ਇਸ਼ਾਨ ਸਿੰਘ ਨਾਲ ਮੈਲਬੋਰਨ (ਆਸਟ੍ਰੇਲੀਆ) ਵਿਖੇ ਰਹਿ ਰਹੇ ਹਨ। ਭਰਾਵਾਂ ਦਾ ਆਪਸੀ ਪਿਆਰ ਏਨਾ ਹੈ ਕਿ ਪਸ਼ੌਰਾ ਸਿੰਘ ਨੇ ਆਪਣੇ ਭਤੀਜੇ ਬਲਦੇਵ ਸਿੰਘ ਅਤੇ ਭਤੀਜੀ ਅਮਨਦੀਪ ਕੌਰ ਨੂੰ ਪੜ੍ਹਾਉਣ ਅਤੇ ਵਿਆਹ ਕਰਨ ਤੱਕ ਦੀ ਜ਼ਿੰਮੇਵਾਰੀ ਆਪ ਮੂਹਰੇ ਹੋ ਕੇ ਨਿਭਾਈ ਹੈ। 'ਹਾਸ਼ਮ ਫਤਿਹ ਨਸੀਬ ਉਹਨਾਂ ਨੂੰ ,ਜਿੰਨ੍ਹਾਂ ਹਿੰਮਤ ਯਾਰ ਬਣਾਈ' ਸਤਰਾਂ ਦੀ ਸ਼ੱਚਾਈ ਨੂੰ ਸ੍ਰ. ਪਸ਼ੌਰਾ ਸਿੰਘ ਧਾਲੀਵਾਲ ਨੇ ਕਰ ਦਿਖਾਇਆ ਹੈਪਰਮਾਤਮਾ ਉਨ੍ਹਾਂ ਨੂੰ ਹਮੇਸ਼ਾਂ ਚੜ੍ਹਦੀਕਲਾ ਅਤੇ ਸਮਾਜ ਦੀ ਹੋਰ ਵਧੇਰੇ ਸੇਵਾ ਕਰਨ ਦਾ ਬਲ ਬਖਸ਼ੇ।



**ਮੇਜਰ ਸਿੰਘ ਨਾਭਾ**
91-94635-53962



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop




**Buying or Selling any Business? Call Now 916-271-5404**

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




Indian Restaurant
For Sale In Stockton
All Equipment & Fixtures Included
Listing Price: $149,900




Smoke Shop for Sale in Sacramento
Monthly Gross Sales: $50K
Listing Price: $89,000




Gas Station, Liquor Store,
Deli, & Laundromat!
In Contra Costa County, CA
Listing Price: $1,200,000




Auto Repair & Lube Shop
Lot Size: 2000, Rent is ONLY $1500/mo.
Listing Price to $149,000
Sacramento, CA




Liquor Store for Sale in Santa Clara
Monthly Gross Sale: $90K
Listing Price: $649,000 plus Inventory




Subway
for Sale in Sacramento
Listing Price: $224,900




Indian Restaurant
for Sale in Sacramento
Listing Price: $149,000




Coffee Shop for Sale
Monthly Gross Sales: $25,000
Listing Price: $150,000




7Eleven
7 Eleven Store For Sale in Antioch, CA
Listing Price: $550,000




3 Bedroom 1 Bath Home on
10 Acre Lot
Listing Price: $1,500,000




BERKSHIRE HATHAWAY HOMESERVICES BH HS
Elite Real Estate
Home Services
**BERKSHIRE HATHAWAY**




*Have you been thinking of buying Rental Properties?*

Call me and I can help you buy Rental properties in Sacramento Area with positive Cash in your pocket every month. Tenants are paying off your rental property for you and putting extra money in your pocket! What else do you want! Everyday investors are buying a home to rent in Sacramento because there is high demand for rentals in Sacramento. If you want to invest in rental properties! Call meat 916-271-5404 or email me at banga.realtor@gmail.com

**OFFICE: 7412 ELSIE AVE., SACRAMENTO, CA 95828**